# ਚੌਮੁਖੀਆ ਇਬਾਰਤਾਂ

(ਖ਼ੁਸ਼ੀਆਂ ਗ਼ਮੀਆਂ ਵਿੱਚ ਵਰਤੇ ਜਾਣ ਵਾਲੇ ਕਾਵਿਕ ਸੁਨੇਹੇ ਤੇ ਸੱਦਾ ਪੱਤਰ)

ਡਾ. ਗੁਰਮਿੰਦਰ ਸਿੱਧੂ

**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**

International Publishers
of Indian Languages

Representation Office :
33 old oak Lane
Levittown, NY -11756
(U.S.A)

**Choumukhia Ibartan**

(Collection of Poetic Messages / Invitation Cards to be used in Happy and Sad Occasions)

**by: Dr. Gurminder Sidhu**
# 658, Phase 3,B-1,Mohali-160059, Punjab(India)
Phone:Res: 0172-4623658,
Mobile:9872003658 and 9872007658
Email:gurmindersidhu13@gmail.com and
gurmindersidhu@rediffmail.com
Blogs: gurmindersidhu.blogspot.com ,
drgurmindersidhu.blogspot.com and drgurminder.blogspot.com

Title designed by Beeba Balwant

ISBN : 978-81-7914-726-9

Edition : 2015

Price : Rs. 250 $20

© Author

**Published by :**

Tarlochan Publishers
3236, Sector 15-D, Chandigarh
Phones: 98146-73236, 98786-03236
E-mail : tarlochanpublishers3236@gmail.com

---

**ਚੌਮੁਖੀਆ ਇਬਾਰਤਾਂ** (**ਸੁਨੇਹੇ ਤੇ ਸੱਦਾ ਪੱਤਰ**), ਲੇਖਿਕਾ: ਡਾ. ਗੁਰਮਿੰਦਰ ਸਿੱਧੂ
**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
**ਛਾਪਕ** : ਯੂਨੀਟੈਕ ਗ੍ਰਾਫ਼ਿਕ ਪੁਆਇੰਟ, ਦਿੱਲੀ



**ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਪੰਜਾਬੀਆਂ ਦੇ ਨਾਂ !**
**ਇਸ ਯਕੀਨ ਨਾਲ**
**ਕਿ ਉਹ ਆਪਣੀ ਮਾਂ-ਬੋਲੀ ਪੰਜਾਬੀ**
**ਅਤੇ ਪੰਜਾਬੀ ਵਿਰਸੇ ਨਾਲ**
**ਸਾਂਝ ਬਣਾਈ ਰੱਖਣਗੇ !**



## ਇਸੇ ਕਲਮ ਤੋਂ:

**ਕਾਵਿ-ਸੰਗ੍ਰਹਿ:**

* ਹੰਝੂ ਭਿੱਜਿਆ ਮੌਸਮ 1988
* ਤਾਰਿਆਂ ਦੀ ਛਾਵੇਂ 1990
* ਮੱਸਿਆ ਤੇ ਗੁਲਾਬੀ ਲੋਅ 1994
* ਬੁੱਕਲ਼ ਵਿਚਲੇ ਸੂਰਜ 2000
* ਹੁਣ ਅਲਵਿਦਾ ਹੁੰਦੇ ਨੇ ਖ਼ਤ 2011

**ਬਾਲ-ਕਵਿਤਾਵਾਂ:**

* ਚੰਦ ਦੀ ਬਰਫ਼ੀ 2011

(ਭਾਸ਼ਾ ਵਿਭਾਗ ਪੰਜਾਬ ਵੱਲੋਂ ਐਵਾਰਡ)

**ਵਾਰਤਕ:**

* ਨਾ !ਮੰਮੀ ਨਾ (ਪਹਿਲੀ ਐਡੀਸ਼ਨ) 2004

(ਦੂਜੀ ਐਡੀਸ਼ਨ) 2006

**ਅਨੁਵਾਦ:**

* ਬੋਹੜ ਦਾ ਦਰੱਖਤ , ਨੈਸ਼ਨਲ ਬੁਕ ਟਰੱਸਟ ਇੰਡੀਆ

**ਹੋਰ ਲੇਖਕਾਂ ਨਾਲ ਸਾਂਝੇ ਪੰਜਾਬੀ ਸੰਗ੍ਰਿਹ:**

**ਕਹਾਣੀਆਂ :**

'ਪਹੁ ਫੁਟਾਲਾ ਤੇ ਹੋਰ ਕਹਾਣੀਆਂ' ਅਤੇ 'ਬਾਰਹਾ ਕੰਚਨ'

**ਵਾਰਤਕ:**

'ਮੇਰੀ ਦੇਹਲੀ ਤੇ ਦਘਦਾ ਸੂਰਜ', 'ਅਜੋਕੀ ਔਰਤ-ਦਸ਼ਾ ਤੇ ਦਿਸ਼ਾ'

'ਨਿੱਕੇ ਪੈਰ ਕੰਡਿਆਲੇ ਰਾਹ','ਸ਼ਖਸ਼ੀਅਤ ਉਸਾਰੀ ਦੀ ਤਿਆਰੀ'

**ਸਾਂਝੇ ਪੰਜਾਬੀ ਕਾਵਿ-ਸੰਗ੍ਰਹਿ:**

ਬਹੁਤ ਸਾਰੇ

**ਸਾਂਝੇ ਹਿੰਦੀ ਸੰਗ੍ਰਹਿ:**

ਪੰਜਾਬੀ ਮਹਿਲਾ ਕਥਾਕਾਰੋਂ ਕੀ ਸ਼੍ਰੇਸ਼ਟ ਕਹਾਣੀਆਂ 2008

ਭਾਰਤ ਕੇ ਸ਼੍ਰੇਸ਼ਟ ਹਿੰਦੀ ਕਵੀ ਏਵੰ ਕਵਿਤਰੀਆਂ 2009

ਭਾਰਤ ਕੇ ਸ਼੍ਰੇਸ਼ਟ ਹਿੰਦੀ ਰਚਨਾਕਾਰ 2011

**ਇਕ ਖ਼ਬਰ ਮੇਰੇ ਧੁਰ ਅੰਦਰ ਤੱਕ,ਛੁਰੀਆਂ ਵਾਂਗੂੰ ਲਹਿ ਗਈ**
**'ਮਿਟ ਜਾਣੀ ਪੰਜਾਬੀ ਬੋਲੀ', ਰਾਜ਼ 'ਯੂਨੈਸਕੋ' ਕਹਿ ਗਈ**
**ਜਾਗੋ ਵੇ ਪੰਜਾਬੀਓ ! ਫਿਰ ਇਹ ਵੇਲਾ ਹੱਥ ਨੀ ਆਉਣਾ**
**ਮੁੱਕ ਜਾਂਦੀ ਉਹ ਕੌਮ, ਕਿ ਜਿਸਦੀ 'ਬੋਲੀ' ਕਬਰੀਂ ਪੈ ਗਈ**

# ਤਰਤੀਬ


★ **ਚੌਮੁਖੀਆ ਇਬਾਰਤਾਂ/9**

★ **ਜਨਮ-ਦਿਨ,ਵਿਆਹ ਦੀ ਵਰ੍ਹੇਗੰਢ, ਤਰੱਕੀ, ਮਕਾਨ ਦੀ ਚੱਠ ਜਾਂ ਕਿਸੇ ਹੋਰ ਖ਼ੁਸ਼ੀ ਦੇ ਮੌਕੇ 'ਤੇ ਵਰਤਿਆ ਜਾਣ ਵਾਲਾ 'ਸੱਦਾ-ਪੱਤਰ' ਅਤੇ 'ਸ਼ਬਦਾਂ ਦੇ ਸ਼ਗਨ'/13**

ਸੱਦਾ-ਪੱਤਰ/15

**ਸ਼ਬਦਾਂ ਦੇ ਸ਼ਗਨ:**

ਬੱਚੇ ਦੇ ਜਨਮ-ਦਿਨ 'ਤੇ/16

ਬੱਚੀ ਦੇ ਜਨਮ-ਦਿਨ 'ਤੇ/17

ਬੇਟੀ ਦੀ ਆਮਦ, ਜਨਮ-ਦਿਨ ਜਾਂ ਉਸ ਦੀ ਕਿਸੇ ਹੋਰ ਖ਼ੁਸ਼ੀ ਮੌਕੇ/18

ਲੜਕੇ ਦੀ ਕਿਸੇ ਪ੍ਰਾਪਤੀ 'ਤੇ/20

ਤਰੱਕੀ, ਮਕਾਨ ਦੀ ਚੱਠ,ਵਿਆਹ ਦੀ ਵਰ੍ਹੇ-ਗੰਢ,ਕੋਈ ਵਿਸ਼ੇਸ਼ ਹਾਸਿਲ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ/21

★ **ਧੀ-ਧਿਆਣੀ ਦੇ ਕਿਸੇ ਵਿਸ਼ੇਸ਼ ਹਾਸਿਲ 'ਤੇ 'ਸ਼ਾਬਾਸ਼ ਦੀਆਂ ਇਬਾਰਤਾਂ/23'**

ਸ਼ਾਬਾਸ਼ ਦੀਆਂ ਇਬਾਰਤਾਂ/25

★ **ਕੁੜੀ ਦੇ ਵਿਆਹ ਦੀ 'ਸਾਹਾ-ਚਿੱਠੀ','ਵਿਆਹ ਦਾ ਕਾਰਡ' ਅਤੇ ਸਾਕ-ਸਬੰਧੀਆਂ ਵੱਲੋਂ ਵਿਆਹੁਲੀ ਕੁੜੀ ਲਈ 'ਅਸੀਸਾਂ ਦੇ ਸ਼ਗਨ'/29**

ਸਾਹਾ-ਚਿੱਠੀ/31

ਬੇਟੀ ਦੇ ਵਿਆਹ ਦਾ ਕਾਰਡ/33

ਲੜਕੀ ਦੇ ਵਿਆਹ ਦੇ ਕਾਰਡ ਵਿੱਚ ਵਰਤੇ ਜਾ ਸਕਣ ਵਾਲੇ ਕੁਝ ਹੋਰ ਗੀਤਾਂ ਦੀਆਂ ਤੁਕਾਂ/45

ਲੜਕੀ ਦੇ ਵਿਆਹ ਵਾਲੇ ਕਾਰਡ ਦੇ ਪਿਛਲੇ/ਆਖਰੀ ਸਫ਼ੇ ਉੱਤੇ ਵਰਤਣ ਲਈ ਹੋਰ ਵਿਦਾਈ ਗੀਤ/46

ਅਸੀਸਾਂ ਦੇ ਸ਼ਗਨ/50

★ **ਮੁੰਡੇ ਦੀ 'ਕੁੜਮਾਈ','ਵਿਆਹ' ਅਤੇ 'ਸਵਾਗਤੀ ਸਮਾਰੋਹ' ਦਾ ਕਾਰਡ ਤੇ ਸਜ-ਵਿਆਹੀ ਜੋੜੀ ਲਈ 'ਦੁਆਵਾਂ ਦੇ ਸ਼ਗਨ'/53**

ਮੁੰਡੇ ਦੀ ਕੁੜਮਾਈ ਦਾ ਕਾਰਡ/55

ਮੁੰਡੇ ਦੇ ਵਿਆਹ ਦਾ ਕਾਰਡ/56

ਸਵਾਗਤੀ-ਸਮਾਰੋਹ (ਰਿਸੈਪਸ਼ਨ) ਦਾ ਕਾਰਡ/66





ਮੁੰਡੇ ਦੇ ਵਿਆਹ ਦੇ ਕਾਰਡ ਵਿੱਚ ਵਰਤੇ ਜਾਣ ਵਾਲੇ ਕੁਝ ਹੋਰ ਗੀਤਾਂ ਦੀਆਂ ਤੁਕਾਂ/67

ਦੁਆਵਾਂ ਦੇ ਸ਼ਗਨ/68 .

★ **ਜੀਵਨ-ਸਾਥੀ ਜਾਂ ਮਹਿਬੂਬ ਵਾਸਤੇ 'ਮੁਹੱਬਤੀ ਬੋਲ'/71**

ਪਹਿਲੇ ਮਿਲਾਪ-ਦਿਵਸ,ਵੈਲੈਂਟਾਈਨ ਡੇ,ਵਿਆਹ ਦੀ ਵਰ੍ਹੇ-ਗੰਢ, ਜਨਮ-ਦਿਨ,ਜਾਂ ਕਿਸੇ ਹੋਰ ਉਮੰਗਾਂ ਭਰੇ ਯਾਦਗਾਰੀ ਦਿਨ 'ਤੇ

ਕਰਵਾ-ਚੌਥ 'ਤੇ/78

★ **ਬਾਲ-ਦਿਵਸ, ਮਾਂ-ਦਿਵਸ, ਧੀ-ਦਿਵਸ, ਪਿਤਾ-ਦਿਵਸ, ਜਨਮ-ਦਿਨ, ਰੱਖੜੀ, ਸ਼ਾਦੀ ਦੀ ਵਰ੍ਹੇਗੰਢ, ਕਿਸੇ ਪ੍ਰਾਪਤੀ, ਯਾਦਗਾਰੀ ਦਿਨ 'ਤੇ ਜਾਂ ਕਿਸੇ ਹੋਰ ਖ਼ੁਸ਼ੀ ਮੌਕੇ ਲਹੂ ਦੇ ਰਿਸ਼ਤਿਆਂ ਨੂੰ ਗੂੜ੍ਹਾ ਕਰਦੇ 'ਮੋਹ-ਭਿੱਜੇ ਸੁਨੇਹੇ'/79**

ਮਾਂ ਵੱਲੋਂ ਬੱਚਿਆਂ ਨੂੰ ਬਾਲ-ਦਿਵਸ 'ਤੇ/81

ਮਾਂ ਵੱਲੋਂ ਪੁੱਤਰ ਨੂੰ ਜਨਮ-ਦਿਨ 'ਤੇ/81

ਮਾਂ ਵੱਲੋਂ ਧੀ ਨੂੰ ਜਨਮ-ਦਿਨ 'ਤੇ/82

ਮਾਤਾ-ਪਿਤਾ ਵੱਲੋਂ ਬੇਟੇ/ਬੇਟੀ ਨੂੰ ਜਨਮ-ਦਿਨ 'ਤੇ/83

ਅੰਮੀ-ਬਾਬਲ ਵੱਲੋਂ ਬੇਟੀ ਨੂੰ ਧੀ-ਦਿਵਸ 'ਤੇ/84

ਪਿਤਾ ਵੱਲੋਂ ਬੇਟੀ/ਬੇਟੇ ਨੂੰ ਕਿਸੇ ਵਿਸ਼ੇਸ਼ ਪ੍ਰਾਪਤੀ 'ਤੇ/85

ਬੱਚਿਆਂ ਵੱਲੋਂ ਮਾਂ ਨੂੰ ਮਾਂ-ਦਿਵਸ 'ਤੇ/86

ਬੇਟੇ ਵੱਲੋਂ ਪਿਤਾ ਨੂੰ ਪਿਤਾ-ਦਿਵਸ 'ਤੇ/87

ਬੇਟੇ ਵੱਲੋਂ ਮਾਤਾ-ਪਿਤਾ ਨੂੰ ਸ਼ਾਦੀ ਦੀ ਵਰ੍ਹੇਗੰਢ 'ਤੇ/88

ਬੇਟੀ ਵੱਲੋਂ ਮਾਤਾ-ਪਿਤਾ ਨੂੰ ਸ਼ਾਦੀ ਦੀ ਵਰ੍ਹੇਗੰਢ 'ਤੇ/89

ਧੀ ਵੱਲੋਂ ਮਾਂ ਨੂੰ ਜਨਮ-ਦਿਨ 'ਤੇ/90

ਧੀ ਵੱਲੋਂ ਪਿਤਾ ਨੂੰ ਜਨਮ-ਦਿਵਸ 'ਤੇ/91

ਭੈਣ ਵੱਲੋਂ ਵੀਰ ਨੂੰ ਰੱਖੜੀ ਭੇਜਦਿਆਂ/92

ਵੀਰ ਵੱਲੋਂ ਭੈਣ ਨੂੰ ਕਿਸੇ ਖ਼ੁਸ਼ੀ ਦੇ ਮੌਕੇ/94

ਵੀਰ ਵੱਲੋਂ ਵੀਰ ਨੂੰ ਕਿਸੇ ਜਸ਼ਨ ਦੇ ਸਮੇਂ/95

ਭੈਣ ਵੱਲੋਂ ਭੈਣ ਨੂੰ ਕਿਸੇ ਖ਼ੁਸ਼ੀ ਦੇ ਵੇਲੇ/96

★ **ਮਾਂ-ਬਾਪ ਦੇ ਸਦੀਵੀ ਵਿਛੋੜੇ 'ਤੇ ਮਹਿਰਮਾਂ ਨੂੰ 'ਹਾਕ'/97**

**ਕਾਲੇ ਅੱਖਰਾਂ ਵਾਲੇ ਕਾਰਡ:**

ਮਾਂ ਦੇ ਹਮੇਸ਼ਾ ਲਈ ਤੁਰ ਜਾਣ 'ਤੇ/99

ਮਾਂ ਦੇ ਅਕਾਲ-ਚਲਾਣੇ 'ਤੇ ਧੀਆਂ ਵੱਲੋਂ/100

ਪਿਤਾ ਦੇ ਦੇਹਾਂਤ 'ਤੇ/101
ਬਾਪ ਦੇ ਈਸ਼ਵਰ ਨੂੰ ਪਿਆਰਾ ਹੋਣ 'ਤੇ ਧੀਆਂ ਵੱਲੋਂ/102
ਮਾਂ ਜਾਂ ਪਿਤਾ ਦੇ ਵਰ੍ਹੀਣੇ ਸਮੇਂ/103
ਮਾਤਾ ਜਾਂ ਪਿਤਾ ਦੀ ਬਰਸੀ 'ਤੇ/104

★ **ਸਦੀਵੀ ਵਿਛੋੜੇ,ਦੁੱਖ-ਦਰਦ,ਅਸਫ਼ਲਤਾ,ਹਾਰ ਜਾਂ ਹਾਨੀ 'ਤੇ 'ਹੌਸਲਾ ਦਿੰਦੀਆਂ ਸਤਰਾਂ'/105**

ਮਾਤਾ-ਪਿਤਾ ਦੇ ਸਦਾ ਲਈ ਵਿਛੜ ਜਾਣ 'ਤੇ/107
ਸਰੀਰਕ-ਮਾਨਸਿਕ ਤਕਲੀਫ, ਅਸਫਲਤਾ, ਕੁਲਹਿਣੀ ਬੀਮਾਰੀ, ਹਾਰ ਜਾਂ ਹਾਨੀ ਵੇਲੇ/110

★ **ਜਿਸ ਕੁੜੀ-ਚਿੜੀ ਦੇ ਖੰਭ ਨੋਚ ਦਿੱਤੇ ਗਏ ਹੋਣ, ਉਸ ਮਾਸੂਮ ਲਈ 'ਹਿੰਮਤ ਦੇ ਹਰਫ਼'/113**

ਹਿੰਮਤ ਦੇ ਹਰਫ਼/115

★ **ਵਿਦਾਇਗੀ ਸਮਾਰੋਹ ਅਤੇ ਸੇਵਾਮੁਕਤੀ ਸਮੇਂ ਵਰਤਣ ਲਈ 'ਕਾਵਿਕ ਇਬਾਰਤਾਂ'/121**

ਸਹਿਕਰਮਣ ਜਾਂ ਸਖੀ ਦੀ ਵਿਦਾਇਗੀ ਮੌਕੇ/123
ਸਹਿ-ਕਰਮੀ ਜਾਂ ਮਿੱਤਰ ਦੀ ਵਿਦਾਇਗੀ ਵੇਲੇ/124
ਉੱਚ-ਅਧਿਕਾਰੀ ਦੇ ਵਿਦਾਇਗੀ ਸਮਾਰੋਹ ਸਮੇਂ/125
ਸੇਵਾ-ਮੁਕਤੀ 'ਤੇ/126

★ **ਦੀਵਾਲੀ,ਹੋਲੀ, ਲੋਹੜੀ, ਨਵੇਂ ਵਰ੍ਹੇ ਲਈ 'ਸ਼ੁਭ-ਇਛਾਵਾਂ' ਅਤੇ ਸ਼ੁਭ-ਇਛਾਵਾਂ ਭੇਜਣ ਵਾਲਿਆਂ ਦਾ 'ਸ਼ੁਕਰੀਆ'/129**

ਦੀਵਾਲੀ/131
ਲੋਹੜੀ/134
ਹੋਲੀ/137
ਨਵਾਂ ਵਰ੍ਹਾ/140
ਸ਼ੁਭ-ਇਛਾਵਾਂ ਭੇਜਣ ਵਾਲਿਆਂ ਦਾ 'ਸ਼ੁਕਰੀਆ'/149

★ **ਵਿਰਸੇ ਦਾ ਹੋਕਾ,ਵਿਆਹ ਦੇ ਪ੍ਰਚੱਲਿਤ ਰਸਮ-ਰਿਵਾਜ਼, ਕਿਤਾਬ ਵਿੱਚ ਵਰਤੇ ਗਏ ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ/151**

ਵਿਰਸੇ ਦਾ ਹੋਕਾ/153
ਵਿਆਹ ਦੇ ਪ੍ਰਚੱਲਿਤ ਰਸਮ-ਰਿਵਾਜ਼/155
ਕਿਤਾਬ ਵਿੱਚ ਵਰਤੇ ਗਏ ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ/182



# ਚੌਮੁਖੀਆ ਇਬਾਰਤਾਂ

ਕਹਿੰਦੇ ਨੇ ਕਵਿਤਾ ਲੋਕਾਂ ਤੋਂ ਦੂਰ ਹੋ ਰਹੀ ਹੈ ਤੇ ਇਹ ਸ਼ਾਇਦ ਕੁਝ ਹੱਦ ਤੱਕ ਸੱਚ ਵੀ ਹੈ। ਪਰ ਇਕ ਹੋਰ ਖ਼ੂਬਸੂਰਤ ਸੱਚ ਮੇਰੀ ਕਲਮ ਲਈ ਸਿਆਹੀ ਬਣਦਾ ਰਿਹਾ ਹੈ,ਮੇਰੇ ਤੋਂ ਅਕਸਰ ਕਵਿਤਾ ਮੰਗੀ ਜਾਂਦੀ ਹੈ,ਕਦੀ ਬਾਲ ਦੇ ਜਨਮ-ਦਿਨ ਲਈ,ਕਦੀ ਉੱਚ-ਅਧਿਕਾਰੀ ਦੀ ਵਿਦਾਇਗੀ ਪਾਰਟੀ ਲਈ,ਕਦੀ ਧੀ ਦੇ ਵਿਆਹ ਲਈ, ਕਦੀ ਨੂੰਹ-ਪੁੱਤ ਦੇ ਸਵਾਗਤੀ ਸਮਾਰੋਹ ਲਈ..ਤੇ ਹੋਰ ਵੀ ਬਹੁਤ ਸਾਰੇ ਸੁਵੰਨੜੇ ਮੌਕਿਆਂ ਲਈ..ਜਦੋਂ ਮੇਰੇ ਬੇਟੇ-ਬੇਟੀ ਦੀ ਸ਼ਾਦੀ ਦਾ ਪੰਜਾਬੀ ਵਿਚ ਛਪਿਆ ਕਾਰਡ ਦੋਸਤਾਂ-ਰਿਸ਼ਤੇਦਾਰਾਂ ਤੱਕ ਪਹੁੰਚਿਆ ਤਾਂ ਮੈਨੂੰ ਉਹਨਾਂ ਦੇ ਬੱਚਿਆਂ ਲਈ ਵੀ ਇਹੋ ਜਿਹੇ ਕਾਰਡ ਤਿਆਰ ਕਰਨ ਲਈ ਕਿਹਾ ਗਿਆ ਤੇ ਇਹ ਸਾਰਾ ਕੁਝ ਅੱਗੇ ਤੋਂ ਅੱਗੇ ਵਰਤਿਆ ਜਾਂਦਾ ਰਿਹਾ। ਹੁਣ ਉਮਰ ਦੀ ਸੰਦਲੀ ਸ਼ਾਮ ਹੈ,ਭਾਂਡੇ-ਟੀਂਡੇ ਸਾਂਭਣ ਦਾ ਵੇਲਾ..ਚਿੱਤ ਕੀਤੈ ਕਿ ਲੋਕਾਂ ਨੂੰ ਉਹਨਾਂ ਦੀ ਅਮਾਨਤ ਸੌਂਪ ਦਿੱਤੀ ਜਾਵੇ।

ਸ਼ਾਦੀਆਂ ਤੇ ਹੋਰ ਜਸ਼ਨਾਂ ਲਈ ਸੱਦਾ-ਪੱਤਰਾਂ ਦੀ ਵੰਨਗੀ ਦੇਣ ਦਾ ਵੀ ਯਤਨ ਕੀਤਾ ਹੈ,ਇਸ ਉਮੀਦ ਨਾਲ ਕਿ ਖੌਰੇ ਅੰਗਰੇਜ਼ੀ ਵਿੱਚ ਕਾਰਡ ਛਪਵਾਉਂਦੇ ਪੰਜਾਬੀ ਆਪਣੀ ਸ਼ੀਰੀਂ ਮਾਂ-ਬੋਲੀ ਵਿੱਚ ਵੀ ਛਪਵਾਉਣ ਲੱਗ ਜਾਣ,ਜਿਵੇਂ ਕਿ ਦੂਜੇ ਪ੍ਰਾਂਤਾਂ ਤੇ ਦੇਸ਼ਾਂ ਦੇ ਲੋਕ ਕਰਦੇ ਨੇ। ਏਥੇ ਆਪਣੇ ਲੋਕਾਂ ਨਾਲ ਇਕ ਜਗਤ-ਪ੍ਰਸਿਧ ਘਟਨਾ ਸਾਂਝੀ ਕਰਨ ਨੂੰ ਚਿੱਤ ਕਰ ਆਇਐ:'ਮੇਰਾ ਦਾਗਿਸਤਾਨ' ਵਿੱਚ ਰਸੂਲ ਹਮਜ਼ਾਤੋਵ ਲਿਖਦੈ ਕਿ ਇਕ ਵਾਰ ਉਹ ਪੈਰਿਸ ਵਿੱਚ ਆਪਣੀ ਹੀ ਮਿੱਟੀ ਦੇ ਜਾਏ ਇਕ ਚਿੱਤਰਕਾਰ ਨੂੰ ਮਿਲਿਆ,ਜਿਹੜਾ ਬਹੁਤ ਵਰ੍ਹੇ ਪਹਿਲਾਂ ਇਟਲੀ ਗਿਆ ਸੀ ਤੇ ਫਿਰ ਕਦੀ ਨਹੀਂ ਸੀ ਪਰਤਿਆ। ਵਾਪਿਸ ਆ ਕੇ ਉਹਨੇ ਉਸ ਚਿੱਤਰਕਾਰ ਦੀ ਮਾਂ ਨੂੰ ਲੱਭਿਆ ਤੇ ਉਹਦੇ ਪੁੱਤ ਦੇ ਜਿਉਂਦਾ ਹੋਣ ਦੀ ਤੇ ਖੈਰੀਂ-ਮਿਹਰੀਂ ਹੋਣ ਦੀ ਖ਼ਬਰ ਦਿੱਤੀ। ਮਾਂ ਬੇਹੱਦ ਖੁਸ਼ ਹੋਈ,ਪਰ ਅਚਾਨਕ ਬੋਲੀ, "ਤੁਸੀਂ ਆਪਸ ਵਿੱਚ ਗੱਲਾਂ ਤਾਂ ਅਵਾਰ ਬੋਲੀ ਵਿਚ ਹੀ ਕੀਤੀਆਂ ਹੋਣਗੀਆਂ"

"ਨਹੀਂ..ਅਸੀਂ ਦੁਭਾਸ਼ੀਏ ਰਾਹੀਂ ਗੱਲਾਂ ਕੀਤੀਆਂ ਸਨ,ਮੈਂ ਰੂਸੀ ਬੋਲਦਾ ਸਾਂ ਤੇ ਤੁਹਾਡਾ ਪੁੱਤਰ ਫਰਾਂਸੀਸੀ" ਮਾਂ ਨੇ ਤੁਰੰਤ ਆਪਣਾ ਚਿਹਰਾ ਕਾਲੇ ਘੁੰਡ ਨਾਲ ਢਕ ਲਿਆ,ਜਿਵੇਂ ਔਰਤਾਂ ਪੁੱਤ ਦੀ ਮੌਤ ਬਾਰੇ ਪਤਾ ਲੱਗਣ 'ਤੇ ਢਕਦੀਆਂ ਹਨ

ਤੇ ਬੋਲੀ, "ਤੈਨੂੰ ਗ਼ਲਤੀ ਲੱਗੀ ਐ ਰਸੂਲ!ਮੇਰਾ ਪੁੱਤਰ ਤਾਂ ਕਦੋਂ ਦਾ ਮਰ ਚੁੱਕੈ,ਉਹ ਮੇਰਾ ਪੁੱਤਰ ਨਹੀਂ ਹੋ ਸਕਦਾ,ਮੇਰਾ ਕੋਈ ਵੀ ਪੁੱਤਰ ਆਪਣੀ ਬੋਲੀ ਨਹੀਂ ਸੀ ਭੁੱਲ ਸਕਦਾ,ਜਿਹੜੀ ਉਹਨੂੰ ਮੈਂ ਇਕ ਅਵਾਰ ਮਾਂ ਨੇ ਸਿਖਾਈ ਸੀ" ਇਹੋ ਜਿਹੀ ਤਬਾਹੀ ਮਾਂ-ਪੰਜਾਬੀ ਦੇ ਕਾਲਜੇ ਵਿੱਚ ਵੀ ਹੁੰਦੀ ਹੋਏਗੀ,ਜਦੋਂ ਉਹ ਆਪਣੇ ਪੁੱਤਾਂ ਨੂੰ ਹਰ ਕਾਰਜ ਕਿਸੇ ਹੋਰ ਬੋਲੀ ਵਿੱਚ ਕਰਦਿਆਂ ਦੇਖਦੀ ਹੋਏਗੀ।ਹੋ ਸਕਦੈ ਇਹ ਸਭ ਕੁਝ ਜਾਣ ਕੇ ਕਿਸੇ ਪੰਜਾਬੀ ਧੀ-ਪੁੱਤ ਦੀ ਜ਼ਮੀਰ ਜਿਉਂਦੀ ਹੋ ਜਾਏ।

ਤੇ ਹਾਂ...ਇਹ ਕਾਰਡ ਬਣਾਉਣ ਵੇਲੇ ਮੈਂ ਲੋਕਗੀਤਾਂ ਦਾ ਆਸਰਾ ਲਿਆ ਹੈ,ਕਿਉਂਕਿ ਇਹਨਾਂ ਸ਼ੱਕਰ-ਗੁੰਨ੍ਹੇ ਗੀਤਾਂ ਤੋਂ ਬਿਨਾਂ ਤਾਂ ਸਾਡੇ ਕਾਰਜ ਮੁਕੰਮਲ ਹੀ ਨਹੀਂ ਹੋ ਸਕਦੇ।ਵਰਤੇ ਗਏ ਲੋਕਗੀਤਾਂ ਤੇ ਗੁਰਵਾਕਾਂ ਨੂੰ ਵੱਖਰੀ ਪਛਾਣ ਦੇਣ ਲਈ ਨਾਲ ਨਿਸ਼ਾਨ ਲਗਾ ਦਿੱਤੇ ਗਏ ਹਨ।

ਮਨ ਵਿੱਚ ਇਹ ਵੀ ਤੌਖ਼ਲਾ ਹੈ ਕਿ ਕਿਤੇ ਈਮੇਲਾਂ/ਫੋਨਾਂ ਆਦਿ ਦੀ ਹਨ੍ਹੇਰੀ ਵਿੱਚ ਕਾਰਡਾਂ ਦਾ ਰਿਵਾਜ਼ ਹੀ ਨਾ ਖਤਮ ਹੋ ਜਾਵੇ,ਜਿਵੇਂ ਕਿ ਖ਼ਤ ਖ਼ਤਮ ਹੁੰਦੇ ਜਾ ਰਹੇ ਨੇ।ਸ਼ਾਇਦ ਇਹ ਕਾਰਡ ਲੋਕਾਂ ਦੇ ਦਿਲਾਂ ਨੂੰ ਖਿੱਚ ਪਾਉਣ,ਅੰਦਰ ਪੱਕਾ ਬਸੇਰਾ ਬਣਾ ਲੈਣ ਅਤੇ ਇਹ ਸਿਨਫ਼ ਜਿਉਂਦੀ ਰਹਿ ਸਕੇ।

ਪੰਜਾਬੀ ਸਾਰੇ ਪੰਜਾਬੀਆਂ ਦੀ ਬੋਲੀ ਹੈ,ਕਿਸੇ ਇਕ ਧਰਮ ਵਾਲਿਆਂ ਦੀ ਨਹੀਂ,ਇਸ ਲਈ ਇਹ ਉਪਰਾਲਾ ਵੀ ਸਾਰੇ ਪੰਜਾਬੀਆਂ ਵਾਸਤੇ ਹੈ।ਵਿਆਹ ਤੇ ਮੌਤ ਦੀਆਂ ਰਸਮਾਂ ਹਿੰਦੂ ਅਤੇ ਸਿੱਖ ਪਰਿਵਾਰਾਂ ਵਿੱਚ ਕੁਝ ਇਕੋ ਜਿਹੀਆਂ ਮਨਾਈਆਂ ਜਾਂਦੀਆਂ ਹਨ ਤੇ ਕੁਝ ਵੱਖੋ-ਵੱਖਰੀਆਂ,ਇਸ ਲਈ ਇਹਨਾਂ ਕਾਰਡਾਂ ਨੂੰ ਤਿਆਰ ਕਰਨ ਵੇਲੇ ਆਪਣੀ ਲੋੜ ਅਨੁਸਾਰ ਵਰਤੀਆਂ ਜਾ ਸਕਦੀਆਂ ਹਨ।ਮੁਸਲਮਾਨ ਪਰਿਵਾਰ ਇਹਨਾਂ ਕਾਰਡਾਂ ਵਿੱਚ ਆਪਣੇ ਮੰਤਵ ਦੀਆਂ ਰਹੁ-ਰੀਤਾਂ ਜੋੜ ਸਕਦੇ ਹਨ।ਲੋਕਗੀਤ ਤਾਂ ਸਾਡੇ ਸਾਰੇ ਸਾਂਝੇ ਹੀ ਹਨ।

ਮੇਰਾ ਇਹ ਯਤਨ ਲੋਕਾਂ ਨੂੰ ਪੰਜਾਬੀ ਨਾਲ ਜੋੜਨ ਲਈ,ਸਾਹਿਤ ਨਾਲ ਜੋੜਨ ਲਈ, ਵਿਰਸੇ ਨਾਲ ਜੋੜਨ ਲਈ ਤਾਂ ਹੈ ਹੀ,ਪਰ ਉਸ ਤੋਂ ਵੱਧ ਸੁੱਚੇ ਅਹਿਸਾਸਾਂ ਨਾਲ ਜੋੜਨ ਲਈ ਹੈ,ਆਪਣਿਆਂ ਨਾਲ ਜੋੜਨ ਲਈ ਹੈ।ਜਦੋਂ ਅਸੀਂ ਕਿਸੇ ਸਮਾਗਮ 'ਤੇ ਜਾਂਦੇ ਹਾਂ ਤਾਂ ਬੱਸ ਲਿਫਾਫੇ ਵਿਚ ਬਣਦੇ-ਸਰਦੇ ਰੁਪਏ ਦੇ ਕੇ ਪਰਤ ਆਉਂਦੇ ਹਾਂ,ਕਿਸੇ ਮਸ਼ੀਨ ਵਾਂਗ,ਕਿਸੇ ਰੋਬਟ ਵਾਂਗ...ਮੇਜ਼ਬਾਨਾਂ ਨਾਲ ਕਿਤੇ ਕਿਸੇ ਸਾਂਝ ਦਾ ਲਿਸ਼ਕਾਰਾ ਨਹੀਂ,ਕਿਸੇ ਅਪਣੱਤ ਦੀ ਮਹਿਕ ਨਹੀਂ,ਕੋਈ ਕੂਲਾਪਨ ਨਹੀਂ।ਮੈਨੂੰ ਚੇਤੇ ਐ,ਨਿੱਕੇ ਹੁੰਦਿਆਂ ਪਿੰਡ ਵਿੱਚ ਕਿਸੇ



ਕੁੜੀ ਦਾ ਵਿਆਹ ਹੋਣਾ ਤਾਂ ਮੈਂ ਆਪਣੀ ਦਾਦੀ ਨਾਲ ਸ਼ਗਨ ਦੇਣ ਜਾਣਾ,ਉਥੇ ਜਿਹੜੀ ਵੀ ਕੋਈ ਸੁਆਣੀ ਆਉਂਦੀ,ਵਿਆਹੁਲੀ ਦੀ ਝੋਲ਼ੀ ਵਿੱਚ ਖੋਪੇ ਦੀ ਠੂਠੀ ਪਾਉਂਦੀ,ਵਿੱਚ ਸਵਾ ਰੁਪਈਆ ਰੱਖਿਆ ਹੁੰਦਾ,ਤੇ ਫਿਰ ਉਹਦੇ ਸਿਰ'ਤੇ ਹੱਥ ਧਰ ਕੇ ਕਿੰਨਾ ਈ ਚਿਰ ਅਸੀਸਾਂ ਦੇਈ ਜਾਂਦੀ, "ਨੀ ਧੀਏ! ਸੁਹਾਗ-ਭਾਗ ਹੰਢਾਵੇਂ, ਦੁੱਧੀਂ ਨਾਹਵੇਂ-ਪੁੱਤੀਂ ਫਲੇਂ,ਤੇਰੇ ਕੰਨੀਉਂ ਠੰਢੀ 'ਵਾ ਆਵੇ" ਤੇ ਹੋਰ ਵੀ ਜੋ ਉਹਦੇ ਭਰੇ ਦਿਲ ਦੇ ਦੁੱਧ 'ਤੇ ਮਲਾਈ ਵਾਂਗ ਤਰਦਾ।ਉਹਦੇ ਚਿਹਰੇ ਦੀ ਤਰਲਤਾ, ਸਲ੍ਹਾਬੇ ਬੋਲ, ਡੱਕੋ-ਡੱਕ ਅੱਖਾਂ ਉਹਦੀਆਂ ਅਸੀਸਾਂ ਦੇ ਸੁੱਚਮ ਦੀ ਗਵਾਹੀ ਭਰਦੀਆਂ..ਇਹ ਮੁਹੱਬਤ,ਇਹ ਰਿਸ਼ਤਾ ਅਲੋਪ ਹੋ ਗਿਐ ਸਾਡੇ ਵਰਤਾਰਿਆਂ 'ਚੋਂ.......ਬੱਸ ਮੇਰੀ ਹਸਰਤ ਹੈ ਕਿ ਬਿਲਕੁਲ ਉਵੇਂ ਨਾ ਸਹੀ,ਪਰ ਕੁਝ ਤਾਂ ਹੋਵੇ ਜੋ ਲਿਫਾਫਾ ਖੋਲ੍ਹਣ ਵਾਲੇ ਦੇ ਦਿਲ ਵਿੱਚ ਧੜਕੇ,ਕਿਸੇ ਸਾਂਝ-ਸਕੀਰੀ ਨੂੰ ਗੂੜ੍ਹਿਆਂ ਕਰੇ।ਜਿਹੜੇ ਰੁਪਏ ਅਸੀਂ ਲਿਫਾਫੇ ਵਿੱਚ ਪਾਉਂਦੇ ਹਾਂ,ਜੇ ਉਹ ਕਿਸੇ ਅਜੇਹੇ ਕਾਗ਼ਜ਼ ਵਿੱਚ ਲਪੇਟੇ ਜਾਣ ਜਿਸ 'ਤੇ ਕੁਝ ਮਨ ਦੇ ਮੋਹ ਵਰਗਾ ਲਿਖਿਆ ਹੋਵੇ,ਇਹ ਕੋਈ ਗੁਲਾਬੀ-ਸੰਧੂਰੀ ਕਾਗ਼ਜ਼ ਹੋਵੇ,ਜਾਂ ਉਸ ਨੂੰ ਰੰਗ-ਬਿਰੰਗੇ ਚਮਕਦਾਰ ਅਬਰਕ ਨਾਲ ਸਜਾਇਆ ਹੋਵੇ,ਹੋਰ ਨਹੀਂ ਤਾਂ ਉਸ ਉੱਤੇ ਖੰਮ੍ਹਣੀ ਹੀ ਬੰਨ੍ਹ ਦਿੱਤੀ ਜਾਵੇ,ਤਾਂ ਇਸ ਦੌਰ ਦੇ ਬਖਸ਼ੇ ਤਲਖ਼ੀਆਂ, ਤੁਰਸ਼ੀਆਂ, ਕਾਹਲੀਆਂ, ਖੁਦਗਰਜ਼ੀਆਂ ਦੇ ਮਾਰੂਥਲ ਵਿਚ ਕੁਝ ਤਾਂ ਹਰਿਆਵਲ ਵਰਗਾ ਬੀਜਿਆ ਹੀ ਜਾਏਗਾ।

ਜਿਸ ਘਟਨਾ ਨੇ ਮੈਨੂੰ ਇਹ ਕਿਤਾਬ ਲਿਖਣ ਲਈ ਸਭ ਤੋਂ ਵੱਧ ਪ੍ਰੇਰਿਤ ਕੀਤਾ,ਉਹ ਵੀ ਮਾਂ-ਬੋਲੀ ਪੰਜਾਬੀ ਦੀ ਬੇਕਦਰੀ ਦੇ ਗੂੜ੍ਹੇ-ਗਾੜ੍ਹੇ ਹਨੇਰੇ ਵਿੱਚ ਦਿਸੀ ਚਾਨਣ ਦੀ ਲੀਕ ਵਰਗੀ ਹੈ।ਮਹੱਲੇ ਦੇ ਇਕ ਸਮਾਰੋਹ ਵਿੱਚ ਥੋੜ੍ਹੀ ਜਿਹੀ ਦੂਰੀ 'ਤੇ ਵਸਦੀ ਇਕ ਬੀਬੀ ਤਾਵਲੀ ਤਾਵਲੀ ਸਾਡੇ ਕੋਲ ਆ ਕੇ ਬੋਲੀ, "ਆ ਗਏ ਤੁਸੀਂ ਕਨੇਡਾ ਤੋਂ?ਮੈਂ ਕਿੰਨੇ ਚੱਕਰ ਮਾਰੇ ਤੁਹਾਡੇ ਘਰ ਦੇ,ਬੇਟੇ ਦੇ ਵਿਆਹ ਲਈ ਪੰਜਾਬੀ 'ਚ ਵੈਡਿੰਗ ਕਾਰਡ ਡਿਜ਼ਾਈਨ ਕਰਾਉਣਾ ਸੀ,ਹਾਰ ਕੇ ਇੰਗਲਸ਼ ਵਿੱਚ ਈ ਕਰਾਉਣਾ ਪਿਆ" ਗੱਲ ਛਿੜੀ ਤਾਂ ਨੇੜਲੀ ਗੁਆਂਢਣ ਵੀ ਚਹਿਕੀ, "ਤੁਸੀਂ ਬਾਰਾਂ ਸਾਲ ਪਹਿਲਾਂ ਮੇਰੀ ਪੋਤੀ ਦੇ ਬਰਥਡੇ 'ਤੇ ਜੋ ਲਿਖ ਕੇ ਦਿੱਤਾ ਸੀ,ਉਹ ਅਜੇ ਤੱਕ ਮੇਰੇ ਕੋਲ ਸਾਂਭਿਆ ਪਿਐ"

ਘਰ ਆ ਕੇ ਬਲਦੇਵ ਨੇ ਕਿਹਾ ਕਿ ਕਿਉਂ ਨਾ ਅਜੇਹੀ ਇਕ ਕਿਤਾਬ ਹੀ ਤਿਆਰ ਕੀਤੀ ਜਾਵੇ,ਜਿਸ ਵਿੱਚ ਇਹੋ ਜਿਹੇ ਕਾਰਡਾਂ ਤੇ ਲਿਖਤਾਂ ਦੇ ਨਮੂਨੇ ਹੋਣ,ਜਿਹਨਾਂ ਨੂੰ ਜਦੋਂ ਵੀ ਕੋਈ ਚਾਹੇ ਵਰਤ ਸਕੇ।ਮੈਂ ਲਿਖਣ ਲੱਗੀ ਤਾਂ

ਜ਼ਿੰਦਗੀ ਦੇ ਸਾਰੇ ਹੀ ਮੌਕੇ ਕਾਗ਼ਜ਼ਾਂ ਉੱਤੇ ਉੱਤਰ ਆਏ। ਬੇਹੱਦ ਪਿਆਰੇ ਦੋਸਤ ਤੇ ਸੁਪ੍ਰਸਿੱਧ ਲੇਖਕ ਕਰਨਲ ਜਸਬੀਰ ਭੁੱਲਰ ਤੋਂ ਸਲਾਹ ਲਈ ਤਾਂ ਉਹਨਾਂ ਨੇ ਬਹੁਤ ਉਤਸ਼ਾਹਿਤ ਕੀਤਾ ਤੇ ਨਾਲ ਹੀ ਕਿਹਾ ਕਿ ਨਵੀਂ ਪੀੜ੍ਹੀ ਨੂੰ ਅਜੋਕੀ ਜੀਵਨ-ਸ਼ੈਲੀ ਵਿਚੋਂ ਬਾਹਰ ਹੋ ਰਹੇ ਰਸਮਾਂ-ਰਿਵਾਜ਼ਾਂ/ਵਿਰਾਸਤੀ ਸ਼ਬਦਾਂ ਦੀ ਜਾਣਕਾਰੀ ਨਹੀਂ,ਇਸ ਲਈ ਉਹਨਾਂ ਦੇ ਸੁਝਾਅ ਅਨੁਸਾਰ ਆਖਿਰ ਵਿੱਚ ਇਹ ਜਾਣ-ਪਛਾਣ ਵੀ ਦਿੱਤੀ ਗਈ ਹੈ। ਇਸ ਵਿੱਚ ਵਿਆਹ ਦੀਆਂ ਉਹਨਾਂ ਰਸਮਾਂ ਦਾ ਹੀ ਜ਼ਿਕਰ ਹੈ, ਜਿਹੜੀਆਂ ਪਿੰਡਾਂ/ਸ਼ਹਿਰਾਂ ਵਿੱਚ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚੱਲਿਤ ਹਨ,ਇਨ੍ਹਾਂ ਤੋਂ ਬਿਨਾਂ ਹੋਰ ਵੀ ਹੋ ਸਕਦੀਆਂ ਹਨ।

ਕਾਰਡਾਂ ਵਿਚ ਵਰਤੇ ਗਏ ਗੁਰਬਾਣੀ ਦੇ ਵਾਕਾਂ ਬਾਰੇ ਰਹਿਨੁਮਾਈ ਲਈ ਸ਼ਾਇਰ-ਪੱਤਰਕਾਰ ਥੰਮਣ ਸਿੰਘ ਸੈਣੀ ਦੀ ਵਿਸ਼ੇਸ਼ ਤੌਰ'ਤੇ ਧੰਨਵਾਦੀ ਹਾਂ।

ਸੋ ਇਹ ਕਿਤਾਬ ਹਾਜ਼ਿਰ ਹੈ...ਪਤਾ ਨਹੀਂ ਮੇਰੀ ਇਹ ਕੋਸ਼ਿਸ਼ ਸਾਹਿਤਿਕ ਸੱਥਾਂ ਵਿੱਚ ਕਿੰਜ ਲਈ ਜਾਵੇਗੀ,ਕਿਉਂਕਿ ਸਾਹਿਤਕਾਰ ਤਾਂ ਇਸ ਤੋਂ ਵਧੀਆ ਸਿਰਜਣਾ ਕਰਨ ਦੇ ਸਮਰੱਥ ਨੇ,ਪਰ ਜੇ ਇਹ ਕੋਸ਼ਿਸ਼ ਲੋਕ-ਦਹਿਲੀਜ਼ਾਂ ਟੱਪ ਕੇ ਉਹਨਾਂ ਦੇ ਵਰਤੋਂ-ਵਿਹਾਰ ਦਾ ਹਿੱਸਾ ਹੋ ਸਕੇ,ਉਹਨਾਂ ਦੇ ਮਨ-ਅੰਬਰਾਂ 'ਤੇ ਚੰਨ-ਤਾਰੇ ਜੜ ਸਕੇ,ਤਾਂ ਮੈਨੂੰ ਭਰਪੂਰ ਸਕੂਨ ਮਿਲੇਗਾ।

ਤੇ ਇਕ ਅੰਤਿਮ ਗੱਲ ......ਜਦੋਂ ਮੈਂ ਨਾ ਵੀ ਰਹਾਂ ਤਾਂ ਹਰ ਖੁਸ਼ਗਵਾਰ ਮੌਕੇ 'ਤੇ ਮੇਰੇ ਵੱਲੋਂ ਇਹ ਦੁਆਵਾਂ,ਇਹ ਅਸੀਸਾਂ,ਇਹ ਸ਼ੁਭ-ਇਛਾਵਾਂ ਕਬੂਲ ਕਰ ਲੈਣਾ!

ਸਭ ਦੀ ਖੁਸ਼ੀ ਲਈ ਦੁਆ ਕਰਦੀ ਹੋਈ,

**ਡਾ: ਗੁਰਮਿੰਦਰ ਸਿੱਧੂ**

ਫੋਨ: 9872003658



ਚੁਣੌਤੀਆਂ-ਭਰੀ ਹਯਾਤੀ ਦੀ ਹਾੜ੍ਹ-ਰੰਗੀ ਧੁੱਪ ਵਿੱਚ ਠੰਢੀਆਂ ਛਾਵਾਂ ਵਰਗੇ ਪਲ ਕਦੀ ਕਦੀ ਆਉਂਦੇ ਨੇ, ਜੋ ਆਪਣਿਆਂ ਨਾਲ ਹੱਸ-ਖੇਡ ਕੇ, ਨੱਚ ਗਾ ਕੇ ਸੁਰਗਾਂ ਵਿੱਚ ਜਿਉਣ ਵਰਗਾ ਅਹਿਸਾਸ ਦਿੰਦੇ ਨੇ,ਇਹਨਾਂ ਨੂੰ ਰੱਜ-ਰੱਜ ਕੇ ਮਾਣੀਏ ਤੇ ਆਪਣੇ ਸੱਜਣਾਂ-ਮਿੱਤਰਾਂ ਨੂੰ ਮੋਹ-ਮੁਹੱਬਤਾਂ ਨਾਲ ਸਰਾਬੋਰ ਕਰ ਦਈਏ!



**ਜਨਮ-ਦਿਨ,ਵਿਆਹ ਦੀ ਵਰ੍ਹੇਗੰਢ, ਤਰੱਕੀ, ਮਕਾਨ ਦੀ ਚੱਠ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ 'ਤੇ ਵਰਤਿਆ ਜਾਣ ਵਾਲਾ 'ਸੱਦਾ-ਪੱਤਰ' ਅਤੇ 'ਸ਼ਬਦਾਂ ਦੇ ਸ਼ਗਨ'**

ਇਹ 'ਸੱਦਾ-ਪੱਤਰ' ਕਿਸੇ ਵੀ ਖ਼ੁਸ਼ੀ ਦੇ ਜਸ਼ਨ ਵੇਲੇ ਸਨੇਹੀਆਂ ਨੂੰ ਬੁਲਾਉਣ ਲਈ ਵਰਤਿਆ ਜਾ ਸਕਦਾ ਹੈ, ਇਹ ਆਮ ਤੌਰ 'ਤੇ ਇਕ ਸਫ਼ੇ ਦਾ ਹੁੰਦਾ ਹੈ,ਇਸ ਵਿੱਚ ਦਿਖਾਈ ਖਾਲੀ ਥਾਂ ਵਿੱਚ ਆਪਣੀ ਲੋੜ ਅਨੁਸਾਰ ਮੌਕਾ, ਨਾਮ, ਦਿਨ, ਮਿਤੀ, ਸਥਾਨ, ਸਮਾਂ ਆਦਿ ਭਰੇ ਜਾ ਸਕਦੇ ਹਨ ਤੇ ਇਸ ਜਸ਼ਨ ਵਿੱਚ ਸ਼ਾਮਿਲ ਹੋਣ ਵਾਲੇ ਦੋਸਤ-ਰਿਸ਼ਤੇਦਾਰ ਲਿਫਾਫੇ ਵਿੱਚ ਇਹੋ ਜਿਹੀਆਂ ਸ਼ੁਭ-ਇਛਾਵਾਂ, ਦੁਆਵਾਂ ਵਾਲੇ 'ਸ਼ਬਦਾਂ ਦੇ ਸ਼ਗਨ' ਲਿਖ ਕੇ ਦੇ ਸਕਦੇ ਹਨ।

ਇਹ ਇਬਾਰਤਾਂ ਕਿਸੇ ਵੀ ਖੁਸ਼ੀ ਦੇ ਮੌਕੇ ਲੋੜੀਂਦੀ ਫੇਰਬਦਲ ਨਾਲ ਕਿਸੇ ਦੂਜੇ ਲਈ ਵੀ ਵਰਤੀਆਂ ਜਾ ਸਕਦੀਆਂ ਹਨ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



# ਸੱਦਾ-ਪੱਤਰ

ਦੁਖ-ਸੁਖ ਵਿਚ ਨਾਲ ਹੰਢਣ ਵਾਲੇ ਦੋਸਤੋ!
ਸਾਡੀ ਜ਼ਿੰਦਗੀ ਵੱਚ
ਉਹ ਭਾਗਾਂ-ਭਰਿਆ ਦਿਹਾੜਾ ਆਇਆ ਹੈ
ਜਦੋਂ ਸਾਡੇ ਵਿਹੜੇ
ਗੁਲਾਨਾਰੀ ਕਿਰਨਾਂ ਨੇ ਲਿਸ਼ਕੋਰ ਮਾਰੀ ਹੈ
ਸਾਡੇ ਸਾਹਾਂ ਵਿੱਚ ਰੁਮਕਦੀ ਪੌਣ
ਵੰਝਲੀ ਦੀ ਹੇਕ ਹੋ ਗਈ ਹੈ
ਤੇ ਮਨ ਦੀ ਕੰਧੋਲੀ ਦੇ ਮੋਰ
ਪੈਲਾਂ ਪਾਉਣ ਲੱਗ ਪਏ ਹਨ
ਇਹ ਖੁਸ਼ੀ......(ਮੌਕੇ ਦਾ ਨਾਂ)......ਦੀ ਹੈ
ਇਹ ਵੇਲਾ ਜਸ਼ਨ ਦਾ ਹੈ
ਇਸ ਲਈ......ਮਿਤੀ......ਦਿਨ......ਨੂੰ
......ਸਮਾਂ......ਵਜੇ......ਸਥਾਨ......ਵਿਖੇ
ਜ਼ਰੂਰ ਬਰ ਜ਼ਰੂਰ ਪਹੁੰਚਿਓ!
ਕਿ ਆਪਾਂ ਇਸ ਦਿਨ ਦਾ ਅਨੰਦ ਮਾਣੀਏ
ਤੇ ਚੇਤਿਆਂ ਦੇ ਰੁਮਾਲ ਵਿੱਚ
ਕੁਝ ਮਖਾਣਿਆਂ ਵਰਗਾ ਬੰਨ੍ਹ ਲਈਏ!

ਮੌਲਸਰੀ ਦੀ ਖ਼ੁਸ਼ਬੋ ਵਰਗੀ ਤੁਹਾਡੀ ਆਮਦ ਨੂੰ ਉਡੀਕਦੇ ਹੋਏ
ਨਾਮ......ਸਿਰਨਾਵਾਂ......
ਫੋਨ ਨੰ:......ਈਮੇਲ ......ਆਦਿ

## ਸ਼ਬਦਾਂ ਦੇ ਸ਼ਗਨ:
## ਬੱਚੇ ਦੇ ਜਨਮ ਦਿਨ 'ਤੇ:

ਨਾ ਆਵੇ ਕਦੀ ਤੇਰੀ ਅੱਖ ਵਿੱਚ ਅੱਥਰੂ
ਨਾ ਟੁੱਟੇ ਕਦੀ ਤੇਰੀ ਖੁਸ਼ੀਆਂ ਦੀ ਗਾਨੀ
ਸਦਾ ਮੁਸਕੁਰਾਵੇਂ , ਸਦਾ ਖਿੜਖਿੜਾਵੇਂ
ਤੇਰੇ 'ਤੇ ਰੱਬ ਦੀ ਰਹੇ ਮਿਹਰਬਾਨੀ!

ਸੁੱਖਾਂ-ਲੱਧੇ (ਬੱਚੇ ਦਾ ਨਾਮ)......ਨੂੰ ਅੱਜ ਦੇ ਸੋਹਣੇ ਦਿਨ ਪਿਆਰੀ......(ਮਾਂ ਦਾ ਨਾਮ) ......ਦੀ ਮਮਤਾਵਾਨ ਗੋਦੀ ਵਿੱਚ ਆਉਣਾ ਬਹੁਤ ਬਹੁਤ ਮੁਬਾਰਕ ਹੋਵੇ, ਏਹੋ ਅਰਦਾਸ ਹੈ ਕਿ ਇਹਦੇ ਅੰਦਰ ਵੱਡੀਆਂ ਪੁਲਾਂਘਾਂ ਪੁੱਟਣ ਦਾ ਜਜ਼ਬਾ ਜਗਦਾ ਰਹੇ ਤੇ ਇਹ ਅਣਕਿਆਸੀਆਂ ਉਚਾਈਆਂ ਦਾ ਸੁਲਤਾਨ ਹੋਵੇ!
ਸੱਤੇ ਖੈਰਾਂ ਮੰਗਦੇ ਹੋਏ ਅਸੀਂ ਹਾਂ,
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ



## ਬੱਚੀ ਦੇ ਜਨਮ ਦਿਨ 'ਤੇ:

ਕਰਾਂ ਦੁਆਵਾਂ! ਤੇਰਾ ਹਰ ਦਿਨ ਸਿਉਨੇ-ਰੰਗਾ ਆਵੇ
ਉਮਰ ਦਾ ਚਰਖਾ ਚਾਅਵਾਂ ਦੇ ਨਿੱਤ ਨਵੇਂ ਗਲੋਟੇ ਲਾਹਵੇ
ਤੇਰੀਆਂ ਰਾਤਾਂ ਵਿਚੋਂ ਹਰ ਇਕ ਨ੍ਹੇਰਾ ਮਨਫ਼ੀ ਹੋਵੇ
ਪੁੰਨਿਆ ਦਾ ਚੰਦ ਏਦਾਂ ਤੇਰੇ ਦਰ 'ਤੇ ਅਰਘ ਚੜ੍ਹਾਵੇ!

ਨਿੱਕੀ ਜਿਹੀ ਪਰੀ......(ਬੱਚੀ ਦਾ ਨਾਮ)......ਦੇ ਇਸ ਧਰਤੀ 'ਤੇ ਉਤਰਨ ਵਾਲੇ ਦਿਨ ਉਹਦੇ ਹਰ ਸੁੱਖ-ਅਨੰਦ ਲਈ ਪ੍ਰਾਰਥਨਾ ਕਰਦੇ ਹਾਂ,ਕੋਈ ਬਲਾਅ ਉਹਦੇ ਨੇੜਿਉਂ ਨਾ ਗੁਜ਼ਰੇ,ਉਹਦੇ ਪਰਾਂ ਨੂੰ ਨਿੱਤ ਨਵੀਂ ਉਡਾਣ ਮਿਲੇ ਤੇ ਉਹਦੇ ਹਿੱਸੇ ਦਾ ਅਸਮਾਨ ਸੱਤਾਂ ਬਹਿਸ਼ਤਾਂ ਸੰਗ ਹਾਜ਼ਿਰ ਹੋ ਕੇ ਮਿਲੇ!
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ......ਆਦਿ

# ਬੇਟੀ ਦੀ ਆਮਦ, ਜਨਮ-ਦਿਨ ਜਾਂ ਉਸ ਦੀ ਕਿਸੇ ਹੋਰ ਖ਼ੁਸ਼ੀ ਮੌਕੇ:

1 .

ਇਹ ਨੇ ਸਾਉਣ ਦੀ ਫੁਹਾਰ, ਇਹ ਨੇ ਖਿੜੀ ਕਚਨਾਰ
ਕਦੇ ਕਿੱਕਲੀਆਂ ਪਾਉਣ,ਘੋੜੀ ਵੀਰਿਆਂ ਦੀ ਗਾਉਣ
ਵਾਰੀ ਮਾਪਿਆਂ ਤੋਂ ਜਾਣ, ਦੁੱਖ ਆਪਣੇ ਛਿਪਾਣ
ਕਿਤੇ ਵੰਗਾਂ ਛਣ-ਛਣ ਤੇ ਪੰਜੇਬਾਂ ਛਮ-ਛਮ
ਪਾਉਣ ਵਿਹੜੇ ਛਣਕਾਰ, ਧੀਆਂ ਘਰ ਦਾ ਸ਼ਿੰਗਾਰ!

ਤੁਹਾਡੇ ਘਰ ਦੇ ਇਸ ਸ਼ਿੰਗਾਰ......(ਬੇਟੀ ਦਾ ਨਾਮ)......ਨੂੰ ਬੇਸ਼ੁਮਾਰ ਅਸੀਸਾਂ, ਇਸ ਬਾਲੜੀ ਦੇ ਟੱਲੀਆਂ ਵਾਂਗ ਟੁਣਕਦੇ ਹਾਸੇ ਤੁਹਾਡੇ ਘਰ ਦੀ ਫਿਜ਼ਾ ਵਿੱਚ ਲਹਿਰੀਏ ਬੁਣ ਦੇਣ,ਜ਼ਮਾਨੇ ਦੀ ਹਰ ਨਿਹਮਤ ਇਹਦੀਆਂ ਹਥੇਲੀਆਂ ਦਾ ਹਾਸਿਲ ਬਣੇ। ਧੀਆਂ ਤਾਂ ਨਿਰੀ ਮੁਹੱਬਤ ਹੁੰਦੀਆਂ ਹਨ,ਨਿਰੀ ਕਵਿਤਾ ਹੁੰਦੀਆਂ ਹਨ ਤੇ ਸੱਟਾਂ ਖਾਧੇ ਪਿੰਡੇ ਲਈ ਲੋਗੜ ਦੀ ਮੱਠੀ ਮੱਠੀ ਟਕੋਰ ਵੀ!
ਇਸ ਧੀ ਲਈ ਨੂਰੀ ਦਰਗਾਹ ਤੋਂ ਦੁਆ ਮੰਗਦੇ ਹੋਏ,
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ

2.

ਮਿਸ਼ਰੀ ਵਰਗੀ ਮਿੱਠੀ ਧੀ
ਕਰਮਾਂ ਵਾਲਿਆਂ ਡਿੱਠੀ ਧੀ
ਰੱਬ ਨੇ ਹੱਥੀਂ ਲਿਖ ਕੇ ਭੇਜੀ
ਖੁਸ਼ਹਾਲੀ ਦੀ ਚਿੱਠੀ ਧੀ
ਕੱਲ੍ਹ ਨੂੰ ਉੱਚੜਾ ਮਾਣ ਬਣੇਗੀ
ਅੱਜ ਲੱਗਦੀ ਹੈ ਨਿੱਕੀ ਧੀ!

ਸਤਿਕਾਰਯੋਗ..(ਸੱਦਾ ਭੇਜਣ ਵਾਲੇ ਦਾ ਨਾਂ)...ਜੀਓ!ਤੁਸੀਂ ਕੋਈ ਸੁੱਚੇ ਮੋਤੀ ਪੁੰਨ ਕੀਤੇ ਹੋਣਗੇ,ਜੋ ਆਪ ਦੇ ਘਰ ਇਹ ਅਗੰਮੀ ਸੁਗਾਤ ਆਈ ਹੈ। ਇਸ ਭਾਗਾਂ-ਭਰੀ ਲੱਛਮੀ ਦੇ ਆਗਮਨ 'ਤੇ ਲੱਖ ਲੱਖ ਮੁਬਾਰਕਾਂ ਦਿੰਦੇ ਹੋਏ ਇਸ ਦੀ ਹਰ ਖੁਸ਼ੀ ਲਈ ਅਰਦਾਸ ਕਰਦੇ ਹਾਂ।
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ......ਆਦਿ

## ਲੜਕੇ ਦੀ ਕਿਸੇ ਪ੍ਰਾਪਤੀ 'ਤੇ:

ਤੇਰੇ ਮਸਤਕ 'ਚ ਸੂਰਜ ਲਿਸ਼ਕਦਾ ਰਹੇ
ਚਾਨਣ ਵੰਡੀ ਜਾਵੇਂ ਤੂੰ ਚੁਫ਼ੇਰੇ
ਤੇਰੀ ਹਿੰਮਤ ਬਣੇ ਤਕਦੀਰ ਤੇਰੀ
ਸਿਤਾਰੇ ਆ ਕਿਰਨ ਰਾਹਾਂ 'ਚ ਤੇਰੇ!

......(ਸੱਦਾ ਦੇਣ ਵਾਲੇ ਦਾ ਨਾਮ)......ਦੇ ਨੈਣਾਂ ਦੇ ਚਿਰਾਗ ......(ਲੜਕੇ ਦਾ ਨਾਮ)......ਨੂੰ ਏਡੇ ਵੱਡੇ ਹਾਸਿਲ ਦੀ ਬਹੁਤ ਬਹੁਤ ਵਧਾਈ। ਸ਼ਾਲਾ! ਉਹਦੀ ਪ੍ਰਤਿਭਾ ਮੀਂਹ ਪਿੱਛੋਂ ਨਿੰਬਲ ਹੋਏ ਅਸਮਾਨ ਵਾਂਗ ਨਿੱਖਰੇ, ਉਹ ਪੌੜੀ-ਦਰ ਪੌੜੀ ਬੁਲੰਦੀਆਂ ਵੱਲ ਕਦਮ ਵਧਾਉਂਦਾ ਰਹੇ ਤੇ ਇਕ ਦਿਨ ਮਾਂ-ਬਾਪ ਦੀਆਂ ਉਮੰਗਾਂ ਦੀ ਸਿਖਰ ਨੂੰ ਹੱਥ ਲਾਵੇ!
ਬਹੁਤ ਸਾਰੀਆਂ ਸ਼ੁਭ-ਕਾਮਨਾਵਾਂ ਸਹਿਤ,
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ



## ਤਰੱਕੀ, ਮਕਾਨ ਦੀ ਚੱਠ, ਵਿਆਹ ਦੀ ਵਰ੍ਹੇ-ਗੰਢ, ਕੋਈ ਵਿਸ਼ੇਸ਼ ਹਾਸਿਲ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ:

1.
ਕਦੇ ਰੁੱਤ ਕੁਸ਼ਗਨੀ ਆਵੇ ਨਾ
ਨਾ ਹੋਂਠਾਂ ਤੋਂ ਕੋਈ ਗੀਤ ਖੁਰੇ
ਸੰਗ ਤੇਰੇ, ਤੇਰੇ ਖ਼ਾਬਾਂ ਵਿੱਚ,
ਨਾ ਜ਼ਖ਼ਮ ਤੁਰੇ ਨਾ ਪੀੜ ਤੁਰੇ
ਸੱਧਰਾਂ ਦੇ ਸ਼ਗੂਫੇ ਖਿੜ ਜਾਵਣ
ਹੋ ਪੂਰਾ ਹਰ ਅਰਮਾਨ ਰਹੇ
ਤੇਰੇ ਸਿਰ ਤੋਂ ਸਦਕੇ ਸੁਰਗ ਸਭੇ
ਤੈਨੂੰ ਕਿਸਮਤ ਦਾ ਵਰਦਾਨ ਰਹੇ!

......(ਜੋ ਵੀ ਇਸ ਖ਼ੁਸ਼ੀ ਨਾਲ ਸਬੰਧਿਤ ਹੈ ਉਸਦਾ ਨਾਮ)... ਨੂੰ ਇਸ......(ਖ਼ਾਸ ਮੌਕੇ ਦਾ ਨਾਂ)......ਦੀ ਬਹੁਤ ਬਹੁਤ ਵਧਾਈ, ਰੱਬ ਕਰੇ ਕਿ ਤੇਰੇ ਧੌਲਰਾਂ ਨੂੰ ਕਿਸੇ ਦੀ ਨਜ਼ਰ ਨਾ ਲੱਗੇ, ਸੁੱਖਾਂ ਦੇ ਸਾਵੇ ਗਲੀਚੇ ਵਿਛੇ ਰਹਿਣ ਤੇ ਤਪਦੀਆਂ-ਮੱਚਦੀਆਂ ਪਗਡੰਡੀਆਂ ਵਿੱਚ ਬੋਹੜਾਂ ਦੀ ਸੰਘਣੀ ਛਾਂ ਵਰਗਾ ਸਕੂਨ ਮਿਲੇ!
ਏਹੋ ਜਿਹੀਆਂ ਹਜ਼ਾਰਾਂ ਸ਼ੁਭ ਇਛਾਵਾਂ ਸਹਿਤ,
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ

2.

ਸਾਡੇ ਦਿਲ ਦੀ ਹਰ ਧੜਕਣ ਏਹੋ ਦੁਆ ਕਰੇ
ਤੇਰੇ ਵਿਹੜੇ ਖੁਸ਼ੀ ਦੀ ਬੱਦਲੀ ਕੋਈ ਵਰ੍ਹੇ
ਜ਼ਿੰਦਗੀ ਦਾ ਰੁੱਖ ਮੌਲੇ ਇਸ ਅਦਾ ਦੇ ਨਾਲ
ਜ਼ਖ਼ਮ ਹਰੇ ਹੋਣ ਨਾ , ਪੱਤੇ ਰਹਿਣ ਹਰੇ!

......(ਜਿਸ ਵਿਅਕਤੀ ਦੇ ਸਬੰਧ ਵਿਚ ਇਹ ਜਸ਼ਨ ਹੈ, ਉਸਦਾ ਨਾਮ).........ਨੂੰ ਅਤੇ ਸਾਰੇ ਪਰਿਵਾਰ ਨੂੰ ਇਹ ਸੁਭਾਗਾ ਦਿਨ ਬਹੁਤ ਬਹੁਤ ਮੁਬਾਰਕ ਹੋਵੇ, ਉਮੀਦਾਂ ਦੇ ਬਿਰਖ ਫ਼ਲਦਾਰ ਹੋਣ, ਹਰ ਸੁਫ਼ਨਾ ਹਕੀਕਤ ਦਾ ਲਿਬਾਸ ਪਹਿਨੇ ਤੇ ਰਾਹ ਦੇ ਭੱਖੜਿਆਂ ਨੂੰ ਮਖ਼ਮਲਾਂ ਦੀ ਜੂਨ ਨਸੀਬ ਹੋਵੇ!
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ



ਕੋਠੇ 'ਤੇ ਕਾਂ ਬੋਲੇ
ਬਾਪੂ ਸਾਨੂੰ ਜਿਉਣ ਦਵੀਂ
ਤੇਰਾ ਜੱਗ ਵਿੱਚ ਨਾਂ ਬੋਲੇ!



## ਧੀ-ਧਿਆਣੀ ਦੇ ਕਿਸੇ ਵਿਸ਼ੇਸ਼ ਹਾਸਿਲ 'ਤੇ 'ਸ਼ਾਬਾਸ਼ ਦੀਆਂ ਇਬਾਰਤਾਂ'

ਇਹ 'ਸ਼ਾਬਾਸ਼ ਦੀਆਂ ਇਬਾਰਤਾਂ' ਕਿਸੇ ਧੀ-ਧਿਆਣੀ ਦੇ ਇਨਾਮ-ਸਨਮਾਨ ਲੈਣ, ਖੇਡਾਂ ਵਿੱਚ ਮੱਲਾਂ ਮਾਰਨ, ਗੀਤ-ਸੰਗੀਤ, ਚਿੱਤਰਕਲਾ, ਨਾਟਕ, ਨੌਕਰੀ ਜਾਂ ਕਿਸੇ ਵੀ ਮੈਦਾਨ ਵਿੱਚ ਕਿਸੇ 'ਵਿਸ਼ੇਸ਼ ਹਾਸਿਲ' ਦੇ ਜਸ਼ਨ ਵੇਲੇ ਸ਼ਗਨ ਦੇ ਰੂਪ ਵਿੱਚ ਲਿਖੀਆਂ ਜਾ ਸਕਦੀਆਂ ਹਨ ਜਾਂ ਚਿੱਠੀ, ਈਮੇਲ, ਮੋਬਾਈਲ ਸੁਨੇਹੇ, ਕਿਸੇ ਸ਼ੋਸ਼ਲ ਸਾਈਟ ਆਦਿ ਰਾਹੀਂ ਵੀ ਉਹਨੂੰ ਭੇਜੀਆਂ ਜਾ ਸਕਦੀਆਂ ਹਨ।

ਖਾਲੀ ਥਾਂ ਉੱਤੇ ਨਾਮ, ਸਿਰਨਾਵਾਂ, ਫੋਨ, ਮਿਤੀ, ਈਮੇਲ ਆਦਿ ਭਰ ਲਏ ਜਾਣ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



# ਸ਼ਾਬਾਸ਼ ਦੀਆਂ ਇਬਾਰਤਾਂ:

1.
ਤੇਰੇ ਜਨਮ 'ਤੇ ਸੀ ਉਦਾਸ ਮਾਂ ਤੇਰੀ
ਤੂੰ ਉਹਦੇ ਲਈ ਗੌਰਵ ਦਾ ਨਗਮਾ ਬਣੀ ਹੈਂ
ਸੀਨੇ ਦਾ ਪੱਥਰ ਸੀ ਆਖਿਆ ਲੋਕਾਂ
ਤੂੰ ਸੀਨੇ ਲਈ ਬਾਬਲ ਦੇ ਤਗਮਾ ਬਣੀ ਹੈਂ!

ਅੰਤ-ਪਿਆਰੀ...... (ਵਿਸ਼ੇਸ਼ ਪ੍ਰਾਪਤੀ ਵਾਲੀ ਬੱਚੀ ਦਾ ਨਾਮ)...... ਅੱਜ ਸੂਰਜ ਦੀਆਂ ਕਿਰਨਾਂ ਨਾਲ ਨਾਹਤਾ-ਧੋਤਾ ਉਹ ਦਿਨ ਹੈ, ਜਦੋਂ ਤੂੰ ਆਪਣੇ ਖਾਨਦਾਨ ਦਾ ਨਾਂ ਸੋਨੇ ਦੇ ਅੱਖਰਾਂ ਵਿੱਚ ਮੜ੍ਹਾਇਆ ਹੈ,ਏਹੋ ਦੁਆ ਕਰਦੇ ਹਾਂ ਕਿ ਕੋਈ ਅੱਥਰਾ ਵਾਵਰੋਲਾ ਤੇਰੇ ਸੁਫ਼ਨਿਆਂ ਦੀਆਂ ਤਿਤਲੀਆਂ ਦਾ ਨਸੀਬ ਨਾ ਬਣੇ,ਤੇਰੀ ਮਾਣ-ਮੱਤੀ ਝੋਲ਼ ਹਮੇਸ਼ਾ ਇਹੋ ਜਿਹੀਆਂ ਅਸ਼ਰਫੀਆਂ ਨਾਲ ਦਮਕਦੀ ਰਹੇ ਤੇ ਤੂੰ ਇਸ ਸੰਸਾਰ ਨੂੰ ਦਿਖਾ ਦੇਵੇਂ ਕਿ ਧੀਆਂ ਪੁੱਤਾਂ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੁੰਦੀਆਂ!
......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ......ਆਦਿ

2.

ਇੱਕ ਦਿਨ ਹੰਘਾਲਣੇ ਤੂੰ ਸਭ ਪਤਾਲ
ਇੱਕ ਦਿਨ ਖਹਿਣਾ ਹੈ ਤੂੰ ਅਰਸ਼ਾਂ ਦੇ ਨਾਲ
ਚੰਦ ਤਾਰਿਆਂ 'ਤੇ ਪਾਉਣੇ ਆਲ੍ਹਣੇ !

ਕੂਲੇ ਪੱਬਾਂ ਵਿੱਚ ਮਿਹਨਤਾਂ ਦੀਆਂ ਬਿਜਲੀਆਂ ਭਰਕੇ ਵੱਡੀਆਂ ਮੱਲਾਂ ਮਾਰਨ ਵਾਲੀ ਬੇਟੀ......(ਵਿਸ਼ੇਸ਼ ਪ੍ਰਾਪਤੀ ਵਾਲੀ ਬੱਚੀ ਦਾ ਨਾਮ)......ਨੂੰ ਬਹੁਤ ਬਹੁਤ ਸ਼ਾਬਾਸ਼ ਤੇ ਮੁਬਾਰਕ ! ਧੀ ਰਾਣੀਏ ! ਤੂੰ ਅੱਜ ਆਪਣੇ ਮਾਤਾ-ਪਿਤਾ ਦਾ ਉਹ ਸੁਫ਼ਨਾ ਪੂਰਾ ਕੀਤਾ ਹੈ, ਜਿਹੜਾ ਉਹਨਾਂ ਨੇ ਸ਼ਾਇਦ ਲਿਆ ਵੀ ਨਹੀਂ ਸੀ,ਤੇਰਾ ਸਿਰੜ ਤੇ ਸਿਦਕ ਗਵਾਹੀ ਭਰਦਾ ਹੈ ਕਿ ਇਕ ਦਿਨ ਤੂੰ ਟੀਸੀ ਦੇ ਬੇਰ ਲਾਹੁਣੇ ਨੇ। ਰੱਬ ਕਰੇ,ਤੂੰ ਨਵੇਂ ਸੰਕਲਪਾਂ ਦੇ ਖੰਭਾਂ 'ਤੇ ਉੱਡ ਕੇ ਨਿੱਤ ਨਵੇਂ ਆਕਾਸ਼ ਛੋਹੇਂ, ਕੋਈ ਬਾਜ਼,ਕੋਈ ਸ਼ਿਕਰਾ ਤੇਰੀ ਉਡਾਣ ਨੂੰ ਗ੍ਰਹਿਣ ਨਾ ਲਾਵੇ ਤੇ ਤੂੰ ਆਪਣੇ ਨਛੱਤਰਾਂ ਦੀ ਆਪ ਸਿਕੰਦਰ ਬਣੇ !

......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ



3.

ਸਿਤਾਰੇ ਅੰਬਰਾਂ ਦੇ ਹੀ ਰਾਤ ਰੌਸ਼ਨ ਨਹੀਂ ਕਰਦੇ,
ਤੂੰ ਚਾਹੇਂ ਤਾਂ ਸਿਤਾਰੇ ਚੁੰਨੀ ਦੇ ਵੀ ਜਗਮਗਾ ਜਾਣੇ
ਤੇਰੇ ਪੈਰਾਂ 'ਚ ਉਹ ਦਮ ਹੈ,ਤੇਰੇ ਸੀਨੇ 'ਚ ਉਹ ਅਗਨੀ
ਤੇਰੇ ਸਾਹਵੇਂ ਜ਼ਮਾਨੇ ਦੇ ਸਿਤਮ ਸਭ ਡਗਮਗਾ ਜਾਣੇ !

......(ਵਿਸ਼ੇਸ਼ ਮੱਲਾਂ ਮਾਰਨ ਵਾਲੀ ਬੱਚੀ ਦਾ ਨਾਂ)...... ਨੂੰ,
ਸਿਦਕਵਾਨ ਬੱਚੀਏ ! ਜਿਉਂਦੀ ਵਸਦੀ ਰਹਿ ਤੇ ਜਿਉਂਦੀ ਵਸਦੀ ਰਹੇ ਤੇਰੀ ਜੁੱਅਰਤ,ਤੇਰੇ ਇਰਾਦੇ,ਤੇਰੀ ਲਗਨ,ਤੂੰ ਇਕ ਦਿਨ ਜ਼ਰੂਰ ਦੁਨੀਆਂ ਦੇ ਸਾਹਮਣੇ ਇਕ ਮਿਸਾਲ ਬਣ ਕੇ ਖੜ੍ਹੀ ਹੋਏਂਗੀ ਤੇ ਵਕਤ ਦੇ ਦਮਘੋਟੂ ਹਨੇਰਿਆਂ ਨੂੰ ਇਕ ਮਸ਼ਾਲ ਬਣ ਕੇ ਰੌਸ਼ਨ ਕਰੇਂਗੀ ! ਤੇਰੇ ਅੰਦਰ ਕੁਝ ਕਰ ਵਿਖਾਉਣ ਦਾ ਵੇਗਮੱਤਾ ਦਰਿਆ ਸ਼ੂਕਦਾ ਰਹੇ ਤੇ ਇਹ ਸਾਰਾ ਜੱਗ ਤੇਰੀ ਬਾਤ ਦਾ ਹੁੰਗਾਰਾ ਬਣੇ !
ਤੇਰੇ 'ਤੇ ਵੱਡਾ ਸਾਰਾ ਮਾਣ ਕਰਦੇ ਹੋਏ,

......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ

4.
ਏਵੇਂ ਹੀ ਮੱਲਾਂ ਮਾਰੇਂ
ਉੱਡੇਂ ਤੂੰ ਤਿਤਲੀ ਬਣਕੇ
ਜ਼ੁਲਮਾਂ ਦੇ ਬੱਦਲਾਂ 'ਚੋਂ
ਲੰਘ ਜਾਵੇਂ ਬਿਜਲੀ ਬਣ ਕੇ

ਜ਼ਿੰਦਗੀ ਦੇ ਸਫ਼ਰ ਅੰਦਰ
ਕੰਡਿਆਲੀ ਰਾਹ ਨਾ ਆਵੇ
ਆਵੇ ਤਾਂ ਤੇਰੀ ਹਿੰਮਤ
ਸਭ ਵਾੜਾਂ ਟੱਪ ਜਾਵੇ

ਤੂੰ ਰਾਜ-ਭਾਗ ਮਾਣੇਂ
ਖਲਕਤ ਸਵਾਲੀ ਹੋਵੇ
ਹਰ ਘਰ'ਚ ਤੇਰੇ ਵਰਗੀ
ਕੋਈ ਕਰਮਾਂ ਵਾਲੀ ਹੋਵੇ!

......(ਸ਼ਗਨ/ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ......ਆਦਿ



ਸੁਹਾਗਾਂ, ਘੋੜੀਆਂ ਤੇ ਕੁੜਮਾਂਚਾਰੀਆਂ ਦੀ ਰੁੱਤ!
ਵਟਣੇ-ਮਹਿੰਦੀ ਤੇ ਗੋਟੇ-ਕਿਨਾਰੀਆਂ ਦੀ ਰੁੱਤ!
ਚਿੜੀਆਂ ਦੇ ਚੰਬੇ ਦਾ ਵਿਹੜੇ 'ਚੋਂ ਉਡਣਾ
ਡੋਲੀਆਂ, ਜੰਨਾਂ ਤੇ ਖਾਤਿਰਦਾਰੀਆਂ ਦੀ ਰੁੱਤ!



# ਕੁੜੀ ਦੇ ਵਿਆਹ ਦੀ 'ਸਾਹਾ-ਚਿੱਠੀ', 'ਵਿਆਹ ਦਾ ਕਾਰਡ' ਅਤੇ ਸਾਕ-ਸਬੰਧੀਆਂ ਵੱਲੋਂ ਵਿਆਹੁਲੀ ਕੁੜੀ ਲਈ 'ਅਸੀਸਾਂ ਦੇ ਸ਼ਗਨ'

ਇਹ 'ਸਾਹਾ-ਚਿੱਠੀ' ਧੀ ਦੇ ਸਹੁਰਿਆਂ ਨੂੰ ਭੇਜੀ ਜਾਂਦੀ ਹੈ ਅਤੇ ਆਮ ਤੌਰ 'ਤੇ ਇਕ ਸਫ਼ੇ ਦੀ ਹੁੰਦੀ ਹੈ, 'ਵਿਆਹ ਦਾ ਕਾਰਡ' ਆਮ ਤੌਰ 'ਤੇ ਚਾਰ ਸਫ਼ੇ ਦਾ ਹੁੰਦਾ ਹੈ ਪਰ ਲੋੜ ਅਨੁਸਾਰ ਸਫੇ ਵੱਧ-ਘੱਟ ਕੀਤੇ ਜਾ ਸਕਦੇ ਹਨ। 'ਅਸੀਸਾਂ ਦੇ ਸ਼ਗਨ' ਸਾਕ-ਸਬੰਧੀਆਂ ਵੱਲੋਂ ਕਾਗਜ਼ ਉੱਤੇ ਲਿਖ ਕੇ ਲਿਫਾਫੇ ਵਿਚ ਪਾ ਕੇ ਦਿੱਤੇ ਜਾ ਸਕਦੇ ਹਨ।

ਖਾਲੀ ਥਾਂ ਉੱਤੇ ਨਾਮ,ਸਿਰਨਾਵਾਂ, ਫੋਨ, ਮਿਤੀ, ਸਥਾਨ, ਸਮਾਂ ਆਦਿ ਭਰ ਲਏ ਜਾਣ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ ਤੇ ਦੇਖੀ ਜਾ ਸਕਦੀ ਹੈ।



# ਸਾਹਾ-ਚਿੱਠੀ

## ਲਿਫਾਫੇ ਉੱਤੇ ਲਿਖੀ ਜਾਣ ਲਈ ਇਬਾਰਤ:

ਵੱਡੜੇ ਸਾਡੇ ਭਾਗ ਕਿ ਰੱਬ ਨੇ ਸੋਹਣੇ ਸੱਜਣ ਮਿਲਾਏ
ਚਿੱਟੇ ਚੌਲ ਹੋਣੇ ਪੁੰਨ ਕੀਤੇ, ਤਾਂ ਹੀ ਇਹ ਦਿਨ ਆਏ
ਉੱਚੜੀ ਤੁਹਾਡੀ ਸੋਭਾ, ਸਾਥੋਂ ਸਿਫ਼ਤ ਕਹੀ ਨਾ ਜਾਏ
ਤੁਸਾਂ ਨੇ ਢੁਕਣਾ ਸਾਡੇ,ਸਾਥੋਂ ਚਾਅ ਚੱਕਿਆ ਨਾ ਜਾਏ
ਇਕ ਗੁਜ਼ਾਰਿਸ਼ ਹੱਥ ਬੰਨ੍ਹ ਕਰਦੀ ਕੁੱਲ ਸਕੀਰੇਦਾਰੀ
ਨਾ ਪੁੱਟੇ ਕੋਈ ਤੋਪਾ ਉਹਦਾ, ਨਾ ਰੀਝਾਂ ਦੀ ਕਿਆਰੀ
ਧੀ ਦੀ ਖਾਤਿਰ ਕੱਢ ਰਹੀ ਹੈ ਅੰਮੜੀ ਜੋ ਫੁਲਕਾਰੀ
ਡੁੱਲ੍ਹੇ ਕੇਸਰ ਪੈਰੀਂ ਤੁਹਾਡੇ, ਬਣੀ ਰਹੇ ਸਰਦਾਰੀ!

## ਸਾਹਾ-ਚਿੱਠੀ

ੴ ਸਤਿਗੁਰ ਪ੍ਰਸਾਦਿ॥
#ਸਾਹਾ ਅਟਲ ਗਣਿਆ ਪੂਰਨ ਸੰਜੋਗੋ ਰਾਮ॥
ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ॥
ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥#

ਪਰਮ ਸਤਿਕਾਰਯੋਗ ਸਰਦਾਰਨੀ...(ਲਾੜੇ ਦੀ ਮਾਤਾ ਦਾ ਨਾਮ)...ਅਤੇ ਸਰਦਾਰ......(ਲਾੜੇ ਦੇ ਪਿਤਾ ਦਾ ਨਾਮ)......ਜੀਓ!
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਅਕਾਲਪੁਰਖ ਦੀ ਅਥਾਹ ਮਿਹਰ ਸਦਕਾ ਆਪ ਜੀ ਦੇ ਸਪੁੱਤਰ ......(ਲਾੜੇ ਦਾ ਨਾਂ)......ਅਤੇ ਅਸਾਡੀ ਸਪੁੱਤਰੀ......(ਲਾੜੀ ਦਾ ਨਾਂ) ......ਨੂੰ ਗ੍ਰਹਿਸਤ ਧਰਮ ਵਿੱਚ ਪਰਵੇਸ਼ ਕਰਾਉਣ ਲਈ ਸ਼ੁਭ ਅਨੰਦ ਕਾਰਜ ਦਾ ਭਾਗਾਂ ਭਰਿਆ ਦਿਹਾੜਾ ਮਿਤੀ......ਦਿਨ......ਨੂੰ ਨਿਯਤ ਹੋਇਆ ਹੈ, ਜੰਞ ਦਾ ਢੁਕਾਅ... (ਸਥਾਨ ਦਾ ਨਾਂ ਤੇ ਸਿਰਨਾਵਾਂ )...ਵਿਖੇ ਹੋਵੇਗਾ।ਆਪ ਜੀ ਨੂੰ ਬੇਨਤੀ ਹੈ ਕਿ #ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ# ਦੇ ਗੁਰਵਾਕ ਅਨੁਸਾਰ ਜਾਂਞੀਆਂ ਨਾਲ ਸਵੇਰੇ ਠੀਕ...ਵਜੇ ...(ਸਥਾਨ ਦਾ ਨਾਂ)... ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ ਤਾਂ ਜੋ ਆਪਣਾ ਕਾਰਜ ਸਮੇਂ ਸਿਰ ਸੰਪੂਰਨ ਹੋ ਸਕੇ।ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ।
ਆਪ ਜੀ ਦੇ ਰਾਹਾਂ ਵਿੱਚ ਅੱਖਾਂ ਵਿਛਾਈ ਬੈਠੇ ਹੋਏ,
ਦਰਸ਼ਨ ਅਭਿਲਾਸ਼ੀ,
ਲੜਕੀ ਦੇ ਮਾਤਾ-ਪਿਤਾ/ਰਿਸ਼ਤੇਦਾਰਾਂ/ਪੰਚਾਇਤ/ ਜਾਂ ਮੁਹੱਲੇਦਾਰਾਂ ਦੇ ਨਾਮ,ਦਸਤਖਤ,ਅਤੇ ਮਿਤੀ......

**ਨੋਟ** :ਇਹ 'ਸਾਹਾ-ਚਿੱਠੀ' ਨਾਮ,ਪਤਾ ਆਦਿ ਭਰ ਕੇ ਲਿਫਾਫੇ ਵਿੱਚ ਪਾ ਦਿੱਤੀ ਜਾਵੇ,ਨਾਲ ਆਪਣੇ ਰਿਵਾਜ਼ ਅਨੁਸਾਰ ਫੁੱਲ-ਪੱਤੀਆਂ, ਘਾਹ ਦੀਆਂ ਤਿੜਾਂ, ਕੇਸਰ, ਹਲਦੀ, ਚੌਲ, ਮਿਸ਼ਰੀ ਆਦਿ ਪਾ ਕੇ ਉੱਤੇ ਗੋਟਾ ਜਾਂ ਖੰਮ੍ਹਣੀ ਬੰਨ੍ਹੀ ਜਾ ਸਕਦੀ ਹੈ।

-------------------------------------

#ਗੁਰਵਾਕ



## ਬੇਟੀ ਦੇ ਵਿਆਹ ਦਾ ਕਾਰਡ

### ਕਾਰਡ ਵਾਲੇ ਲਿਫਾਫੇ ਦੇ ਸਾਹਮਣੇ ਪਾਸੇ ਜਾਂ ਮਿਠਾਈ ਵਾਲੇ ਡੱਬੇ ਉੱਤੇ

### ਉੱਪਰ:

ਮਹਿੰਦੀ ਦਾ ਰੰਗ ਲਾਲ,ਪੱਤਰ ਹਰੇ-ਹਰੇ
ਆਏ ਦਿਨ ਸੁਹਾਵੇ, ਸ਼ਗਨਾਂ ਨਾਲ ਭਰੇ
ਜਾਂ
* ਸਾਨੂੰ ਬਾਬਲ ਦਿੱਤਾ ਵਰ ਟੋਲ ਕੇ
ਦਿੱਤਾ ਫੁੱਲ ਗੁਲਾਬੀ ਤੋੜ ਕੇ *

......(ਵਿਆਂਹਦੜ ਕੁੜੀ ਦਾ ਨਾਂ)......ਦਾ ਸ਼ੁਭ ਸੰਜੋਗ ......(ਲਾੜੇ ਦਾ ਨਾਂ)......ਨਾਲ

......ਮਿਤੀ......ਦਿਨ......

### ਹੇਠਾਂ:

......( ਵਿਆਂਹਦੜ ਕੁੜੀ ਦੇ ਮਾਤਾ-ਪਿਤਾ ਦਾ ਨਾਂ)......ਸਿਰਨਾਵਾਂ......
ਫੋਨ ਨੰ:......ਈਮੇਲ......ਆਦਿ

-------------------------

* ਲੋਕਗੀਤ

## ਕਾਰਡ ਦਾ ਪਹਿਲਾ ਸਫ਼ਾ:

**#ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ#**

ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ
ਉਹ ਸੁਲੱਖਣੀ ਘੜੀ ਆ ਗਈ ਹੈ
ਜਦੋਂ ਸਾਡੇ ਵਿਹੜੇ ਉੱਤਰੀ ਨਿੱਕੀ ਜਿਹੀ ਪਰੀ
......( ਵਿਆਂਹਦੜ ਕੁੜੀ ਦਾ ਨਾਂ)......
ਆਪਣੇ ਖ਼ਾਬਾਂ ਦੇ ਸ਼ਹਿਜ਼ਾਦੇ
......(ਲਾੜੇ ਦਾ ਨਾਂ)......
ਸਪੁੱਤਰ......(ਲਾੜੇ ਦੇ ਮਾਤਾ-ਪਿਤਾ ਦੇ ਨਾਂ)......
ਵਾਸੀ......(ਲਾੜੇ ਦੇ ਪਿੰਡ/ਸ਼ਹਿਰ ਦਾ ਨਾਂ)......
ਦਾ ਲੜ ਫੜ ਕੇ
ਆਪਣੀਆਂ ਹਸਰਤਾਂ ਦੇ ਘਰ ਵੱਲ ਉੱਡਣ ਲੱਗੀ ਹੈ
ਆਪ ਜਾਣਦੇ ਹੀ ਓ ਕਿ
ਧੀਆਂ 'ਕੱਲਿਆਂ 'ਕੱਲਿਆਂ ਨਹੀਂ ਤੋਰੀਆਂ ਜਾਂਦੀਆਂ
ਏਸ ਵੇਲੇ ਲੋੜੀਦੇ ਹੁੰਦੇ ਨੇ ਤੁਹਾਡੇ ਵਰਗੇ ਸੂਰਜੀ ਅੰਗ-ਸਾਕ
ਤੇ ਚਾਨਣ ਦੀਆਂ ਫਾੜੀਆਂ ਵਰਗੇ ਸ਼ਹਿਦ-ਭਿੰਨੇ ਬੋਲ
ਏਨਾ ਜ਼ਰੂਰ ਕਰਿਓ
ਕਿ ਮਿਤੀ......ਦਿਨ......ਨੂੰ......ਵਜੇ
ਸੰਦਲੀ ਪੌਣ ਬਣਕੇ ਤੇ ਅਸੀਸਾਂ ਦੀ ਬੁੱਕਲ ਮਾਰਕੇ
ਸਾਡੇ ਵਿਹੜੇ ਪੱਬ ਧਰਿਓ!
ਅਸੀਂ ਤੁਹਾਡੇ ਇਕ ਇਕ ਕਦਮ ਦੇ ਤਲਬਗਾਰ ਹਾਂ

ਤੁਹਾਨੂੰ ਪਿਆਰ ਭਰੀ ਹਾਕ ਮਾਰਨ ਵਾਲੇ:
......(ਮਾਤਾ-ਪਿਤਾ ਦਾ ਨਾਮ ਜਾਂ ਹੋਰ ਜਿਸਦਾ ਵੀ ਨਾਮ ਲਿਖਣਾ ਹੋਵੇ)......
......ਸਿਰਨਾਵਾਂ......ਫੋਨ ਨੰ:......

----------------------------------------

#ਗੁਰਵਾਕ



## ਕਾਰਡ ਦਾ ਦੂਜਾ ਸਫ਼ਾ:

**ਸਥਾਨ:ਅੰਮੜੀ ਦੇ ਵਿਹੜੇ**

(ਜੇ ਕੋਈ ਰਸਮ/ਜਸ਼ਨ ਕਿਸੇ ਹੋਰ ਸਥਾਨ 'ਤੇ ਹੈ ਤਾਂ ਉਸਦੇ ਸਾਹਮਣੇ ਸਿਰਨਾਵਾਂ ਦੇ ਦਿੱਤਾ ਜਾਵੇ)

**ਮਹਿੰਦੀ**:......ਮਿਤੀ ......ਦਿਨ......ਸਮਾਂ......ਵਜੇ
* ਨੀ ਲੈ ਦੇ ਮਾਏ! ਕਾਲ਼ਿਆਂ ਬਾਗਾਂ ਦੀ ਮਹਿੰਦੀ *
**ਮਾਂਈਆਂ/ਵਟਣਾ/ਹਲਦੀ-ਹੱਥ**......ਮਿਤੀ......ਦਿਨ......
ਸਮਾਂ......ਵਜੇ
*ਵਾਹ!ਵਾਹ!ਕਿ ਵਟਣਾ ਕਟੋਰੇ ਦਾ,ਵਾਹ!ਵਾਹ!ਮਲੇਂਦੀਆਂ ਦੋ ਜਣੀਆਂ*

**ਸੁਹਾਗ-ਸੰਗੀਤ:** ......ਮਿਤੀ......ਦਿਨ......ਸਮਾਂ......ਵਜੇ
* ਦੇਵੀਂ ਵੇ ਬਾਬਲ ਓਸ ਘਰੇ
ਜਿੱਥੇ ਸੱਸ ਭਲੀ ਪਰਧਾਨ,ਸਹੁਰਾ ਸਰਦਾਰ ਹੋਵੇ *

ਸੁਹਾਗ ਦੇ ਗੀਤਾਂ ਸੰਗ
ਸੁਰੰਗੜੀ ਵਲਟੋਹੀ ਉੱਤੇ
ਲਟੋ-ਲਟ ਦੀਵਿਆਂ ਦੀ 'ਜਾਗੋ'
ਤੁਸੀਂ ਹੀ ਰੁਸ਼ਨਾਉਣੀ ਹੈ..
ਤੇ ਤੁਹਾਡੇ ਨਾਲ ਹੀ
ਇਹਨਾਂ ਰੌਣਕਾਂ ਨੇ
ਆਪਣੇ ਪੂਰੇ ਜਲੌਅ 'ਤੇ ਆਕੇ
ਖੁਸ਼ਨੁਮਾ ਚੇਤਿਆਂ ਦੀ
ਇਬਾਰਤ ਬਣਨਾ ਹੈ!
ਸਿੱਠਣੀਆਂ ਸੰਗ ਆਪਣੇ ਹੁਨਰ ਦਿਖਾਉਂਦੀਆਂ ਹੋਈਆਂ
ਜੀ ਆਇਆਂ ਕਹਿਣਗੀਆਂ:
ਨਾਨਕੀਆਂ-ਦਾਦਕੀਆਂ

------------------

*ਲੋਕਗੀਤ

## ਕਾਰਡ ਦਾ ਤੀਜਾ ਸਫ਼ਾ

**ਵਿਆਹ ਦਾ ਸਥਾਨ ਤੇ ਸਿਰਨਾਵਾਂ**:......ਮਿਤੀ......ਦਿਨ:......
**ਬਰਾਤ ਦਾ ਸਵਾਗਤ:** ਸੰਦਲੀ ਕਿਰਨਾਂ ਨਾਲ...... ਸੁਬ੍ਹਾ......ਵਜੇ
* ਆਇਆ ਲਾੜੀਏ!ਨੀ ਤੇਰਾ ਸਿਹਰਿਆਂ ਵਾਲਾ ਵਿਆਹਵਣ ਆਇਆ
ਆਇਆ ਤੇ ਸਦਾ ਰੰਗ ਲਿਆਇਆ ਲਾੜੀਏ ਨੀ!
ਤੇਰਾ ਸਿਹਰਿਆਂ ਵਾਲਾ ਵਿਆਹਵਣ ਆਇਆ *
**ਸ਼ੁਭ ਅਨੰਦ ਕਾਰਜ:** ਗੁਰਬਾਣੀ ਦੀ ਓਟ ਵਿੱਚ......ਸਵੇਰ......ਵਜੇ
......(ਗੁਰਦਵਾਰਾ ਸਾਹਿਬ ਦਾ ਸਿਰਨਾਵਾਂ) ......
#ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੇ ਲਾਗੀ#
**ਪ੍ਰੀਤੀ ਭੋਜਨ:** ਜਾਂਞੀਆਂ/ਮੇਲੀਆਂ ਦੇ ਸੰਗ.. ਦੁਪਹਿਰ......ਵਜੇ
* ਮੇਰੇ ਬਾਬਲ ਦੇ ਨੌਕਰੋ!ਵੇ ਖਾਣਾ ਖ਼ੂਬ ਬਣਾਇਓ
ਬਾਬਲ ਮਹਿਲਾਂ ਦਾ ਰਾਜਾ!ਵੇ ਕਿਤੇ ਨਿੰਦਿਆ ਨਾ ਜਾਵੇ *
**ਡੋਲੀ**: (ਬਾਬਲ ਦੇ ਬੂਹੇ ਤੋਂ ਜਾਂ ਸਥਾਨ)...... ਸ਼ਾਮ......ਵਜੇ
* ਬਾਬਲ ਵਿਦਿਆ ਕਰੇਂਦਿਆ! ਮੈਨੂੰ ਰੱਖ ਲੈ ਅੱਜ ਦੀ ਰਾਤ ਵੇ!
ਕਿੱਕਣ ਰੱਖਾਂ ਧੀਏ ਮੇਰੀਏ! ਮੈਂ ਤਾਂ ਸੱਜਣ ਸਦਾ ਲਏ ਆਪ ਨੀ *

ਆਇਓ ਜ਼ਰੂਰ!
ਅਸੀਂ ਪਲਕਾਂ ਦੇ ਦੀਵਟ ਉੱਤੇ
ਇੰਤਜ਼ਾਰ ਦੇ ਚੌਮੁਖੀਏ ਦੀਵੇ ਬਾਲ ਕੇ
ਆਪ ਦੇ ਮੋਹ-ਭਿੱਜੇ ਸਾਥ ਲਈ
ਬੇਤਾਬ ਹਾਂ
......(ਜਿਹੜੇ ਵੀ ਨਾਂ ਲਿਖਣੇ ਹੋਣ)......
......ਘਰ ਦਾ ਸਿਰਨਾਵਾਂ......ਫੋਨ ਨੰ:......

---------------------

*ਲੋਕਗੀਤ #ਗੁਰਵਾਕ



## ਕਾਰਡ ਦਾ ਚੌਥਾ ਤੇ ਆਖਰੀ ਸਫ਼ਾ

* **ਮੇਰੀ ਡੋਲੀ ਨੂੰ ਹੌਲੀ ਹੌਲੀ ਤੋਰ ਵੇ!**
ਮੇਰੇ ਪੈਣ ਕਲੇਜੜੇ ਹੌਲ ਵੇ!
ਲੱਗੀ ਹੋਣ ਵਿਦਾਈ
ਹਾਇ ਓ ਰੱਬਾ! ਮੈਂ ਤਾਂ ਹੋਈ ਜੀ ਪਰਾਈ (......ਲਾੜੀ ਦਾ ਨਾਂ......)
**ਮੇਰੀ ਡੋਲੀ 'ਤੇ ਫੁੱਲਾਂ ਦੇ ਹਾਰ ਵੇ !**
ਇਹਨਾਂ ਮਾਪਿਆਂ ਦੀ ਬੜੀ ਜੀ ਬਹਾਰ ਵੇ!
ਹੁਣ ਪੈ ਗਈ ਜੁਦਾਈ
ਪੇਕੜਿਓ! ਧੀ ਹੋਈ ਜੀ ਪਰਾਈ (......ਸਾਰੇ ਰਿਸ਼ਤੇਦਾਰ......)
**ਇਹਨਾਂ ਰਾਹਾਂ ਦੇ ਲੰਮੇ ਲੰਮੇ ਪੰਧ ਵੇ!**
ਵੀਰਾ ਮਿਲਦਾ ਤਾਂ ਚੜ੍ਹ ਜਾਂਦਾ ਚੰਦ ਵੇ!
ਹੁਣ ਪੈ ਗਈ ਜੁਦਾਈ
ਵੀਰਨਾ! ਭੈਣ ਹੋਈ ਜੀ ਪਰਾਈ (......ਵੀਰ/ਵੀਰਾਂ ਦਾ ਨਾਂ......)
**ਇਹਨਾਂ ਰਾਹਾਂ ਦੇ ਲੰਮੇ ਲੰਮੇ ਪੰਧ ਵੇ!**
ਭਾਬੀ ਮਿਲਦੀ ਤਾਂ ਲੱਗ ਜਾਂਦੇ ਰੰਗ ਵੇ!
ਹੁਣ ਪੈ ਗਈ ਜੁਦਾਈ
ਭਾਬੀਏ!ਨਣਦ ਹੋਈ ਜੀ ਪਰਾਈ (......ਭਾਬੀ/ਭਾਬੀਆਂ ਦਾ ਨਾਂ......)
**ਇਹਨਾਂ ਰਾਹਾਂ ਦੇ ਲੰਮੇ ਲੰਮੇ ਪੰਧ ਵੇ!**
ਭਤੀਜੇ ਮਿਲਦੇ ਤਾਂ ਮਿਲ ਜਾਂਦੀ ਖੰਡ ਵੇ!
ਹੁਣ ਪੈ ਗਈ ਜੁਦਾਈ
ਸੋਹਣਿਓ! ਭੂਆ ਹੋਈ ਜੀ ਪਰਾਈ (......ਭਤੀਜੇ/ਭਤੀਜੀਆਂ ਦੇ ਨਾਂ:......)
**ਇਹਨਾਂ ਰਾਹਾਂ ਦੇ ਲੰਮੇ ਲੰਮੇ ਪੰਧ ਵੇ!**
ਬਾਬਲ ਮਿਲਦਾ ਤਾਂ ਪੈ ਜਾਂਦੀ ਠੰਢ ਵੇ
ਹੁਣ ਪੈ ਗਈ ਜੁਦਾਈ
ਬਾਬਲਾ!ਬੇਟੀ ਹੋਈ ਜੀ ਪਰਾਈ (......ਪਿਤਾ ਦਾ ਨਾਂ......)
**ਇਹਨਾਂ ਰਾਹਾਂ ਦੇ ਲੰਮੇ ਲੰਮੇ ਪੰਧ ਵੇ!**
ਮਾਂ ਮਿਲਦੀ ਤਾਂ ਲੱਗ ਜਾਂਦੇ ਖੰਭ ਵੇ!
ਹੁਣ ਪੈ ਗਈ ਜੁਦਾਈ
ਅੰਮੜੀਏ! ਲਾਡੋ ਹੋਈ ਨੀ ਪਰਾਈ (......ਮਾਤਾ ਦਾ ਨਾਂ......)

---------------------

* ਲੋਕਗੀਤ ਤੋਂ ਪ੍ਰੇਰਨਾ ਲੈ ਕੇ ਲਿਖਿਆ ਗੀਤ

## ਕਾਰਡ ਵਾਲੇ ਲਿਫਾਫੇ ਦੇ ਪਿਛਲੇ ਪਾਸੇ :

ਇਹਨਾਂ ਹੰਝੂਆਂ ਤਾਈਂ ਸੰਭਾਲ ਭੈਣੇਂ !
ਲੱਗ ਵੀਰ ਦੀ ਹਿੱਕ ਦੇ ਨਾਲ ਭੈਣੇਂ!
ਤੇਰੀ ਡੋਲੀ ਨੂੰ ਧੱਕਾਂ
ਘੁੱਗ ਵਸੇਂ ਘਰ ਆਪਣੇ ਨੀਂ! ਤੈਨੂੰ ਰੱਬ ਦੀਆਂ ਰੱਖਾਂ!

ਜਾਂ

* ਮੇਰੀ ਡੋਲੀ ਨੂੰ ਰੱਜ ਕੇ ਦੇਖ ਨੀ ਮਾਂ!
ਧੀ ਚੱਲੀ ਮਾਹੀ ਦੇ ਦੇਸ ਨੀ ਮਾਂ! *

ਜਾਂ

* ਧੀਆਂ ਹੁੰਦੀਆਂ ਨੇ ਦੌਲਤਾਂ ਬੇਗਾਨੀਆਂ
ਹੱਸ ਹੱਸ ਤੋਰੀਂ ਬਾਬਲਾ! *

———————————————

* ਲੋਕਗੀਤ



## ਬੇਟੀ ਦੇ ਵਿਆਹ ਦੇ ਕਾਰਡ ਦੀ ਦੂਜੀ ਵੰਨਗੀ :

### ਕਾਰਡ ਵਾਲੇ ਲਿਫਾਫੇ ਦੇ ਸਾਹਮਣੇ ਪਾਸੇ ਜਾਂ ਮਿਠਾਈ ਵਾਲੇ ਡੱਬੇ ਉੱਤੇ

### ਉੱਪਰ:

* ਨੀ ਬੇਟੀ ਚੰਨਣ ਦੇ ਓਹਲੇ ਓਹਲੇ ਕਿਉਂ ਖੜ੍ਹੀ?
ਮੈਂ ਤਾਂ ਖੜ੍ਹੀ ਬਾਬਲ ਜੀ ਦੇ ਦੁਆਰ, ਬਾਬਲ ਵਰ ਲੋੜੀਏ!
ਬਾਬਲ ਜਿਉਂ ਤਾਰਿਆਂ 'ਚੋਂ ਚੰਦ,ਚੰਦਾਂ 'ਚੋਂ ਕਾਹਨ ਕਨ੍ਹੱਈਆ ਵਰ ਲੋੜੀਏ *

ਜਾਂ

* ਬਾਬਲ ਇਕ ਮੇਰਾ ਕਹਿਣਾ ਕੀਜੀਏ
ਮੈਨੂੰ ਰਾਮ ਰਤਨ ਵਰ ਦੀਜੀਏ
ਜਾਈਏ! ਲੈ ਆਂਦਾ ਵਰ ਟੋਲ ਕੇ
ਜਿਉਂ ਰੰਗ ਕਸੁੰਭੜਾ ਘੋਲ ਕੇ *

......(ਕੰਨਿਆ ਦਾ ਨਾਂ)......ਦਾ ਸ਼ੁਭ ਵਿਆਹ......(ਵਰ ਦਾ ਨਾਂ)......ਨਾਲ
......ਤਰੀਕ......ਦਿਨ......

### ਹੇਠਾਂ:

......( ਕੰਨਿਆ ਦੇ ਮਾਤਾ-ਪਿਤਾ ਦਾ ਨਾਂ)......ਸਿਰਨਾਵਾਂ......
ਫੋਨ ......ਈਮੇਲ ......ਆਦਿ

———————————————

* ਲੋਕਗੀਤ

## ਕਾਰਡ ਦਾ ਪਹਿਲਾ ਸਫ਼ਾ

ਭਗਵਾਨ ਦੀ ਕਿਰਪਾ ਨਾਲ
ਵੱਡ-ਵਡੇਰਿਆਂ ਦੀ ਠੰਢੀ ਛਾਂ ਵਿੱਚ ਮੌਲੀ
ਸਾਡੀ ਲਾਡਾਂ-ਪਾਲੀ ਧੀ......(ਕੰਨਿਆ ਦਾ ਨਾਮ)......
ਆਪਣੇ ਜੀਵਨਸਾਥੀ......( ਵਰ ਦਾ ਨਾਮ)......ਦੇ ਸੰਗ
ਗ੍ਰਹਿਸਤ ਜੀਵਨ ਵਿੱਚ ਪੈਰ ਧਰ ਰਹੀ ਹੈ
ਜਿਹੜਾ......( ਵਰ ਦੀ ਮਾਤਾ ਦਾ ਨਾਮ)......
ਅਤੇ ......( ਵਰ ਦੇ ਪਿਤਾ ਦਾ ਨਾਮ)......
ਵਾਸੀ......( ਵਰ ਦੇ ਪਿੰਡ/ਸ਼ਹਿਰ ਦਾ ਨਾਮ)......
ਦੀਆਂ ਅੱਖੀਆਂ ਦਾ ਤਾਰਾ ਹੈ
ਇਸ ਵੇਲੇ ਉਹ ਸਤਰੰਗੀਆਂ ਉਮੀਦਾਂ ਨਾਲ
ਤੁਹਾਡੇ ਸਾਰਿਆਂ ਦਾ ਅਸ਼ੀਰਵਾਦ ਲੋੜਦੀ ਹੈ
ਆਓ !
ਇਹਨਾਂ ਕਰਮਾਂ ਵਾਲੇ ਪਲਾਂ ਵਿੱਚ
'ਸੀਸਾਂ ਦਾ ਚੰਦੋਆ ਤਾਣੀਏ
ਤੇ ਸ਼ਗਨਾਂ ਵਾਲੀ ਡੋਲੀ ਨੂੰ
ਜ਼ਿੰਦਗੀ ਦੀ ਦਹਿਲੀਜ਼ ਵੱਲ ਵਿਦਾ ਕਰੀਏ!

......(ਮਾਤਾ-ਪਿਤਾ ਦਾ ਨਾਮ ਜਾਂ ਹੋਰ ਜਿਸਦਾ ਵੀ ਨਾਮ ਲਿਖਣਾ ਹੋਵੇ)...
......ਸਿਰਨਾਵਾਂ ......ਫੋਨ ਨੰ:......



## ਕਾਰਡ ਦਾ ਦੂਜਾ ਸਫ਼ਾ

**ਅੰਮੜੀ ਦੇ ਵਿਹੜੇ:**
(ਜੇ ਕੋਈ ਰਸਮ/ਜਸ਼ਨ ਕਿਸੇ ਹੋਰ ਸਥਾਨ'ਤੇ ਹੈ ਤਾਂ ਉਸਦੇ ਸਾਹਮਣੇ ਸਿਰਨਾਵਾਂ ਦੇ ਦਿੱਤਾ ਜਾਵੇ)
**ਮਹਿੰਦੀ**......ਮਿਤੀ......ਦਿਨ......ਸਮਾਂ......ਵਜੇ
* ਮਹਿੰਦੀ ਨੀ ਮਹਿੰਦੀ!ਤੈਨੂੰ ਰਲ ਮਿਲ ਲਾਵਣ ਆਈਆਂ ਨੀ
ਭੈਣਾਂ ਤੇ ਭਰਜਾਈਆਂ ਨੀ *
**ਮਾਂਈਆਂ/ਵਟਣਾ/ਹਲਦੀ-ਹੱਥ**......ਮਿਤੀ......ਦਿਨ......ਸਮਾਂ ...ਵਜੇ
* ਆਵੋ ਸਹੀਓ ਨੀ!ਰਲ ਗਾਵੋ ਸਹੀਓ
ਮੇਰੀ ਲਾਡੋ ਨੂੰ ਵਟਣਾ ਲਾਵੋ ਸਹੀਓ *
**ਸੁਹਾਗ-ਸੰਗੀਤ**......ਮਿਤੀ......ਦਿਨ......ਸਮਾਂ......ਵਜੇ
* ਲੰਮੀਏ!ਨੀ ਰਸ-ਭਰੀਏ ਖਜੂਰੇ!ਕੀਹਨੇ ਵਰ ਟੋਲਿਆ ਦੂਰੇ *

ਢੋਲਕੀ ਦੇ ਗੀਤਾਂ,ਸੁਹਾਗਾਂ ਦੀ ਹੇਕ
ਮੇਲਣਾਂ ਦੀਆਂ ਝਾਂਜਰਾਂ ਦੀ ਛਮਕ,
ਜਾਗੋ ਦੀ ਚਮਕ ਤੇ ਗਿੱਧੇ ਦੀ ਧਮਕ
ਆਪ ਦੀ ਮੁਹੱਬਤੀ ਹਾਜ਼ਰੀ
ਵਿੱਚ ਹੀ ਬੁਲੰਦੀ 'ਤੇ ਪਹੁੰਚਣੀ ਹੈ
ਤੇ ਆਪ ਦੇ ਆਉਣ ਨਾਲ ਹੀ
ਸਾਡੀਆਂ ਖ਼ੁਸ਼ੀਆਂ ਨੂੰ
ਗੂੜ੍ਹੇ ਮਜੀਠ ਰੰਗ ਚੜ੍ਹਨੇ ਹਨ
ਇਸ ਲਈ ਐਨ ਸਮੇਂ ਸਿਰ
ਜ਼ਰੂਰ ਦਰਸ਼ਨ ਦੇਣਾ!

ਸਵਾਗਤ ਕਰਨਗੇ: ਨਾਨਕੇ-ਦਾਦਕੇ

----------------

*ਲੋਕਗੀਤ

## ਕਾਰਡ ਦਾ ਤੀਜਾ ਸਫ਼ਾ

**ਸ਼ਾਦੀ ਦਾ ਸਥਾਨ  ਤੇ ਸਿਰਨਾਵਾਂ**......ਮਿਤੀ......ਦਿਨ......
**ਬਰਾਤ ਦਾ ਸਵਾਗਤ**: ...... ਸਮਾਂ...ਵਜੇ
* ਚੜ੍ਹ ਚੌਧਵੀਂ ਦਿਆ ਚੰਦਾ ਵੇ! ਚਾਨਣ ਕਰੀਂ ਵੇ ਚੁਫੇਰੇ
ਕਿਸ ਰਾਜੇ ਨੇ ਢੁਕਣਾ ਵੇ! ਧਰਮੀ ਬਾਬਲ ਦੇ ਵਿਹੜੇ *
**ਫੇਰਿਆਂ ਦੀ ਰਸਮ/ਕੰਨਿਆਦਾਨ:...**(ਸਥਾਨ ਤੇ ਸਿਰਨਾਵਾਂ) **..**ਸਮਾਂ...ਵਜੇ
* ਔਖਾ ਬੇਟੀਆਂ ਦਾ ਦਾਨ ਬਾਬਲਾ!ਵੇ ਧੀਆਂ ਪਰਦੇਸਣਾਂ! *
**ਪ੍ਰੀਤੀ ਭੋਜਨ:**ਨਵੇਂ/ਪੁਰਾਣੇ ਸੱਜਣਾਂ ਦੇ ਨਾਲ......ਸਮਾਂ...ਵਜੇ
* ਚਿੱਟੀਆਂ ਪੂਣੀਆਂ ਤੰਦ ਲੈਣ ਹੁਲ੍ਹਾਰੇ,ਕਿਸ ਧਰਮੀ ਨੇ ਸੱਜਣ ਸਦਾ'ਲੇ
ਚਿੱਟੀਆਂ ਪੂਣੀਆਂ ਤੰਦ ਲੈਣ ਹੁਲ੍ਹਾਰੇ,ਵੀਰੇ ਧਰਮੀ ਨੇ ਸੱਜਣ ਸਦਾ'ਲੇ *
**ਡੋਲੀ:** ...ਸਥਾਨ... ਸਮਾਂ...ਵਜੇ
* ਗਲੀਆਂ ਤੇ ਹੋਈਆਂ ਬਾਬਲ ਭੀੜੀਆਂ,ਤੇਰਾ ਆਂਗਣ ਹੋਇਆ ਪਰਦੇਸ
ਸਾਂਭ ਮਾਏ ਘਰ ਆਪਣਾ, ਲਾਡੋ ਚੱਲੀ ਬੇਗਾਨੜੇ ਦੇਸ *

ਇਹਨਾਂ ਦਿਲਕਸ਼ ਰਸਮਾਂ-ਰਿਵਾਜ਼ਾਂ ਦਾ
ਮੁਹੱਬਤੀ ਹਿੱਸਾ ਬਣਨ ਲਈ
ਵਕਤ ਸਿਰ ਜ਼ਰੂਰ ਉੱਪੜਿਓ!
ਅਸੀਂ ਤੁਹਾਡੇ ਰਾਹਾਂ ਵਿੱਚ
ਉਡੀਕਾਂ ਦੀਆਂ ਔਸੀਆਂ
ਧਰੀਆਂ ਹੋਈਆਂ ਨੇ

......(ਜਿਹੜੇ ਵੀ ਨਾਂ ਲਿਖਣੇ ਹੋਣ)......
......(ਘਰ ਦਾ ਸਿਰਨਾਵਾਂ)......ਫੋਨ ਨੰ:......

---

*ਲੋਕਗੀਤ



## ਕਾਰਡ ਦਾ ਚੌਥਾ/ਪਿਛਲਾ ਸਫ਼ਾ

* ਸਾਡਾ ਚਿੜੀਆਂ ਦਾ ਚੰਬਾ ਵੇ!ਬਾਬਲ ਅਸਾਂ ਉੱਡ ਵੇ ਜਾਣਾ
ਸਾਡੀ ਲੰਬੀ ਉਡਾਰੀ ਵੇ!ਬਾਬਲ ਕਿਹੜੇ ਦੇਸ ਜਾਣਾ *
**ਬਾਬਲ ਦਾ ਨਾਂ:**......

* ਟੱਲੀਆਂ! ਮਾਵਾਂ ਧੀਆਂ ਮਿਲਣ ਲੱਗੀਆਂ
ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ *
**ਅੰਮੜੀ ਦਾ ਨਾਂ:**......

* ਵੀਰਾ!ਆਈਂ ਵੇ ਭੈਣ ਦੇ ਵਿਹੜੇ,ਪੁੰਨਿਆ ਦਾ ਚੰਦ ਬਣ ਕੇ *
**ਵੀਰ/ਵੀਰਾਂ ਦਾ ਨਾਂ:**......

* ਸਾਗ ਬੀਬੀ ਨਣਦੇ!ਲੱਗਣ ਘਰਾਂ ਨੂੰ ਭਾਗ ਬੀਬੀ ਨਣਦੇ *
**ਭਾਬੀ/ਭਾਬੀਆਂ ਦਾ ਨਾਂ:**......

ਚੰਦ ਵਰਗੇ ਭਤੀਜੇ ਤੇ ਭਤੀਜੀਆਂ ਸੁਫ਼ਨੇ 'ਚ ਦੇਖਾਂ ਖੇਡਦੇ
**ਭਤੀਜੇ/ਭਤੀਜੀਆਂ ਦਾ ਨਾਂ:**......

---

*ਲੋਕਗੀਤ

## ਕਾਰਡ ਵਾਲੇ ਲਿਫਾਫੇ ਦੇ ਪਿਛਲੇ ਪਾਸੇ:

* ਤੇਰੀ ਡੋਲੀ ਨੂੰ ਲੱਗੇ ਸਿਤਾਰੇ
ਤੈਨੂੰ ਵਿਦਿਆ ਕਰੇਂਦੇ ਸਾਰੇ
ਧੀਏ ਘਰ ਜਾ ਆਪਣੇ *

ਜਾਂ

ਰੋਵੇ ਦਿਲ ਤੇ ਜ਼ਿਹਨ ਹੱਸੇ, ਧੀ ਦੀ ਡੋਲੀ ਤੋਰ ਕੇ
ਇਸ ਤਰ੍ਹਾਂ ਵਸਦੇ ਨੇ ਹੰਝੂ ਹਾਸਿਆਂ ਦੇ ਨਾਲ ਨਾਲ!

ਜਾਂ

ਨੱਕ-ਨੱਥੜੀ, ਸੀਸ 'ਤੇ ਲਾਲ ਸਾਲੂ,
ਵੀਣੀ ਉੱਤੇ ਕਲ੍ਹੀਰੜੇ ਝੁੱਲਦੇ ਨੇ
ਬਾਬਲ ਸੁਬ੍ਹਕਦਾ ਹਿੱਕ ਦੇ ਨਾਲ ਲਾ ਕੇ,
ਸਾਵਣ ਮਾਂ ਦਿਆਂ ਨੈਣਾਂ 'ਚੋਂ ਡੁੱਲ੍ਹਦੇ ਨੇ

---------------------

* ਲੋਕਗੀਤ



## ਲੜਕੀ ਦੇ ਵਿਆਹ ਦੇ ਕਾਰਡ ਵਿੱਚ ਵਰਤੇ ਜਾ ਸਕਣ ਵਾਲੇ ਕੁਝ ਹੋਰ ਗੀਤਾਂ ਦੀਆਂ ਤੁਕਾਂ:

1. * ਬਾਬਾ! ਹੱਥ ਕਰ ਸੋਟੀ,ਸਿਰ ਕਰ ਗੱਠੜੀ,ਪੋਤੀ ਦਾ ਵਰ ਢੂੰਢਣ ਜਾਣਾ *
2. * ਨਿੱਕੜੀ ਸੂਈ ਵੱਟਵਾਂ ਧਾਗਾ,ਬੈਠ ਕਸੀਦਾ ਕੱਢ ਰਹੀ ਆਂ
   ਆਉਂਦੇ ਜਾਂਦੇ ਰਾਹੀ ਪੁੱਛਦੇ, ਤੂੰ ਕਿਉਂ ਬੀਬਾ ਰੋ ਰਹੀ ਆਂ?
   ਬਾਬਲ ਮੇਰੇ ਕਾਜ ਰਚਾਇਆ,ਮੈਂ ਪਰਦੇਸਣ ਹੋ ਰਹੀ ਆਂ *
3. * ਸੁਣਿਓ ਸੁਣਿਓ ਨਵਿੰਓ ਕੁੜਮੋ!ਅਰਜ਼ਬੰਦੀ ਸਾਡੀ ਸੁਣਿਓ ਜੀ
   ਜੇ ਅਸੀਂ ਦਿੱਤੀਆਂ ਪਾਟੀਆਂ ਲੀਰਾਂ,ਰੇਸ਼ਮ ਕਰਕੇ ਜਾਣਿਓ ਜੀ
   ਜੇ ਅਸੀਂ ਦਿੱਤੜੇ ਚਾਂਦੀ ਦੇ ਗਹਿਣੇ,ਸੋਨਾ ਕਰਕੇ ਜਾਣਿਓ ਜੀ *
4. * ਵਣ ਵਣ ਪੀਲ੍ਹਾਂ ਪੱਕੀਆਂ ਨੀ ਮੇਰੀ ਰਾਣੀਏ ਮਾਏ!
   ਕੋਈ ਹੋਈਆਂ ਲਾਲ-ਗੁਲਾਲ ਨੀ ਭਲੀਏ!
   ਧੀਆਂ ਨੂੰ ਸਹੁਰੇ ਤੋਰ ਕੇ ਨੀ ਮੇਰੀ ਰਾਣੀਏ ਮਾਏ!
   ਤੇਰਾ ਕੇਹਾ ਕੁ ਲੱਗਦਾ ਜੀਅ ਨੀ ਭਲੀਏ! *
5. * ਸਾਡੇ ਵਿਹੜੇ ਦਿਆ ਅੰਬਾ!ਤੇਰੀ ਠੰਢੀ ਠੰਢੀ ਛਾਂ ਵੇ!
   ਬੇਟੀ ਕਿਸ ਦੀ ਜੋ ਕਹੀਏ? ਕੀ ਰੱਖੀਏ ਜੋ ਨਾਂ ਵੇ?
   ਬੇਟੀ......(ਲਾੜੀ ਦੇ ਪਿਤਾ ਦਾ ਨਾਮ)......ਦੀ ਕਹੀਏ
   ......( ਲਾੜੀ ਦਾ ਨਾਮ)......ਰੱਖੀਏ ਜੋ ਨਾਂ ਵੇ! *
6. * ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
   ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ *
7. * ਬੀਬੀ ਛੱਡ ਦੇ ਮੰਜੇ ਦਾ ਪਾਵਾ
   ਪਾਵੇ ਦਾ ਕੀ ਦਾਅਵਾ,ਦਾਅਵੇ ਵਾਲੇ ਲੈ ਨੀ ਚੱਲੇ *

-----------------------------------------

*ਲੋਕਗੀਤ

## ਲੜਕੀ ਦੇ ਵਿਆਹ ਵਾਲੇ ਕਾਰਡ ਦੇ ਪਿਛਲੇ/ਆਖਰੀ ਸਫ਼ੇ ਉੱਤੇ ਵਰਤਣ ਲਈ ਹੋਰ ਵਿਦਾਈ ਗੀਤ:

1.

ਸਮੁੰਦਰ 'ਚ ਠ੍ਹਿਲ ਚੱਲੀ ਨਿੱਕੀ ਜਿਹੀ ਕਿਸ਼ਤੀ
ਕਿਨਾਰਿਓ ਵੇ ! ਮੈਨੂੰ ਵਿਦਿਆ ਕਰੋ!
ਗੁੰਮ-ਸੁੰਮ ਰਾਤ ਵਾਂਗਰ ਤੁਰ ਚੱਲੀ ਹਾਂ ਮੈ
ਚੰਨ ਤਾਰਿਓ ਵੇ! ਮੈਨੂੰ ਵਿਦਿਆ ਕਰੋ!
ਤੋਰੋ ਅੱਜ ਗੁਡੀਓ ! ਪਟੋਲ੍ਹਿਓ ਵੇ!
ਚੌਂਕੇ ਹਾਰਿਓ ਵੇ! ਮੈਨੂੰ ਵਿਦਿਆ ਕਰੋ!
ਚੱਲੀ ਹਾਂ ਫੁੱਲਾਂ ਦੀ ਆਬ ਲੈ ਕੇ
ਮੇਰੇ ਸਾਰਿਓ ਵੇ! ਮੈਨੂੰ ਵਿਦਿਆ ਕਰੋ!
ਤੱਤੀ 'ਵਾ ਵੀ ਮੈਨੂੰ ਲੱਗਣ ਨਾ ਦਿੱਤੀ
ਮਾਪੇ ਹੀਰਿਓ ਵੇ! ਮੈਨੂੰ ਵਿਦਿਆ ਕਰੋ!
ਚੇਤੇ ਹਰ ਸਾਹ ਨਾਲ ਕਰਾਂਗੀ ਮੈਂ
ਭੈਣੋ! ਵੀਰਿਓ ਵੇ! ਮੈਨੂੰ ਵਿਦਿਆ ਕਰੋ!
ਨਿੱਕਾ ਜਿਹਾ ਦੀਵਾ ਛੱਡ ਚੱਲਿਆ ਏ ਘਰ ਨੂੰ
ਸੂਰਜਾ! ਵਾਅਦਾ ਕਰ ਰੌਸ਼ਨੀ ਦਾ
ਨਿੱਕੀ ਜਿਹੀ ਜਿੰਦ ਚੱਲੀ ਦੇਸ ਪਰਾਏ
ਕਿਸਮਤੇ! ਵਾਅਦਾ ਕਰ ਜ਼ਿੰਦਗੀ ਦਾ
ਘੁੱਗ ਵਸੇ ! ਤੇਰਾ ਖੇੜਾ ਬਾਬਲ !
ਮਾਫ਼ ਕਰ ਦੇਣਾ ਹਰ ਕਸੂਰ ਮੇਰਾ
ਰਾਜੇ ਰਾਣੇ ਵੀ ਧੀਆਂ ਨਾ ਰੱਖ ਸਕਦੇ
ਜੱਗ ਡਾਢਿਆ! ਇਹ ਕੀ ਦਸਤੂਰ ਤੇਰਾ !



## ਕਾਰਡ ਦੇ ਪਿਛਲੇ/ਆਖਰੀ ਸਫ਼ੇ ਉੱਤੇ ਵਰਤਣ ਲਈ ਇਕ ਹੋਰ ਵਿਦਾਈ ਗੀਤ:

### 2. ਨਵੇਂ ਬਣੇ ਮਾਪਿਆਂ (ਸਹੁਰਿਆਂ) ਨੂੰ ਮੁਖ਼ਾਤਿਬ:

* ਕਣਕ ਛੋਲਿਆਂ ਦਾ ਖੇਤ, ਜੀ ਨਿਸਰੇਗਾ ਹੌਲ਼ੀ ਹੌਲ਼ੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲ਼ੀ ਹੌਲ਼ੀ

ਧੀ ਨੇ ਮੋਹ ਦਿਆਂ ਛਰਾਟਿਆਂ ਨੂੰ ਪਿੱਛੇ ਛੱਡ ਜਾਣਾ
ਇਹਨੇ ਅੰਮੜੀ ਦੇ ਕਾਲਜੇ ਦਾ ਰੁੱਗ ਵੱਢ ਜਾਣਾ
ਵਗੇ ਹੰਝੂਆਂ ਦਾ ਚੇਤਾ ਜੀ ਬਿਖਰੇਗਾ ਹੌਲ਼ੀ ਹੌਲ਼ੀ
ਬਾਬਲ ਧਰਮੀ ਦਾ ਦੇਸ ਜੀ ਵਿਸਰੇਗਾ ਹੌਲ਼ੀ ਹੌਲ਼ੀ

ਲੈ ਕੇ ਇੱਜ਼ਤਾਂ ਦਾ ਸਾਲੂ , ਤੁਹਾਡੇ ਨਾਲ ਤੁਰ ਪੈਣਾ
ਲਾ ਕੇ ਸਬਰਾਂ ਦੀ ਬਿੰਦੀ,ਪਾ ਕੇ ਹੁਨਰਾਂ ਦਾ ਗਹਿਣਾ
ਇਹਨਾਂ ਹੁਨਰਾਂ ਦਾ ਰੰਗ ਜੀ ਨਿੱਖਰੇਗਾ ਹੌਲ਼ੀ ਹੌਲ਼ੀ
ਬਾਬਲ ਧਰਮੀ ਦਾ ਦੇਸ ਜੀ ਵਿਸਰੇਗਾ ਹੌਲ਼ੀ ਹੌਲ਼ੀ

ਏਸ ਨਦੀ ਨੂੰ ਨਾ ਦਾਜ ਵਾਲੇ ਭਾਂਬੜੀਂ ਮਚਾਇਓ
ਇਹਨੇ ਛੱਡਣੇ ਪਹਾੜ, ਤੁਸੀਂ ਕੰਢੇ ਬਣ ਜਾਇਓ
ਸਾਂਝਾਂ ਸਿਖਰਾਂ ਦਾ ਪੁਲ, ਜੀ ਉਸਰੇਗਾ ਹੌਲ਼ੀ ਹੌਲ਼ੀ
ਬਾਬਲ ਧਰਮੀ ਦਾ ਦੇਸ ਜੀ ਵਿਸਰੇਗਾ ਹੌਲ਼ੀ ਹੌਲ਼ੀ

ਇਹਨੂੰ ਦੇਣਾ 'ਮੂੰਹ-ਦਿਖਾਈ',ਤੁਸੀਂ ਹਾਸੇ ਅਤੇ ਖੇੜੇ
ਲਾਉਣੇ ਬੂਟੇ ਅਨਮੋਲ, ਇਹਨੇ ਆਪ ਜੀ ਦੇ ਵਿਹੜੇ
ਨੀਲੀ ਝੀਲ ਉੱਤੇ ਚੰਦ, ਜੀ ਨਿਤਰੇਗਾ ਹੌਲ਼ੀ ਹੌਲ਼ੀ
ਬਾਬਲ ਧਰਮੀ ਦਾ ਦੇਸ ਜੀ ਵਿਸਰੇਗਾ ਹੌਲ਼ੀ ਹੌਲ਼ੀ

ਕਣਕ ਛੋਲਿਆਂ ਦਾ ਖੇਤ, ਜੀ ਨਿਸਰੇਗਾ ਹੌਲ਼ੀ ਹੌਲ਼ੀ
ਬਾਬਲ ਧਰਮੀ ਦਾ ਦੇਸ, ਜੀ ਵਿਸਰੇਗਾ ਹੌਲ਼ੀ ਹੌਲ਼ੀ!

--------------------------

* ਲੋਕਗੀਤ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗੀਤ

## ਕਾਰਡ ਦੇ ਪਿਛਲੇ/ਆਖਰੀ ਸਫ਼ੇ ਉੱਤੇ ਵਰਤਣ ਲਈ ਇਕ ਹੋਰ ਵਿਦਾਈ ਗੀਤ:

3.

**ਬਾਬਲ......(ਲਾੜੀ ਦੇ ਪਿਤਾ ਦਾ ਨਾਮ).........**

ਸੋਹਣੇ ਸਿਹਰੇ ਵਾਲਿਆ ! ਦੇਵਾਂ ਅੱਜ ਪਿਆਰ ਮੈਂ ਤੈਨੂੰ
ਖਿੜੇ ਹੋਏ ਇਸ ਬਾਗ਼ ਮੇਰੇ ਦੀ, ਦੇਵਾਂ ਅੱਜ ਬਹਾਰ ਮੈਂ ਤੈਨੂੰ
ਅੱਜ ਤੱਕ ਮੇਰੀ ਜਿੰਦ ਰਿਹਾ ਜੋ, ਦੇਵਾਂ ਉਹ ਸੰਸਾਰ ਮੈਂ ਤੈਨੂੰ
ਦੇਖੀਂ ਇਹਦਾ ਸਾਥ ਨਾ ਛੱਡੀਂ, ਦੇਵਾਂ ਧੀ ਮੁਟਿਆਰ ਮੈਂ ਤੈਨੂੰ
ਲੱਖ ਵਲਵਲੇ ਦਿਲ ਵਿੱਚ ਲੈਕੇ, ਦੇਵਾਂ ਲਾਵਾਂ ਚਾਰ ਮੈਂ ਤੈਨੂੰ

**ਅੰਮੀ:...... (ਲਾੜੀ ਦੀ ਮਾਤਾ ਦਾ ਨਾਮ).........**

ਜਿਸਮ'ਚੋਂ ਇਕ ਬੋਟੀ ਵੱਖ ਕਰਕੇ,ਜਿਉਂਦਾ ਬੁੱਤ ਬਣਾਇਆ ਮੈਂ
ਚੁੰਮ ਚੁੰਮ ਕੇ ਇਹ ਤੁਲਸੀ ਪਾਲ਼ੀ, ਮਮਤਾ-ਜਲ ਚੜ੍ਹਾਇਆ ਮੈਂ
ਅੱਜ ਜਦ ਇਹਨੂੰ ਵੱਖ ਕਰਾਂ ਤਾਂ, ਅੰਦਰੋਂ ਲਾਟਾਂ ਨਿੱਕਲਦੀਆਂ
ਆਪਣੇ ਹੱਥੀਂ ਤੋੜ ਨਗੀਨਾ, ਤੇਰੀ ਝੋਲੀ ਪਾਇਆ ਮੈਂ

**ਭੈਣ: ......... (ਲਾੜੀ ਦੀ ਭੈਣ/ਭੈਣਾਂ ਦੇ ਨਾਮ)......**

ਇਕੋ ਥਾਲੀ ਰੋਟੀ ਖਾਧੀ , ਪਿੱਪਲੀਂ ਪੀਂਘਾਂ ਪਾਈਆਂ
ਰਲ ਕੇ ਪਾਈ ਕਿੱਕਲੀ,ਨਾਲੇ ਖੇਡੀਆਂ ਛੂਹਣ-ਛੁਹਾਈਆਂ
ਅੱਜ ਮੈਥੋਂ ਇਹ ਦੂਰ ਚੱਲੀ, ਮੇਰੀ ਜਾਨ ਨਿਕਲਦੀ ਜਾਵੇ
ਖ਼ੁਸ਼ ਰੱਖੀਂ ਵੇ ਜੀਜਾ !ਮੇਰੀਆਂ ਹੱਥ ਬੰਨ੍ਹ ਹਾਲ-ਦੁਹਾਈਆਂ

**ਵੀਰ:......... (ਲਾੜੀ ਦੇ ਵੀਰ/ਵੀਰਾਂ ਦੇ ਨਾਮ)......**

ਅੱਜ ਤਾਈਂ ਇਸ ਸੋਹਲ ਕਲੀ ਨੂੰ,ਪਰਦਿਆਂ ਵਿੱਚ ਲੁਕਾਇਆ ਮੈਂ
ਆਪਣੇ ਹੱਥੀਂ ਤੋਰਨ ਲੱਗਾਂ , ਇਹਦਾ ਅੰਮਾ-ਜਾਇਆ ਮੈਂ
ਰੱਖੜੀਆਂ ਬੰਨ੍ਹਵਾ ਕੇ, ਜਿਸਦੀ ਰਾਖੀ ਦੀ ਸਹੁੰ ਖਾਧੀ ਸੀ
ਸਾਂਭ ਕੇ ਰੱਖੀਂ, ਉਹਦਾ ਪੱਲਾ ਤੇਰੇ ਹੱਥ ਫੜਾਇਆ ਮੈਂ



## ਕਾਰਡ ਦੇ ਪਿਛਲੇ/ਆਖਰੀ ਸਫ਼ੇ ਉੱਤੇ ਵਰਤਣ ਲਈ ਇਕ ਹੋਰ ਵਿਦਾਈ ਗੀਤ:

4.

ਚੱਲੀ ਮਾਂ ਦੀ ਲਾਡਲੀ, ਬਾਬਲ ਦਾ ਵਿਹੜਾ ਛੱਡ ਕੇ
ਦੁੱਧ-ਮੱਖਣਾਂ ਨਾਲ ਪਾਲੜੀ, ਤੁਰ ਚੱਲੀ ਜੇਰਾ ਕੱਢ ਕੇ

ਘਰ ਬਾਬਲ ਦਾ,ਰਾਜ ਧੀਆਂ ਦਾ ਹੋਇਆ ਅੱਜ ਬੇਗਾਨਾ
ਛੁੱਟਿਆ ਤਾਜ ਪਿਆਰਾਂ ਵਾਲਾ, ਬਚਪਨ ਜਿਹਾ ਖਜ਼ਾਨਾ
ਗੁੱਡੀਆਂ ਅਤੇ ਪਟੋਲੇ ਵੀ, ਰੋਂਦੇ ਨੇ ਬਾਹਵਾਂ ਕੱਢ ਕੇ
ਚੱਲੀ ਭੈਣ ਦੀ ਲਾਡਲੀ, ਬਾਬਲ ਦਾ ਵਿਹੜਾ ਛੱਡ ਕੇ

ਵਿੱਛੜ ਚੱਲੀ ਸਖੀ ਤ੍ਰਿੰਜਣੋਂ, ਲੈ ਸੂਹੀ ਫੁਲਕਾਰੀ
ਨਿੱਖੜ ਚੱਲੀ ਕੂੰਜ ਡਾਰ 'ਚੋਂ, ਜਿੱਧਰ ਚੋਗ ਖਿਲਾਰੀ
ਰੋਂਦੀ ਰੋਂਦੀ ਲੈ ਚੱਲੀ ਏ,ਸਭ ਦਾ ਜਿਗਰਾ ਵੱਢ ਕੇ
ਚੱਲੀ ਵੀਰ ਦੀ ਲਾਡਲੀ, ਬਾਬਲ ਦਾ ਵਿਹੜਾ ਛੱਡ ਕੇ

ਲੱਭਣ ਚੱਲੀ ਮੀਤ ਦਿਲਾਂ ਦਾ, ਲਾਵਾਂ ਦੀ ਪਰਨਾਈ
ਢੂੰਢਣ ਚੱਲੀ ਮਾਨਸਰੋਵਰ, ਹੰਸਣੀ ਇੱਕ ਤਿਰਹਾਈ
ਖ਼ਾਬਾਂ ਦੇ ਕਲ੍ਹੀਰੇ ਪਾ, ਯਾਦਾਂ ਦੀ ਮੋਹੜੀ ਗੱਡ ਕੇ
ਚੱਲੀ ਸਭ ਦੀ ਲਾਡਲੀ, ਬਾਬਲ ਦਾ ਵਿਹੜਾ ਛੱਡ ਕੇ
ਦੁੱਧ-ਮੱਖਣਾਂ ਨਾਲ ਪਾਲੜੀ, ਤੁਰ ਚੱਲੀ ਜੇਰਾ ਕੱਢ ਕੇ।

## ਅਸੀਸਾਂ ਦੇ ਸ਼ਗਨ:

ਇਹ ਅਸੀਸਾਂ ਮਹਿਮਾਨਾਂ ਵੱਲੋਂ ਵਿਆਂਹਦੜ ਕੁੜੀ ਨੂੰ ਸ਼ਗਨ ਵਾਲੇ ਲਿਫਾਫੇ ਵਿਚ ਪਾ ਕੇ ਦਿੱਤੀਆਂ ਜਾ ਸਕਦੀਆਂ ਹਨ (ਉਂਜ ਇਹੋ ਜਿਹੀਆਂ ਅਸੀਸਾਂ ਕਿਤਾਬ ਦੇ ਹੋਰ ਪੰਨਿਆਂ ਤੋਂ ਵੀ ਲਈਆਂ ਜਾ ਸਕਦੀਆਂ ਹਨ)

1.

ਤੇਰੇ ਦਰ ਦੇ ਉੱਤੇ ਨਿੱਤ ਕੋਈ ਘੜੀ ਸੁਲੱਖਣੀ ਆਵੇ
ਸਰਬ-ਸੁਹਾਗਣ ਹੋਵੇਂ , ਤੇਰਾ ਘਰ ਜੰਨਤ ਅਖਵਾਵੇ
ਖ਼ੁਸ਼ੀਆਂ ਦੇ ਫੁੱਲਾਂ ਦੀ ਡਾਲੀ ਭਰ-ਭਰ ਨੀਂਵੀ ਹੋਵੇ
ਤੇਰੇ ਨੈਣਾਂ ਦਾ ਹਰ ਸੁਫ਼ਨਾ , ਅੰਬਰ ਨੂੰ ਹੱਥ ਲਾਵੇ !

......(ਵਿਆਂਹਦੜ ਕੁੜੀ ਦਾ ਨਾਮ)......ਨੂੰ,

ਪੇਕਿਆਂ ਦੇ ਬਨੇਰੇ ਤੋਂ ਉੱਡਣ ਵਾਲੀ ਸੋਨ-ਚਿੜੀਏ !ਰੱਬ ਦੀ ਹਰ ਰਹਿਮਤ ਤੇ ਜੱਗ ਦੀ ਹਰ ਨੇਹਮਤ ਤੇਰੇ ਅੰਗ-ਸੰਗ ਰਹੇ, ਤੇਰੀਆਂ ਦਰੀਆਂ ਦੇ ਘੁੱਗੀਆਂ-ਤੋਤੇ ਤੇਰੇ ਬਾਗਾਂ ਵਿੱਚ ਚਹਿਕਦੇ ਰਹਿਣ ਤੇ ਤੇਰੇ ਪਲੰਘਪੋਸ਼ ਨੂੰ ਮਨ-ਛਿੰਦੀਆਂ ਵਫ਼ਾਵਾਂ ਦੀ ਝਾਲਰ ਲੱਗੀ ਰਹੇ !

ਏਹੋ ਜਿਹੀਆਂ ਬੇਸ਼ੁਮਾਰ ਦੁਆਵਾਂ ਸਹਿਤ,

......(ਸ਼ਗਨ/ਅਸੀਸਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......

2.

ਬਾਹੀਂ ਲਾਲ ਚੂੜਾ ਰਹੇ ਸਜਦਾ
ਵੰਝਲੀ ਵਾਂਗ ਟੁਣਕਣ ਬੋਲ ਤੇਰੇ
ਤੇਰੀ ਕੋਠੀ ਵਿੱਚੋਂ ਦਾਣਾ ਨਾ ਮੁੱਕੇ
ਬਰਕਤ ਨਾਲ ਭਰਨ ਹੱਥ ਸੋਹਲ ਤੇਰੇ
ਤੇਰੀ ਟਾਹਣੀ ਖਿੜੇ ਗੀਤਾਂ ਦਾ ਮਰੂਆ
ਸਾਹੀਂ ਦਏ ਸੁਗੰਧੀਆਂ ਘੋਲ ਤੇਰੇ
ਤੇਰੇ ਸੁੱਭਰ ਦਾ ਰੰਗ ਫਿੱਕਾ ਨਾ ਹੋਵੇ
ਕੋਈ ਗ਼ਮ ਬਹੇ ਨਾ ਕੋਲ ਤੇਰੇ !

ਲਾਡਲੀਏ ਧੀਏ...(ਵਿਆਹੁਲੀ ਕੁੜੀ ਦਾ ਨਾਂ !)......

ਅਰਦਾਸ ਕਰਦੇ ਹਾਂ ਕਿ ਤੇਰੇ ਵਿਆਹੁਤਾ ਜੀਵਨ ਦੀ ਕੱਤਣੀ ਖੁਸ਼ੀਆਂ ਦੇ ਗਲੋਟਿਆਂ ਨਾਲ ਭਰੀ ਰਹੇ, ਪ੍ਰੀਤਾਂ ਦੇ ਨੌ-ਲੱਖੇ ਹਾਰ ਤੇਰਾ ਸ਼ਿੰਗਾਰ ਬਣਨ, ਤੇਰੇ ਖ਼ਾਬਾਂ ਦੀ ਆਰਸੀ ਉੱਤੇ ਕਦੇ ਕੋਈ ਝਰੀਟ ਨਾ ਆਵੇ ਤੇ ਤੇਰੇ ਸਿਹਰਿਆਂ ਵਾਲੇ ਦੇ ਦਿਲ 'ਤੇ ਤੇਰੀ ਬਾਦਸ਼ਾਹਤ ਬਣੀ ਰਹੇ !

......(ਸ਼ਗਨ/ਅਸੀਸਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......

3.

ਅੱਜ ਸਾਹਾਂ ਦੀ ਬੰਸਰੀ ਏਹੋ ਦੁਆ ਕਰੇ
ਤੇਰੇ ਹਿੱਸੇ ਦੀ ਤਪਸ਼ 'ਤੇ ਸਾਵਣ ਸਦਾ ਵਰ੍ਹੇ
ਦਿਲ ਦੀ ਨੁੱਕਰੇ ਖਿੜ ਜਾਏ ਬੂਟਾ ਗੁਲਾਬ ਦਾ
ਰੂਹ ਦੀ ਦੇਹਲੀ ਰਿਸ਼ਮਾਂ ਦੀ ਬਰਸਾਤ ਉੱਤਰੇ!

ਪਿਆਰੀ ਬੇਟੀ......(ਵਿਆਹੁਲੀ ਕੁੜੀ ਦਾ ਨਾਂ)......ਨੂੰ ਇਸ ਫੁੱਲਾਂ-ਰੰਗੀ ਰੁੱਤ ਦੀਆਂ ਬਹੁਤ-ਬਹੁਤ ਵਧਾਈਆਂ! ਖ਼ੁਦਾ ਕਰੇ ਤੁਹਾਡੇ ਘਰ ਵਿੱਚ ਹਮੇਸ਼ਾ ਚਾਅਵਾਂ ਦਾ ਸੰਗੀਤ ਗੂੰਜੇ!

ਕੱਚੇ ਦੁੱਧ ਦੀ ਤਿਉੜ ਵਰਗੀਆਂ ਦੁਆਵਾਂ ਨਾਲ,
......(ਸ਼ਗਨ/ਦੁਆਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ......ਆਦਿ



ਘੋੜੀ ਚੜ੍ਹਦੇ ਮੱਖਣਾ! ਮੈਂ ਵਾਰੀ ਵੇ!
ਤੇਰੇ ਸਿਰ 'ਤੇ ਤਾਣਾਂ ਸ਼ਗਨਾਂ ਦੀ ਫੁਲਕਾਰੀ ਵੇ!
ਜਾਹ ਵਿਆਹ ਲਿਆ ਬੰਨੋ, ਮੇਰੀ ਕੁੱਖ ਦਿਆ ਸੂਰਜਾ!
ਮਾਂ ਸੌ ਸੌ ਸ਼ਗਨ ਕਰੇਂਦੀ ਕਰਮਾਂ ਵਾਲੀ ਵੇ!



## ਮੁੰਡੇ ਦੀ 'ਕੁੜਮਾਈ','ਵਿਆਹ' ਅਤੇ 'ਸਵਾਗਤੀ ਸਮਾਰੋਹ' ਦਾ ਕਾਰਡ ਤੇ ਸਜ-ਵਿਆਹੀ ਜੋੜੀ ਲਈ 'ਦੁਆਵਾਂ ਦੇ ਸ਼ਗਨ'

'ਕੁੜਮਾਈ' ਅਤੇ 'ਸਵਾਗਤੀ ਸਮਾਰੋਹ' ਦਾ ਕਾਰਡ ਆਮ ਤੌਰ 'ਤੇ ਇਕ ਸਫ਼ੇ ਦਾ ਹੁੰਦਾ ਹੈ ਅਤੇ 'ਵਿਆਹ' ਦਾ ਕਾਰਡ ਆਮ ਤੌਰ 'ਤੇ ਚਾਰ ਸਫ਼ੇ ਦਾ ਹੁੰਦਾ ਹੈ, ਪਰ ਲੋੜ ਅਨੁਸਾਰ ਸਫ਼ੇ ਵੱਧ-ਘੱਟ ਕੀਤੇ ਜਾ ਸਕਦੇ ਹਨ।
'ਦੁਆਵਾਂ ਦੇ ਸ਼ਗਨ' ਸਾਕ-ਸਬੰਧੀਆਂ ਵੱਲੋਂ ਕਾਗਜ਼ ਉੱਤੇ ਲਿਖ ਕੇ ਲਿਫਾਫੇ ਵਿਚ ਪਾ ਕੇ ਦਿੱਤੇ ਜਾ ਸਕਦੇ ਹਨ।
ਖਾਲੀ ਥਾਂ ਉੱਤੇ ਨਾਮ, ਸਿਰਨਾਵਾਂ, ਫੋਨ, ਮਿਤੀ, ਸਥਾਨ, ਸਮਾਂ ਆਦਿ ਭਰ ਲਏ ਜਾਣ।
ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



# ਮੁੰਡੇ ਦੀ ਕੁੜਮਾਈ ਦਾ ਕਾਰਡ

* ਨਿੱਕੀ ਨਿੱਕੀ ਕਣੀ ਛਿੰਦਿਆ!ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਮੋਹਰਾਂ ਦੀ ਥੈਲੀ ਤੇਰਾ ਬਾਪ ਵਾਰੇ
ਰੱਤਾ ਰੱਤਾ ਡੋਲਾ ਮਹਿਲੀਂ ਆ ਵੇ ਵੜੇ *

ਉਹ ਸੁਹਾਵਣੀ ਘੜੀ ਆ ਗਈ ਹੈ,
ਜਦੋਂ ਮਾਂ ਸਰਦਾਰਨੀ /ਸ੍ਰੀ ਮਤੀ...(ਵਿਆਹੁਲੇ ਮੁੰਡੇ ਦੀ ਮਾਂ ਦਾ ਨਾਂ)......
ਆਪਣੇ ਛਿੰਦੇ ਪੁੱਤ ......(ਵਿਆਹੁਲੇ ਮੁੰਡੇ ਦਾ ਨਾਂ)...... ਦੇ ਸ਼ਗਨ ਕਰਨ ਲਈ ਪੱਬਾਂ ਭਾਰ ਹੈ ਤੇ ਬਾਬਲ ......(ਵਿਆਹੁਲੇ ਮੁੰਡੇ ਦੇ ਪਿਤਾ ਦਾ ਨਾਂ)...... ਸਪੁੱਤਰ......( ਵਿਆਹੁਲੇ ਮੁੰਡੇ ਦੇ ਦਾਦਾ ਜੀ ਦਾ ਨਾਂ)......
ਸ:/ਸ੍ਰੀ:......(ਬੰਨੋ ਦੇ ਪਿਤਾ ਦਾ ਨਾਂ) ਤੇ
ਸਰਦਾਰਨੀ /ਸ੍ਰੀਮਤੀ......( ਬੰਨੋ ਦੀ ਮਾਤਾ ਦਾ ਨਾਂ)......
ਵਾਸੀ......(ਬੰਨੋ ਦੇ ਪਿੰਡ/ਸ਼ਹਿਰ ਦਾ ਨਾਂ)......
ਹੋਰਾਂ ਦੀ ਧੀ......( ਬੰਨੋ ਦਾ ਨਾਂ)......ਦਾ ਰੱਤਾ ਰੱਤਾ ਡੋਲਾ
ਆਪਣੇ ਮਹਿਲੀਂ (ਵਿਆਹੁਲੇ ਮੁੰਡੇ ਦੇ ਘਰ ਦਾ ਸਿਰਨਾਵਾਂ)......
ਲਿਆਉਣ ਲਈ ਉਤਾਵਲਾ ਹੈ
ਇਹਨਾਂ ਕਿਰਮਚੀ ਪਲਾਂ ਦਾ ਪਹਿਲਾ ਸ਼ਗਨ ਹੈ 'ਕੁੜਮਾਈ'
ਵਿਆਹੀ ਜਾਣ ਵਾਲੀ ਜੋੜੀ ਦਾ ਇਕ ਦੂਜੇ ਦੇ ਹੱਥ ਵਿੱਚ ਛਾਪ-ਛੱਲਾ ਪਾ ਕੇ
ਸਦਾ ਇਕ ਦੂਜੇ ਦਾ ਹੱਥ ਫੜੀ ਰੱਖਣ ਦਾ ਇਕਰਾਰ
ਇਹ ਰੋਪਨਾ ਆਪ ਦੀਆਂ ਅਸੀਸੜੀਆਂ ਨਾਲ ਹੀ
ਸੁਹੰਢਣੇ ਮੁਕਾਮ 'ਤੇ ਪਹੁੰਚਣੀ ਹੈ
ਇਸ ਲਈ ਮਿਤੀ......ਨੂੰ ......ਵਜੇ......
......(ਸਥਾਨ ਦਾ ਨਾਮ ਤੇ ਸਿਰਨਾਵਾਂ)......ਵਿਖੇ ਜ਼ਰੂਰ ਪਹੁੰਚਿਓ!

ਮੋਹ-ਭਿੱਜਿਆ ਬੁਲਾਵਾ ਭੇਜਦੇ ਹੋਏ
......(ਜਿਸਦਾ ਵੀ ਨਾਂ ਲਿਖਣਾ ਹੋਵੇ)......ਸਿਰਨਾਵਾਂ......
ਫੋਨ ਨੰ:......ਈਮੇਲ......ਆਦਿ

---------

*ਲੋਕਗੀਤ

## ਮੁੰਡੇ ਦੇ ਵਿਆਹ ਦਾ ਕਾਰਡ

### ਕਾਰਡ ਵਾਲੇ ਲਿਫਾਫੇ ਦੇ ਸਾਹਮਣੇ ਪਾਸੇ ਜਾਂ ਮਿਠਾਈ ਵਾਲੇ ਡੱਬੇ ਉੱਪਰ

### ਉੱਤੇ:

* ਆ ਵੇ ਬੰਨਾ!ਬੰਨ੍ਹ ਸ਼ਗਨਾਂ ਦਾ ਗਾਨਾ
ਗਾਨੇ ਦੇ ਫੁੰਮਣ ਚਾਰ ਮੇਰੇ ਬੰਨੜੇ ਦੇ *

......(ਲਾੜੇ ਦਾ ਨਾਂ)......ਦਾ
ਤੇ......(ਲਾੜੀ ਦਾ ਨਾਂ)......ਦਾ ਸ਼ੁਭ ਸੰਜੋਗ
ਮਿਤੀ:......ਦਿਨ......

**ਹੇਠਾਂ:**

......(ਲਾੜੇ ਦੇ ਮਾਤਾ-ਪਿਤਾ ਦਾ ਨਾਂ)......ਸਿਰਨਾਵਾਂ......
ਫੋਨ ਨੰ:......ਈਮੇਲ......ਆਦਿ

---------------

*ਲੋਕਗੀਤ



## ਕਾਰਡ ਦਾ ਪਹਿਲਾ ਸਫ਼ਾ

**# ਲਖ ਖੁਸੀਆ ਪਾਤਸਾਹੀਆ ਜੇ ਸਤਿਗੁਰ ਨਦਰਿ ਕਰੇਇ #**
ਸਾਡੀ ਕੁੱਲ ਦੇ ਨੂਰ ......(ਲਾੜੇ ਦਾ ਨਾਮ) ......
ਦੇ ਲੜ ਲੱਗ ਕੇ
......(ਲਾੜੀ ਦੇ ਮਾਂ-ਬਾਪ ਦਾ ਨਾਮ)......
ਹੋਰਾਂ ਦੇ ਘਰ ਦੀ ਰੌਸ਼ਨੀ ......( ਲਾੜੀ ਦਾ ਨਾਮ)......
......ਤਾਰੀਖ......ਨੂੰ
ਸਾਡੇ ਵਿਹੜੇ ਆ ਰਹੀ ਹੈ
ਆਓ!
ਨੈਣਾਂ ਅੰਦਰ ਮੋਹ ਦੀ ਗਾਗਰ ਭਰ ਕੇ
ਤੇ ਉਹਦੇ ਪੱਲੇ ਵਿੱਚ ਅਸੀਸਾਂ ਦੇ ਪਤਾਸੇ ਪਾ ਕੇ
ਉਹਨੂੰ ਜੀਅ ਆਇਆਂ ਕਹੀਏ!
ਇਹਨਾਂ ਕਰਮਾਂ ਵਾਲੇ ਪਲਾਂ ਵਿੱਚ
ਅਸੀਂ ਸਾਰਾ ਪਰਿਵਾਰ
ਤੁਹਾਡੀ ਪੈੜ-ਚਾਲ
ਆਪਣੀ ਦਹਿਲੀਜ਼ 'ਤੇ ਸੁਣਨੀ ਲੋਚਦੇ ਹਾਂ......

ਮਾਤਾ-ਪਿਤਾ ਦਾ ਨਾਮ ਜਾਂ ਹੋਰ ਜਿਸਦਾ ਵੀ ਲਿਖਣਾ ਹੋਵੇ......
ਸਿਰਨਾਵਾਂ......ਫੋਨ ਨੰ:......

-----------------------------------

\#ਗੁਰਵਾਕ

## ਕਾਰਡ ਦਾ ਦੂਜਾ ਸਫ਼ਾ

**ਮਾਊ ਦੇ ਆਂਗਣ:**
(ਜੇ ਕੋਈ ਰਸਮ/ਜਸ਼ਨ ਕਿਸੇ ਹੋਰ ਸਥਾਨ 'ਤੇ ਹੈ ਤਾਂ ਉਸਦੇ ਸਾਹਮਣੇ ਸਿਰਨਾਵਾਂ ਦੇ ਦਿੱਤਾ ਜਾਵੇ)

**ਮਾਂਈਆਂ/ਵਟਣਾ/ਹਲਦੀ-ਹੱਥ**
ਮਿਤੀ......ਦਿਨ......ਸ਼ਾਮ......ਵਜੇ
* ਜਦੋਂ ਲੱਗਿਆ ਵੀਰਾ ਤੈਨੂੰ ਮਾਂਈਆਂ ਵੇ!
ਤੇਰੀ ਮਾਂ ਨੂੰ ਮਿਲਣ ਵਧਾਈਆਂ ਵੇ! *

**ਘੋੜੀਆਂ-ਜਾਗੋ-ਗਿੱਧਾ/ਗੀਤ-ਸੰਗੀਤ**
ਮਿਤੀ......ਦਿਨ......ਸ਼ਾਮ......ਵਜੇ
* ਘੋੜੀ ਤੇਰੀ ਵੇ ਮੱਲਾ ਸੋਹਣੀ, ਸਜਦੀ ਕਾਠੀਆਂ ਦੇ ਨਾਲ
ਕਾਠੀ ਡੇਢ ਤੇ ਹਜ਼ਾਰ, ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ! *

ਲੱਖਾਂ ਮੰਨਤਾਂ ਮੰਨ ਕੇ ਆਏ ਇਸ ਸੁਵੇਲੇ ਨੂੰ
ਆਪਣੀ ਤੇਜੱਸਵੀ ਸ਼ਮੂਲੀਅਤ ਸੰਗ
ਤੁਸੀਂ ਹੀ ਸ਼ਾਨਮੱਤਾ ਕਰਨਾ ਹੈ
ਜਾਗੋ ਕੱਢ ਕੇ ਮੜਕ ਨਾਲ ਤੁਰਦੀਆਂ
ਨਾਨਕੀਆਂ-ਦਾਦਕੀਆਂ ਦਾ
ਕਮਾਲ ਵੀ ਦੇਖਣਾ ਹੈ
ਤੇ ਗਿੱਧੇ ਵਿੱਚ ਬੋਲੀਆਂ ਪਾ ਕੇ
ਨੱਚ-ਨੱਚ ਧਰਤੀ ਵੀ ਹਿਲਾਉਣੀ ਹੈ
ਆਇਓ ਜ਼ਰੂਰ !

ਜੀਅ ਆਇਆਂ ਕਹਿਣਗੇ: ਨਾਨਕੇ-ਦਾਦਕੇ

----------------------

* ਲੋਕਗੀਤ



## ਕਾਰਡ ਦਾ ਤੀਜਾ ਸਫ਼ਾ

**ਬਾਬਲ ਦੇ ਘਰ**......ਤਾਰੀਖ ......ਦਿਨ: ......
(ਜੇ ਕੋਈ ਰਸਮ/ਜਸ਼ਨ ਕਿਸੇ ਹੋਰ ਸਥਾਨ 'ਤੇ ਹੈ ਤਾਂ ਉਸਦੇ ਸਾਹਮਣੇ ਸਿਰਨਾਵਾਂ ਭਰ ਦਿੱਤਾ ਜਾਵੇ)
**ਨ੍ਹਾਈ-ਧੋਈ:** ਪਹੁ-ਫੁਟਾਲੇ ਦੇ ਨਾਲ ਨਾਲ
* ਆਂਗਣ ਚਿੱਕੜ ਕਿਹਨੇ ਕੀਤਾ ਵੇ!ਕਿਹਨੇ ਡੋਲ੍ਹਿਆ ਪਾਣੀ
ਰਾਜੇ ਬੇਟੜਾ ਨ੍ਹਾਤੜਾ ਨੀ ! ਉਹਨੇ ਡੋਲ੍ਹਿਆ ਪਾਣੀ *

**ਸਿਹਰਾ-ਬੰਦੀ:** ......ਸੁਬਹ ......ਵਜੇ
* ਪੁੱਛਦੀ-ਪੁਛਾਉਂਦੀ ਮਾਲਣ ਆਈ ਸ਼ਾਦੀ ਵਾਲਾ ਕਿਹੜਾ ਘਰ ਨੀ
ਉੱਚੜੇ ਤੰਬੂ, ਸਬਜ਼ ਕਨਾਤਾਂ, ਸ਼ਾਦੀ ਵਾਲਾ ਉਹੋ ਘਰ ਨੀ
ਆ ਨੀ ਮਾਲਣ ਬੈਠ ਦਲੀਜ਼ੇ, ਕਰ ਲੈ ਸਿਹਰੇ ਦਾ ਮੁੱਲ ਨੀ *

**ਜੰਨ ਦੀ ਚੜ੍ਹਾਈ:** ......ਸਵੇਰੇ ......ਵਜੇ
* ਏਹਨੀਂ ਰਾਹੀਂ ਕਸੁੰਭਾ ਅੱਜ ਖਿੜਿਆ
ਏਹਨੀਂ ਰਾਹੀਂ ਮੇਰਾ ਵੀਰਾ ਜੰਨ ਚੜ੍ਹਿਆ
ਏਹਨਾਂ ਰਾਹਾਂ ਦਾ ਰੇਤਾ ਖੰਡ ਬਣਿਆ *

ਤੁਹਾਡੀ ਮੁਹੱਬਤੀ ਆਮਦ
ਇਸ ਸ਼ਗਨਾਂ-ਰੱਤੇ ਦਿਹਾੜੇ ਨੂੰ
ਚਾਰ ਚੰਦ ਲਗਾਏਗੀ
ਜ਼ਰੂਰ ਉਪੜਿਓ!
ਅਸੀਂ ਅੰਤਾਂ ਦੇ ਉਮਾਹ ਨਾਲ
ਆਪ ਨੂੰ ਉਡੀਕ ਰਹੇ ਹੋਵਾਂਗੇ

ਮਾਤਾ-ਪਿਤਾ ਦਾ ਨਾਮ ਜਾਂ ਹੋਰ ਜਿਸਦਾ ਵੀ ਲਿਖਣਾ ਹੋਵੇ ......
ਸਿਰਨਾਵਾਂ ......ਫੋਨ ਨੰ: ......

------------------

*ਲੋਕਗੀਤ

## ਚੌਥਾ/ਆਖਰੀ ਸਫ਼ਾ

### ਆਉਣ ਵਾਲੀ ਬੰਨੋ ਨੂੰ:

ਆ ਮੇਰੇ ਘਰ ਸੋਹਣੀਏ! ਤੈਨੂੰ ਜ਼ਿੰਦਗੀ ਦਾ ਵਰ ਦਿਆਂ
ਆ ਨੀ ਬੰਨੋ ਰਾਣੀਏਂ! ਝੋਲੀ 'ਚ ਖੁਸ਼ੀਆਂ ਭਰ ਦਿਆਂ

ਬਾਗਾਂ ਦੇ ਸਭ ਫੁੱਲ ਤੇਰੇ ਰਾਹਾਂ ਵਿੱਚ ਵਿਛਾ ਦਿਆਂ
ਆਸਾਂ ਦੀ ਨਰੇਲ ਸੁੱਚੀ, ਪੱਲੇ ਦੇ ਵਿੱਚ ਪਾ ਦਿਆਂ
ਆ ਕਿ ਤੈਨੂੰ ਮੌਲੀਆਂ ਦਾ, ਮਹਿੰਦੀਆਂ ਦਾ ਵਰ ਦਿਆਂ
ਆ ਨੀ ਬੰਨੋ ਰਾਣੀਏਂ! ਝੋਲੀ 'ਚ ਖੁਸ਼ੀਆਂ ਭਰ ਦਿਆਂ

ਕਾਸ਼ਨੀ ਕੋਈ ਸੰਦਲੀ, ਧੁੱਪਾਂ ਦੇ ਲੀੜੇ ਪਾ ਦਿਆਂ
ਚੰਨ ਦੇ ਕੁੜਤੀ ਤੇਰੀ ਨੂੰ ਫੇਰ ਬੀੜੇ ਲਾ ਦਿਆਂ
ਅੰਬਰਾਂ ਤੋਂ ਲਾਹ ਕੇ ਤਾਰੇ ਮਾਂਗ ਦੇ ਵਿੱਚ ਜੜ ਦਿਆਂ
ਆ ਮੇਰੇ ਘਰ ਸੋਹਣੀਏ! ਤੈਨੂੰ ਜ਼ਿੰਦਗੀ ਦਾ ਵਰ ਦਿਆਂ

ਸੱਤੇ ਸੁਰ ਪਰੋ ਕੇ ਤੇਰੇ ਪੈਰੀਂ ਝਾਂਜਰ ਪਾ ਦਿਆਂ
ਮੱਥੇ ਉੱਤੇ ਲਿਸ਼ਕਦੇ, ਲੇਖਾਂ ਦੀ ਬਿੰਦੀ ਲਾ ਦਿਆਂ
ਤੇਰਿਆਂ ਨੈਣਾਂ ਦੇ ਅੰਦਰ, ਖ਼ਾਬ ਰੰਗਲੇ ਧਰ ਦਿਆਂ
ਆ ਨੀ ਬੰਨੋ ਰਾਣੀਏਂ! ਝੋਲੀ 'ਚ ਖੁਸ਼ੀਆਂ ਭਰ ਦਿਆਂ

ਲਾਹ ਕੇ ਤੈਨੂੰ ਡੋਲਿਉਂ , ਦੇਹਲੀ 'ਤੇ ਤੇਲ ਡੋਲ੍ਹ ਕੇ
ਪੰਜ ਨਦੀਆਂ ਦੇ ਪਾਣੀ ਦੇ ਵਿੱਚ, ਪੰਜ ਪਤਾਸੇ ਘੋਲ ਕੇ
ਤੇਰੇ ਸਿਰ ਤੋਂ ਵਾਰ ਕੇ, ਬਲਾਵਾਂ ਦੂਰ ਕਰ ਦਿਆਂ
ਆ ਮੇਰੇ ਘਰ ਸੋਹਣੀਏ! ਤੈਨੂੰ ਜ਼ਿੰਦਗੀ ਦਾ ਵਰ ਦਿਆਂ

ਆ ਨੀ ਬੰਨੋ ਰਾਣੀਏਂ! ਝੋਲੀ 'ਚ ਖੁਸ਼ੀਆਂ ਭਰ ਦਿਆਂ
ਆ ਨੀ ਭਾਗਾਂ ਵਾਲੀਏ! ਤੈਨੂੰ ਜ਼ਿੰਦਗੀ ਦਾ ਵਰ ਦਿਆਂ!



## ਮੁੰਡੇ ਦੇ ਵਿਆਹ ਦੇ ਕਾਰਡ ਦੀ ਦੂਜੀ ਵੰਨਗੀ

### ਕਾਰਡ ਵਾਲੇ ਲਿਫਾਫੇ ਦੇ ਸਾਹਮਣੇ ਪਾਸੇ ਜਾਂ ਮਿਠਾਈ ਵਾਲੇ ਡੱਬੇ ਉੱਪਰ:

**ਉੱਤੇ :**

* ਜਿਸ ਘਰ ਜਨਮਿਆ ਪੁੱਤ ਵੇ ਬਾਬਲਾ!
ਮਾਰ ਨਗਾਰਾ ਢੁੱਕ ਵੇ ਬਾਬਲਾ! *

......(ਵਿਆਹੁਲੇ ਮੁੰਡੇ ਦਾ ਨਾਂ)......ਦਾ
ਤੇ ......(ਬੰਨੋ ਦਾ ਨਾਂ)......ਦਾ ਸ਼ੁਭ ਵਿਆਹ-ਜੋੜ
......ਮਿਤੀ:......ਦਿਨ......

**ਹੇਠਾਂ:**

......(ਵਿਆਹੁਲੇ ਮੁੰਡੇ ਦੇ ਮਾਤਾ-ਪਿਤਾ ਦਾ ਨਾਂ)......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

--------------------

*ਲੋਕਗੀਤ

## ਕਾਰਡ ਦਾ ਪਹਿਲਾ ਸਫ਼ਾ

**# ੧ੳ ਸਤਿਗੁਰ ਪ੍ਰਸਾਦਿ॥**
**ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥**
**ਮਿਹਰ ਕਰੇ ਜਿਸੁ ਮਿਹਰਵਾਨ ਤਾਂ ਕਾਰਜੁ ਆਵੈ ਰਾਸਿ॥#**

ਅਸੀਂ, ਸਰਦਾਰਨੀ/ਸ੍ਰੀ ਮਤੀ..(ਵਿਆਹੁਲੇ ਮੁੰਡੇ ਦੀ ਮਾਤਾ ਦਾ ਨਾਂ)...
ਅਤੇ ਸਰਦਾਰ/ ਸ੍ਰੀ ......( ਵਿਆਹੁਲੇ ਮੁੰਡੇ ਦੇ ਪਿਤਾ ਦਾ ਨਾਂ)......
ਬੇਨਤੀ ਕਰਦੇ ਹਾਂ
ਕਿ ਵਾਹਿਗੁਰੂ ਦੀ ਬਖ਼ਸ਼ਿਸ਼......( ਵਿਆਹੁਲੇ ਮੁੰਡੇ ਦਾ ਨਾਮ)...
ਦਾ ਸੁੱਖਾਂ-ਲੱਧਾ ਵਿਆਹ-ਜੋੜ
ਇਕ ਹੋਰ ਬਖ਼ਸ਼ਿਸ਼......(ਬੰਨੋ ਦਾ ਨਾਮ)......
ਸਪੁੱਤਰੀ ਸਰਦਾਰਨੀ/ਸ੍ਰੀ ਮਤੀ...... (ਬੰਨੋ ਦੀ ਮਾਤਾ ਦਾ ਨਾਮ)......ਅਤੇ
ਸਰਦਾਰ/ਸ੍ਰੀ......(ਬੰਨੋ ਦੇ ਪਿਤਾ ਦਾ ਨਾਮ )......
ਵਾਸੀ......(ਬੰਨੋ ਦੇ ਪਿੰਡ/ਸ਼ਹਿਰ ਦਾ ਨਾਮ)......
ਨਾਲ ਮਿਤੀ......ਨੂੰ ਹੋਣਾ ਨੀਯਤ ਹੋਇਆ ਹੈ
ਸਾਡੇ ਦਿਲ ਦੇ ਧੁਰ ਅੰਦਰਲੀ ਚਾਹਤ ਹੈ
ਕਿ ਤੁਸੀਂ ਪਰਿਵਾਰ ਸਮੇਤ
ਹਰ ਰਸਮ-ਰਿਵਾਜ਼ ਵਿੱਚ ਸ਼ਾਮਿਲ ਹੋਵੋ
ਇਸ ਲਈ ਗੁਜ਼ਾਰਿਸ਼ ਹੈ ਕਿ
ਤੁਹਾਡੇ ਚੰਦਨਮਈ ਕਦਮਾਂ ਦੀ ਆਹਟ
ਉਡੀਕਦੇ ਸਾਡੇ ਦਰਾਂ 'ਤੇ ਜ਼ਰੂਰ ਉੱਪੜਿਓ!

......ਮਾਤਾ ਪਿਤਾ ਦਾ ਨਾਮ
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ...
------------------------
#ਗੁਰਵਾਕ



## ਕਾਰਡ ਦਾ ਦੂਜਾ ਸਫ਼ਾ

**ਅੰਮੀ ਦੇ ਵਿਹੜੇ** (ਜੇ ਕੋਈ ਰਸਮ/ਜਸ਼ਨ ਕਿਸੇ ਹੋਰ ਸਥਾਨ 'ਤੇ ਹੈ ਤਾਂ ਉਸਦੇ ਸਾਹਮਣੇ ਸਿਰਨਾਵਾਂ ਦੇ ਦਿੱਤਾ ਜਾਵੇ)

**ਮਾਈਆਂ/ਵਟਣਾ/ਹਲਦੀ-ਹੱਥ:**
......ਮਿਤੀ......ਦਿਨ......ਸਮਾਂ......ਵਜੇ
* ਮੈਂ ਵਾਰੀ ਪਹਿਲਾ ਬੰਨਾ ਕੀਹਨੇ ਲਾਇਆ ?
ਮਾਂ ਤਾਂ ਤੇਰੀ ਸਰਬ-ਸੁਹਾਗਣ,ਪਹਿਲਾ ਬੰਨਾ ਉਹਨੇ ਲਾਇਆ *

**ਘੋੜੀਆਂ-ਜਾਗੋ-ਗਿੱਧਾ/ਗੀਤ-ਸੰਗੀਤ**
......ਮਿਤੀ......ਦਿਨ......ਸ਼ਾਮ......ਵਜੇ
* ਨੀ ਰਵੇਲ ਘੋੜੀ! ਦਾਦੇ ਵਿਹੜੇ ਜਾ
ਬਾਬੇ ਦੇ ਮਨ ਸ਼ਾਦੀਆਂ, ਤੇਰੀ ਦਾਦੀ ਦੇ ਮਨ ਚਾਅ *

ਤੁਹਾਡੇ ਆਉਣ ਨਾਲ ਹੀ
ਗਿੱਧੇ ਦਾ ਪਿੜ ਬੱਝਣਾ ਹੈ
ਭੰਗੜੇ ਨੇ ਭਰ ਜੋਬਨ 'ਤੇ ਆਉਣਾ ਹੈ
ਤੇ ਗੀਤਾਂ ਦੀ ਜਲਤਰੰਗ ਨਾਲ
ਲਹਿਰਾਉਂਦੀ ਫਿਜ਼ਾ ਵਿੱਚ
ਗੰਨੇ ਦੇ ਰਸ ਵਰਗਾ
ਸਰੂਰ ਘੁਲਣਾ ਹੈ
ਵਕਤ ਸਿਰ ਪਹੁੰਚ ਜ਼ਰੂਰ ਜਾਣਾ!

ਸੁਆਗਤ ਕਰਨਗੇ: ਨਾਨਕੇ-ਦਾਦਕੇ
------------------------
*ਲੋਕਗੀਤ

## ਕਾਰਡ ਦਾ ਤੀਜਾ ਸਫ਼ਾ

**ਬਾਬਲ ਦੇ ਘਰ**......ਮਿਤੀ......ਦਿਨ......(ਜੇ ਕੋਈ ਰਸਮ/ਜਸ਼ਨ ਕਿਸੇ ਹੋਰ ਸਥਾਨ 'ਤੇ ਹੈ ਤਾਂ ਉਸਦੇ ਸਾਹਮਣੇ ਸਿਰਨਾਵਾਂ ਭਰ ਦਿੱਤਾ ਜਾਵੇ)

**ਨ੍ਹਾਈ-ਧੋਈ:** ਸੂਰਜ ਦੀ ਟਿੱਕੀ ਦੇ ਉਗਦਿਆਂ:

* ਵਿਹੜੇ ਵਿੱਚ ਖਾਰਾ ਗੱਡਿਆ
ਖਾਰਿਓਂ ਉਤਾਰ ਮਾਮਾ ਵੱਡਿਆ! *

**ਸਿਹਰਾਬੰਦੀ:** ਸਰਘੀ ਦੇ ਨਾਲ ਨਾਲ......ਵਜੇ

* ਵੇ! ਲਾਹੌਰੋਂ ਮਾਲਣ ਆਈ ਵੀਰਾ
ਤੇਰਾ ਸਿਹਰੜਾ ਗੁੰਦ ਲਿਆਈ ਵੀਰਾ
ਤੇਰੇ ਸਿਹਰੜੇ ਦਾ ਕੀ ਮੁੱਲ ਵੀਰਾ
ਇਕ ਲੱਖ ਤੇ ਡੇਢ ਹਜ਼ਾਰ ਬੀਬੀ *

**ਜੰਨ ਦਾ ਚੜ੍ਹਾਅ:** ਸੁਨਹਿਰੀ ਕਿਰਨਾਂ ਦੇ ਸੰਗ ਸੰਗ....ਵਜੇ

* ਹੱਥ ਕੰਗਨਾ ਮੁੱਖ ਸਿਹਰਾ,ਤੇਰੇ ਮੋਢੇ ਧਰੀ ਤਲਵਾਰ
ਸਹੁਰੇ ਘਰ ਵੀਰਾ ਇਉਂ ਢੁਕੀਂ,ਜਿਉਂ ਢੁੱਕਦਾ ਜ਼ੈਲਦਾਰ *

ਇਹੋ ਜਿਹੇ ਰੰਗਲੇ ਸਮੇਂ
ਆਪ ਜਿਹੇ ਸਾਕ-ਸਬੰਧੀਆਂ ਨਾਲ ਹੀ ਸੋਭਦੇ ਨੇ
ਤੇ ਆਪ ਜਿਹੀਆਂ ਸ਼ਖਸ਼ੀਅਤਾਂ ਕਰਕੇ ਹੀ ਇਹੋ ਜਿਹੇ ਦਿਹਾੜੇ
ਚੇਤਿਆਂ ਦੇ ਵਰਕਿਆਂ ਉੱਤੇ
ਗੂੜ੍ਹੀ ਪੱਕੀ ਸਿਆਹੀ ਨਾਲ ਲਿਖੇ ਜਾਂਦੇ ਨੇ
ਆ ਜਾਇਓ!
ਅਸੀਂ ਤੁਹਾਡੇ ਇਕ ਇਕ ਕਦਮ ਦੀ ਇੰਤਜ਼ਾਰ ਵਿੱਚ ਹਾਂ

ਮਾਤਾ-ਪਿਤਾ ਦਾ ਨਾਮ ਜਾਂ ਹੋਰ ਜਿਸਦਾ ਵੀ ਲਿਖਣਾ ਹੋਵੇ......
ਸਿਰਨਾਵਾਂ ......ਫੋਨ ਨੰ:......

-----------------

*ਲੋਕਗੀਤ



## ਕਾਰਡ ਦਾ ਚੌਥਾ/ਆਖਰੀ ਸਫ਼ਾ

### ਆਉਣ ਵਾਲੀ ਬੰਨੋ ਨੂੰ:

ਤੂੰ ਆ ਜਾ ਇਸ ਵਿਹੜੇ ਵਿੱਚ ਪੁੰਨਿਆ ਦੀ ਰਾਤ ਬਣਕੇ
ਤਾਰੇ ਉਡੀਕਦੇ ਨੇ ਤੈਨੂੰ ਬਰਾਤ ਬਣਕੇ!

ਤੂੰ ਆ ਜਾ ਇਸ ਵਿਹੜੇ ਵਿੱਚ ਸੱਜਰਾ ਗੁਲਾਬ ਬਣਕੇ
ਪਾਣੀ ਉਡੀਕਦੇ ਨੇ ਤੈਨੂੰ ਚਨਾਬ ਬਣਕੇ!

ਤੂੰ ਆ ਜਾ ਇਸ ਵਿਹੜੇ ਵਿੱਚ ਸੂਹੀ ਸਵੇਰ ਹੋ ਕੇ
ਸੂਰਜ ਉਡੀਕਦਾ ਹੈ ਕਿਰਨਾਂ ਦਾ ਤੇਲ ਚੋ ਕੇ!

ਤੂੰ ਆ ਜਾ ਇਸ ਵਿਹੜੇ ਵਿੱਚ ਪਰੀਆਂ ਦਾ ਗੀਤ ਹੋ ਕੇ
ਖੁੱਲ੍ਹੇ ਨੇ ਬੂਹੇ ਸਾਰੇ ਸੁੱਚੀ ਪ੍ਰੀਤ ਹੋ ਕੇ!

ਤੂੰ ਆ ਜਾ ਇਸ ਵਿਹੜੇ ਵਿੱਚ ਮਖ਼ਮਲ 'ਤੇ ਪੱਬ ਧਰਕੇ
ਪਾਣੀ ਦੀ ਥਾਵੇਂ ਵਾਰਾਂ ਗੜਵੀ 'ਚ ਦੁੱਧ ਭਰਕੇ!

ਇਸ ਵਿਹੜੇ ਦਾ ਹਰ ਕੋਨਾ, ਤੇਰੇ ਤੋਂ ਵਾਰੀ ਜਾਵੇ
ਚਮਕਣ ਨਸੀਬ ਤੇਰੇ, ਰੱਬ ਰਾਜ-ਭਾਗ ਲਾਵੇ!

# ਸਵਾਗਤੀ-ਸਮਾਰੋਹ (ਰਿਸੈਪਸ਼ਨ) ਦਾ ਕਾਰਡ

......(ਸਥਾਨ ਦਾ ਨਾਂ ਤੇ ਸਿਰਨਾਵਾਂ) ......
ਮਿਤੀ ......ਦਿਨ ...... ਸਮਾਂ ......

* ਉੱਤਰ ਬੰਨੋ ਡੋਲਿਓਂ! ਕੋਈ ਦੇਖ ਸਹੁਰੇ ਦਾ ਦੁਆਰ
ਕੰਧਾਂ ਚਿੱਟਮ-ਚਿੱਟੀਆਂ
ਕੋਈ ਵੱਡਾ ਆਰ-ਪਰਿਵਾਰ *

ਵਾਹਿਗੁਰੂ ਦੀ ਅਪਾਰ ਮਿਹਰ ਹੋਈ ਹੈ
ਸਾਡੇ ਖਾਨਦਾਨ ਦਾ ਚਿਰਾਗ......(ਗੱਭਰੂ ਦਾ ਨਾਂ) ......
ਆਪਣੀ ਬਾਂਕੀ ਦੁਲਹਨ ......(ਵਹੁਟੀ ਦਾ ਨਾਂ)...... ਨੂੰ
ਫੁੱਲਾਂ-ਸਜੀ ਡੋਲੀ ਵਿੱਚ ਲੈ ਕੇ
ਸਾਡੇ ਵਰੋਸਾਏ ਦੁਆਰ ਆ ਢੁੱਕਿਆ ਹੈ
ਆਪਾਂ ਸਾਰੇ ਇਹਨਾਂ ਮਨਚਿਤਵੇ ਪਲਾਂ ਨੂੰ
ਨੱਚ ਕੇ, ਗਾ ਕੇ ਮਨਾਵਾਂਗੇ
ਤੇ ਖੁਸ਼ੀਆਂ ਦੇ ਬੂਹੇ
ਸਾਵੇ-ਸ਼ਰੀਂਹਾਂ ਦੇ ਵੰਦਨਬਾਰ ਟੰਗਾਂਗੇ
ਸਜ-ਵਿਆਹੇ ਜੋੜੇ ਨੂੰ
ਅਸੀਸਾਂ ਦੀ ਠੰਢੀ-ਮਿੱਠੀ ਚਾਨਣੀ ਨਾਲ
ਸਰਸ਼ਾਰ ਕਰਨ ਲਈ ਜ਼ਰੂਰ ਆਇਓ!
ਅਸੀਂ ਪਲ-ਪਲ ਤੁਹਾਡਾ ਸਾਥ ਚਾਹਾਂਗੇ

ਨਾਮ ......
ਸਿਰਨਾਵਾਂ...... ਫੋਨ ਨੰ:......

---

*ਲੋਕਗੀਤ



# ਮੁੰਡੇ ਦੇ ਵਿਆਹ ਦੇ ਕਾਰਡ ਵਿੱਚ ਵਰਤੇ ਜਾਣ ਵਾਲੇ ਕੁਝ ਹੋਰ ਗੀਤਾਂ ਦੀਆਂ ਤੁਕਾਂ:

1. * ਕਿਉਂ ਖੜ੍ਹਾ ਵੀਰਾ!ਕਿਉਂ ਖੜ੍ਹਾ,ਕਿਉਂ ਖੜ੍ਹਾ ਦਿਲਗੀਰ
   ਗੱਡਾ ਦੇਣਗੇ ਪਿਆਰ ਦਾ,ਤੇਰੇ ਮਗਰ ਲਾਉਣਗੇ ਹੀਰ *
2. * ਸਿਹਰੇ ਵਾਲਿਆ ਵੀਰਾ ਵੇ ! ਤੇਰਾ ਸੋਨੇ ਦਾ ਸਿਹਰਾ
   ਤੇਰੇ ਸਿਹਰੇ ਦੀ ਵਡਿਆਈ ਵੇ!ਤੈਨੂੰ ਖਲਕਤ ਦੇਖਣ ਆਈ *
3. * ਜਦੋਂ ਚੜ੍ਹਿਆ ਵੀਰਾ!ਘੋੜੀ ਵੇ
   ਤੇਰੇ ਨਾਲ ਭਰਾਵਾਂ ਦੀ ਜੋੜੀ ਵੇ ਲਟਕੇਂਦੇ ਵਾਲ ਸੋਨੇ ਦੇ
   ਸੋਹਣਿਆ ਵੀਰਾ!ਮੈਂ ਤੈਨੂੰ ਘੋੜੀ ਚੜ੍ਹੇਨੀ ਆਂ *
4. * ਵੀਰਾ ਕੱਕੀਆਂ ਤੇ ਚੰਬੀਆਂ ਘੋੜੀਆਂ
   ਵੇ ਤੂੰ ਕਿਹੜੀ ਦਾ ਅਸਵਾਰ
   ਨੀ ਚੁਣ ਲਿਆਓ ਚੰਬਾ ਤੇ ਗੁਲਾਬ
   ਗੁੰਦ ਲਿਆਓ ਵੀਰਿਆਂ ਦੇ ਹਾਰ *
5. * ਕਿਸ ਤੇਰਾ ਮੋਢਾ ਚਿੱਤਰਿਆ!ਜੀਉ ਮੇਰੇ ਜਾਦੜਿਆ!
   ਕਿਸ ਤੇਰਾ ਕਾਜ ਰਚਾਇਆ,ਸੁੱਖੀਂ ਲੱਧੜਿਆ!
   ਬਾਬੇ ਮੋਢਾ ਚਿੱਤਰਿਆ,ਜੀਉ ਮੇਰੇ ਜਾਦੜਿਆ
   ਤੇਰੇ ਬਾਬਲ ਕਾਜ ਰਚਾਇਆ,ਸੁੱਖੀਂ ਲੱਧੜਿਆ *
6. * ਹਾਰੇ ਦੁੱਧ ਕੜ੍ਹੇਂਦੀਏ ਨੀ! ਉੱਤੇ ਆਈ ਆ ਮਲਾਈ
   ( ...ਜਿਹਨੂੰ ਵਧਾਈ ਦੇਣੀ ਹੋਵੇ ਉਹਦਾ ਨਾਂ)... ਬੀਬੀ ਰਾਣੀਏਂ ਨੀ!
   ਸਾਡੀ ਮੰਨ ਲੈ ਵਧਾਈ *

---

*ਲੋਕਗੀਤ

## ਦੁਆਵਾਂ ਦੇ ਸ਼ਗਨ:

ਇਹ ਦੁਆਵਾਂ/ਅਸੀਸਾਂ ਪ੍ਰਾਹੁਣਿਆਂ ਵੱਲੋਂ ਸ਼ਗਨ ਵਾਲੇ ਲਿਫਾਫੇ ਵਿਚ ਪਾ ਕੇ ਸਜ-ਵਿਆਹੀ ਜੋੜੀ ਨੂੰ ਦਿੱਤੀਆਂ ਜਾ ਸਕਦੀਆਂ ਹਨ (ਉਂਜ ਇਹੋ ਜਿਹੀਆਂ ਅਸੀਸਾਂ ਕਿਤਾਬ ਦੇ ਹੋਰ ਪੰਨਿਆਂ ਤੋਂ ਵੀ ਲਈਆਂ ਜਾ ਸਕਦੀਆਂ ਹਨ)

1.
ਨਵੀਂ ਇਹ ਜ਼ਿੰਦਗੀ ਹੋਵੇ ਮੁਬਾਰਕ
ਵਸੋ ਇਕ ਦੂਸਰੇ ਦੀਆਂ ਚਾਹਾਂ ਅੰਦਰ
ਕਿਸਮਤ ਏਦਾਂ ਮਿਹਰਬਾਨ ਹੋ ਜਾਏ
ਬਹਿਸ਼ਤਾਂ ਵਿਛਣ ਤੁਹਾਡੇ ਰਾਹਾਂ ਅੰਦਰ!

ਲਾਡਲੇ......(ਬੰਨੇ ਦਾ ਨਾਮ)......ਨੂੰ,
ਰੱਬ ਕਰੇ ਤੇਰੀ ਸੱਜਰੀ ਪੈੜ ਦਾ ਰੇਤਾ ਹਮੇਸ਼ਾ ਤੇਰੀ ਝਾਂਜਰਾਂ ਵਾਲੀ (......ਵਹੁਟੀ ਦਾ ਨਾਂ......) ਦੀ ਹਿੱਕ ਦਾ ਸਕੂਨ ਬਣਿਆ ਰਹੇ ਤੇ ਉਹਦੀਆਂ ਝਾਂਜਰਾਂ ਦੇ ਬੋਰ ਸਦਾ ਤੇਰੇ ਦਿਲ ਦੀਆਂ ਵਾਦੀਆਂ ਵਿੱਚ ਛਣਕਦੇ ਰਹਿਣ।
ਵਸੋ ਰਸੋ! ਜਵਾਨੀਆਂ ਮਾਣੋ!
ਸਜੀਲੀ ਜੋੜੀ ਤੋਂ ਬਲਿਹਾਰ ਜਾਂਦੇ ਹੋਏ,
......(ਸ਼ਗਨ/ਦੁਆਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ

2.
ਘੋੜੀ ਚੜ੍ਹ ਕੇ,ਡੋਲੀ ਚੜ੍ਹ ਕੇ,ਜਿਸ ਮੰਜ਼ਿਲ 'ਤੇ ਪਹੁੰਚੇ ਹੋ
ਉਹ ਮੰਜ਼ਿਲ ਖੁਸ਼ਨੁਮਾ ਹੋਵੇ,ਉਹ ਮੰਜ਼ਿਲ ਚਾਨਣੀ ਦੇਵੇ
ਗਾਨਾ ਬੰਨ੍ਹ ਕੇ, ਵਟਣਾ ਲਾ, ਮੁਬਾਰਕ-ਦਰ 'ਤੇ ਪਹੁੰਚੇ ਹੋ
ਇਹ ਦਰ ਦਿਲਰੁਬਾ ਹੋਵੇ, ਇਹ ਦਰ ਜ਼ਿੰਦਗੀ ਦੇਵੇ!

ਪਿਆਰੇ......(ਬੰਨੇ ਦਾ ਨਾਂ)......
ਤੇ ਉਹਦੇ ਦਿਲ ਦੀ ਮਲਿਕਾ......(ਵਹੁਟੀ ਦਾ ਨਾਂ)......ਨੂੰ
ਵੱਡੇ-ਵਡੇਰਿਆਂ ਦੀਆਂ ਦੁਆਵਾਂ ਛਾਵੇਂ ਮਿਲਿਆ ਇਹ ਗ੍ਰਹਿਸਤ ਜੀਵਨ ਪਲ-ਪਲ ਸੁਹੰਢਣਾ ਹੋਵੇ,ਪ੍ਰੀਤਾਂ ਦੇ ਚਸ਼ਮੇ ਫੁੱਟਦੇ ਰਹਿਣ ਤੇ ਤੁਹਾਡੇ ਸਾਹਾਂ ਵਿੱਚ ਸੰਧੂਰੀ ਅੰਬਾਂ ਦੀ ਮਿਠਾਸ ਘੁਲੀ ਰਹੇ!
......(ਸ਼ਗਨ/ਦੁਆਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ ......ਆਦਿ

3.
ਤੁਹਾਡੇ ਦਰਵਾਜ਼ੇ ਉੱਤੇ ਦਸਤਕ ਦੇ ਰਹੀ 'ਬਹਾਰ'
ਬਹੁਤ ਬਹੁਤ ਮੁਬਾਰਕ!
ਰੱਬ ਕਰੇ
ਇਸ ਖ਼ੂਬਸੂਰਤ ਪਲ ਵਿੱਚ
ਦੁਨੀਆਂ ਦੀ ਹਰ ਅਸੀਸ
ਤੁਹਾਡੀ ਝੋਲੀ ਵਿੱਚ ਇੰਜ ਬਰਸੇ
ਕਿ ਜੀਵਨ ਦਾ ਹਰ ਛਿਣ
ਖੁਸ਼ੀਆਂ ਭਰਿਆ ਤੇ ਰਸ-ਭਿੰਨੜਾ ਹੋ ਜਾਵੇ!

ਬਹੁਤ ਹੀ ਮੋਹਵੰਤੇ ......(ਪਰਿਵਾਰ ਦੇ ਮੁਖੀ ਦਾ ਨਾਂ)......ਨੂੰ ਅਤੇ ਪਰਿਵਾਰ ਨੂੰ ਇਸ ਚਿਰ-ਉਡੀਕੀ ਘੜੀ ਦੀ ਬਹੁਤ ਬਹੁਤ ਮੁਬਾਰਕ,ਆਪ ਦੇ ਗੁਲਸ਼ਨ ਵਿੱਚ ਹਮੇਸ਼ਾ ਬਹਾਰ ਰਹੇ, ਇਹਨਾਂ ਬਹਾਰਾਂ ਦਾ ਰਾਜਾ......(ਲਾੜੇ ਦਾ ਨਾਮ)......ਤੇ ਰਾਣੀ......(ਲਾੜੀ ਦਾ ਨਾਮ)......ਸਦਾ ਮਹਿਕਦੇ, ਟਹਿਕਦੇ ਤੇ ਚਹਿਕਦੇ ਰਹਿਣ!

......(ਸ਼ਗਨ/ਦੁਆਵਾਂ ਦੇਣ ਵਾਲੇ ਦਾ ਨਾਮ ਤੇ ਸਿਰਨਾਵਾਂ)......
ਫੋਨ ਨੰ:......ਈਮੇਲ......ਆਦਿ



ਕੁਝ ਏਹੋ ਜਿਹੇ ਸੁਹਾਵੜੇ ਮੌਕੇ ਵੀ ਆਉਂਦੇ ਨੇ
ਜਦੋਂ ਹਮਸਫਰ ਨੂੰ ਸ਼ੁਕਰੀਆ ਕਹਿਣ ਨੂੰ ਜੀਅ ਕਰਦੈ,
ਆਪਣੇ ਅੰਦਰਲੀ ਪ੍ਰੇਮ-ਵਿਗੁੱਤੀ ਝੀਲ ਦੇ
ਕੁਝ ਕੰਵਲ ਪੇਸ਼ ਕਰਨ ਦੀ ਤਾਂਘ ਕਰਵਟ ਲੈਂਦੀ ਹੈ



# ਜੀਵਨ-ਸਾਥੀ ਜਾਂ ਮਹਿਬੂਬ ਵਾਸਤੇ 'ਮੁਹੱਬਤੀ ਬੋਲ'

ਇਹ 'ਮੁਹੱਬਤੀ ਬੋਲ' ਪਤੀ, ਪਤਨੀ, ਮੰਗੇਤਰ ਜਾਂ ਮਹਿਬੂਬ ਨੂੰ ਉਹਦੇ ਜਨਮ-ਦਿਨ, ਪਹਿਲੇ ਮਿਲਾਪ-ਦਿਵਸ, ਵਿਆਹ ਦੀ ਵਰ੍ਹੇ-ਗੰਢ, ਵੈਲੈਂਟਾਈਨ ਡੇ, ਕਰਵਾ-ਚੌਥ ਜਾਂ ਕਿਸੇ ਹੋਰ ਉਮੰਗਾਂ ਭਰੇ ਯਾਦਗਾਰੀ ਦਿਨ 'ਤੇ ਕਿਸੇ ਤੋਹਫ਼ੇ ਨਾਲ ਲਗਾ ਕੇ, ਗੁਲਦਸਤੇ ਨਾਲ ਟੰਗ ਕੇ, ਚਿੱਠੀ ਵਿੱਚ ਲਿਖ ਕੇ, ਈਮੇਲ, ਮੋਬਾਈਲ ਸੁਨੇਹੇ ਜਾਂ ਕਿਸੇ ਸ਼ੋਸ਼ਲ ਸਾਈਟ ਰਾਹੀਂ ਭੇਜੇ ਜਾ ਸਕਦੇ ਹਨ ਅਤੇ ਸ਼ਬਦਾਂ ਦੀ ਥੋੜ੍ਹੀ ਜਿਹੀ ਫੇਰ-ਬਦਲ ਨਾਲ ਹਰ ਕਿਸੇ ਲਈ ਵਰਤੇ ਜਾ ਸਕਦੇ ਹਨ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



## ਪਹਿਲੇ ਮਿਲਾਪ-ਦਿਵਸ,ਵੈਲੈਂਟਾਈਨ ਡੇ,ਵਿਆਹ ਦੀ ਵਰ੍ਹੇ-ਗੰਢ,ਜਨਮ-ਦਿਨ ਜਾਂ ਕਿਸੇ ਹੋਰ ਉਮੰਗਾਂ ਭਰੇ ਯਾਦਗਾਰੀ ਦਿਨ 'ਤੇ:

1.

ਚਿੱਟਾ ਇੱਕ ਗੁਲਾਬ ਸੀ ਦਿਲ ਮੇਰਾ
ਤੇਰੇ ਇਸ਼ਕ ਦੇ ਰੰਗ ਨੇ ਲਾਲ ਕੀਤਾ
ਧੜਕਣ ਵਿੱਚ ਹੈ ਘੁਲ ਗਿਆ ਨਾਮ ਤੇਰਾ
ਸਾਡੀ ਜਿੰਦ ਨੂੰ ਹਾਲੋਂ ਬੇਹਾਲ ਕੀਤਾ
ਨਾ ਦਿਸੇ ਦੁਨੀਆਂ , ਨਾ ਰੱਬ ਯਾਦ ਆਵੇ
ਬੱਸ ਇਕ ਸਿਦਕ ਮੇਰਾ,ਬੱਸ ਇਕ ਇਸ਼ਕ ਤੇਰਾ
ਭੁੱਲ ਗਈ ਆਂ ਜ਼ਮਾਨੇ ਦੇ ਸਿਤਮ ਸਾਰੇ
ਜਾਦੂਗਰਾ ਵੇ ! ਇਹ ਕੀ ਕਮਾਲ ਕੀਤਾ?

2.

ਤੇਰੇ ਸੰਗ-ਸੰਗ ਜੀਣਾ,
ਜਿਉਂ ਨੱਕੋ-ਨੱਕ ਚਾਨਣ ਦਾ ਛੰਨਾ
ਘੁੱਟ ਘੁੱਟ ਕਰਕੇ ਪੀਣਾ
ਤੇਰੇ ਕੋਲ-ਕੋਲ ਬਹਿਣਾ,
ਜਿਉਂ ਇੰਦਰ-ਧਨੁਸ਼ ਦੇ ਰੰਗਾਂ ਦਾ
ਜ਼ਿੰਦਗੀ ਸ਼ਿੰਗਾਰ ਦੇਣਾ
ਤੇਰਾ ਨਾਲ-ਨਾਲ ਹੱਸਣਾ,
ਜਿਉਂ ਸੱਭੋ ਸ਼ਹਿਨਸ਼ਾਹੀਆਂ ਦਾ
ਮੇਰੇ ਹੋਂਠਾਂ ਉੱਤੇ ਵੱਸਣਾ!

3.
ਤੇਰੀ ਇਕੋ ਇਕ ਤੱਕਣੀ, ਹਾਇ ਜਾਨ ਕੱਢ ਕੇ ਲੈ ਗਈ
ਓ ਦਿਲ ਮੇਰੇ ਦੇ ਮਹਿਰਮਾ! ਜਿੰਦ ਪਿਆਰ ਦੇ ਵਸ ਪੈ ਗਈ
ਇਸ ਦਿਲ ਦਾ, ਇਸ ਖਿੱਚ ਦਾ ਅਰਮਾਨ ਬਣ ਜਾ ਦੋਸਤਾ!
ਮੈਂ ਮਨ ਦਾ ਬੂਹਾ ਖੋਲ੍ਹਿਆ, ਮਹਿਮਾਨ ਬਣ ਜਾ ਦੋਸਤਾ!

4.
ਤੇਰੇ ਟੂਣੇਹਾਰੇ ਨੈਣ ਨੀ, ਚੁੱਪ ਰਹਿ ਕੇ ਕੀ ਕੁਝ ਕਹਿ ਗਏ
ਸਾਡੇ ਮਨ ਦੇ ਉੱਚੇ ਕਿੰਗਰੇ ਬੱਸ ਢਹਿੰਦੇ ਢਹਿੰਦੇ ਢਹਿ ਗਏ
ਇਕ ਨਜ਼ਰ ਭਰ ਕੇ ਤੱਕਿਆ ਤੇ ਚੈਨ ਸਾਰਾ ਲੈ ਗਏ
ਸਾਡਾ ਸਭ ਕੁਝ ਲੈ ਕੇ ਉੱਡ ਗਏ,ਅਸੀਂ ਹੱਥ ਮਲਦੇ ਰਹਿ ਗਏ!

5.
ਕਿਤੋਂ ਬਹੁੜ ਵੇ ਪਰਦੇਸੀਆ! ਨਾ ਦੇਰ ਲਾ
ਕਿ ਫੁੱਲ ਤੋਂ ਖ਼ੁਸ਼ਬੋ ਨਾ ਰਹਿ ਸਕਦੀ ਜੁਦਾ
ਹਰ ਸਾਹ ਤੇਰਾ ਨਾਂ ਲੈ ਗੁਜ਼ਰਦਾ ਜਾ ਰਿਹੈ
ਮੈਂ ਤੇਰੀ ਰੂਹ ਦਾ ਗੀਤ ਹਾਂ, ਆ ਪਰਤ ਆ!



6.
ਉਹ ਕੇਹੀ ਕੁ ਅੜਿਆ ਰਾਤ ਸੀ,ਜਦ ਦਿਲ ਨੇ ਤੈਨੂੰ ਵਰ ਲਿਆ
ਅਸਾਂ ਜਿੰਦ ਤੇਰੇ ਨਾਮ ਕੀਤੀ, ਚੰਦ ਪਟਵਾਰੀ ਕਰ ਲਿਆ
ਹਾਇ ਸੱਜਣਾ ਵੇ ! ਧਰਤੀ ਦੇ ਪਹਿਰੇਦਾਰਾਂ ਕੋਲੋਂ ਡਰ ਕੇ,
ਅੱਖਾਂ ਜੋ ਬਣੀਆਂ ਝੀਲ, ਤੇਰਾ ਨਾਮ ਉੱਤੇ ਤਰ ਪਿਆ!

7.
ਤੇਰੇ ਬਿਨ ਜ਼ਿੰਦਗੀ ਪਤਝੜ ਦੀ ਕੋਈ ਰੁੱਤ ਸੀ
ਤੂੰ ਮਿਲੀਉਂ ਤੇ ਇਹ ਖਿੜਿਆ ਗੁਲਾਬ ਹੋ ਗਈ
ਮੈਨੂੰ ਸੁਰਗ ਦਾ ਝੂਟਾ ਨੇ ਬਾਹਾਂ ਤੇਰੀਆਂ
ਕਿ ਹੁਣ ਹਰ ਰੁੱਤ ਹੀ ਜੰਨਤ ਦਾ ਖ਼ਾਬ ਹੋ ਗਈ!

8.
ਮੇਰੇ ਨੈਣਾਂ ਦੇ ਕਿਣਕੇ ਦਾ,ਉਹ ਚੁਭ ਜਾਣਾ ਤੇਰੇ ਨੈਣੀਂ
ਤੇਰਾ ਹਰ ਹੰਝੂ ਮੇਰੀ ਪੀੜ ਉੱਤੋਂ ਵਾਰਿਆ ਹੋਣਾ
ਮੁਹੱਬਤ ਧਰਤ,ਕੰਧਾਂ,ਤੇ ਮੁਹੱਬਤ ਦੀ ਹੀ ਛੱਤ ਦੇਣੀ
ਕਿਸੇ ਨਹੀਂ ਵਾਂਗਰਾਂ ਤੇਰੇ ਵਫ਼ਾ ਨੂੰ ਵਰਤਿਆ ਹੋਣਾ!

9.

ਇਸ਼ਕ ਤੇਰੇ ਵਿੱਚ ਡੂੰਘੇ ਡੁੱਬ ਕੇ, ਏਸ ਬੁਲੰਦੀ ਪਹੁੰਚੇ ਹਾਂ
ਆਪਣਾ ਨਾਂ ਵੀ ਭੁੱਲ ਗਏ ਹਾਂ, ਹੋ ਗਏ ਹਾਂ ਬੇਨਾਮ ਅਸੀਂ
ਹਰ ਤਿਤਲੀ ਨੂੰ,ਹਰ ਭੌਰੇ ਨੂੰ,ਫੁੱਲ ਸੁਣਾਉਂਦੇ ਆਪਣੀ ਗੱਲ
ਜਦ ਤੋਂ ਬਾਗ ਗੁਲਾਬਾਂ ਦੇ ਵਿੱਚ ਕੱਟੀ ਹੈ ਇਕ ਸ਼ਾਮ ਅਸੀਂ!

10

ਰਾਂਗਲੇ ਬਨੇਰੇ ਵੇ!ਮੈਂ ਚਾਨਣੀ'ਚ ਲਿੱਪ ਲਏ
ਵਣਜ ਮੁਹੱਬਤਾਂ ਦੇ ਪਲਾਂ ਵਿੱਚ ਸਿੱਖ ਲਏ
ਅੱਗ ਦੇ ਭਬੂਕੇ ਵਾਂਗ ਮੱਚੀਆਂ ਮੁਹੱਬਤਾਂ
ਲਹੂ ਵਿੱਚ ਛਮ-ਛਮ ਨੱਚੀਆਂ ਮੁਹੱਬਤਾਂ
ਮਾਹੀ!ਤੂੰ ਹੀ ਮੇਰਾ ਹਾਰ ਤੇ ਸ਼ਿੰਗਾਰ
ਹੌਲੀ ਹੌਲ਼ੀ ਬੂਹਾ ਖੋਲ੍ਹ ਕੇ
ਸਾਡੇ ਵਿਹੜੇ ਵੱਲ ਤੱਕਦੀ ਬਹਾਰ!

11.

ਅਸੀਂ ਤਾਂ ਢੋਲਾ! ਆਪਣੇ ਹੱਥੀਂ ਇਸ਼ਕ ਦੀ ਮਹਿੰਦੀ ਲਾਈ
ਇਸ਼ਕ ਦਾ ਰੰਗ ਸਾਡੇ ਹੱਡੀਂ ਰਚਿਆ, ਤੈਨੂੰ ਖਬਰ ਨਾ ਕਾਈ
ਅਸੀਂ ਤਾਂ ਚੰਨਾ! ਖਿਆਲ 'ਚ ਤੇਰੇ,ਸਾਰੀ ਦੁਨੀਆਂ ਭੁੱਲ ਗਏ
ਤੂੰ ਤੁਰ ਗਿਆ ਪਰਦੇਸੀਂ ਵੇ! ਅਸੀਂ ਕੱਖਾਂ ਵਾਂਗਰ ਰੁਲ਼ ਗਏ!



12.

ਕਿੰਨਾ ਚੰਗਾ ਲੱਗਦੈ!
ਬਾਹਾਂ ਫੈਲਾਅ ਕੇ ਤੇਰਾ ਆਕਾਸ਼ ਹੋ ਜਾਣਾ
ਤੇ ਮੇਰਾ ਤੇਰੀ ਹਿੱਕ ਨਾਲ ਲੱਗ ਕੇ ਇਕ ਤਾਰੇ ਵਾਂਗ ਟਿਮਟਿਮਾਉਣਾ
ਤੇ ਫਿਰ ਆਪਣੇ ਦਵਾਲੇ ਇਕ ਤਾਜਮਹਿਲ ਸਿਰਜਿਆ ਜਾਣਾ!

13.

ਤੈਨੂੰ ਤੱਕ ਸ਼ਰਮਾ ਕੇ ਮੈਂ ਜਦ ਨੀਵੀਂ ਪਾਈ ਸੀ
ਤੇਰੇ ਹੋਂਠਾਂ 'ਤੇ ਖੇਡੀ ਮੁਸਕਾਨ ਨੂਰਾਨੀ ਸੀ
ਉਹੋ ਪਲ ਸੋਨਾ ਸੀ, ਉਹੋ ਦਿਨ ਜੰਨਤ ਸੀ
ਉਦੋਂ ਤੂੰ ਰਾਜਾ ਸੀ, ਉਦੋਂ ਮੈਂ ਰਾਣੀ ਸੀ!

14.

ਤੂੰ ਹੀ ਮੇਰਾ ਮਹਿਬੂਬ ਹੈਂ, ਤੂੰ ਹੀ ਸੁਹਾਗ ਹੈਂ ਮੇਰਾ
ਹਰ ਵਕਤ ਤੁਰਨਾ ਹੈ ਕਦਮਾਂ ਤੇਰਿਆਂ ਦੇ ਨਾਲ ਨਾਲ
ਤੈਨੂੰ ਲੱਗੇ ਸੇਕ ਮੈਂ ਸਾਰੀ ਦੀ ਸਾਰੀ ਪਿਘਲ ਜਾਂ,
ਇਸ ਤਰ੍ਹਾਂ ਨਿਭਣੀ ਮੁਹੱਬਤ ਫੇਰਿਆਂ ਦੇ ਨਾਲ ਨਾਲ!

# ਕਰਵਾ-ਚੌਥ 'ਤੇ:

1.
ਰਹੇ ਮੇਰੇ ਹੋਂਠਾਂ 'ਤੇ ਨਾਂ ਸਿਰਫ ਤੇਰਾ
ਰਹੇ ਮੇਰੇ ਮੱਥੇ 'ਤੇ ਤੇਰੀ ਨਿਸ਼ਾਨੀ
ਤੂੰ ਰਾਂਝਾ ਵੀ ਮੇਰਾ,ਤੂੰ ਮਿਰਜ਼ਾ ਵੀ ਮੇਰਾ
ਤੇਰੇ ਨਾਲ ਰੌਸ਼ਨ ਮੇਰੀ ਜ਼ਿੰਦਗਾਨੀ!

2 .
ਉਨਾ ਹੀ ਲਿਸ਼ਕਿਆ ਹੈ ਇਹ, ਉਨਾ ਹੀ ਚਮਕਿਐ
ਮੈਂ ਪੂੰਝਿਆ ਹੈ ਨਾਂ ਤੇਰਾ, ਜਿੰਨਾ ਰੁਮਾਲ ਨਾਲ
ਤੇਰਾ ਤੇ ਮੇਰਾ ਸਾਕ ਵੀ ਓਨਾ ਹੁਸੀਨ ਹੈ
ਜਿੰਨਾ ਹੁਸੀਨ ਰੱਬ ਦਾ , ਪੂਜਾ ਦੇ ਥਾਲ਼ ਨਾਲ!

3.
ਇਹ ਵਰਤ ਕਰਵਾ-ਚੌਥ ਦਾ, ਤੇਰੀ ਉਮਰ ਦਾ ਅਰਮਾਨ ਹੈ
ਲੱਗੇ ਜੋ ਨਿਹੁੰ, ਮਰਦੇ ਨਹੀਂ, ਰੂਹਾਂ ਨੂੰ ਇਹ ਵਰਦਾਨ ਹੈ
ਜਿੰਦ ਤੇਰੀ ਰਹੇ ਮਹਿਕਦੀ, ਸੁਫ਼ਨੇ ਤੇਰੇ ਖਿੜਦੇ ਰਹਿਣ
ਤੂੰ ਕੋਲ਼ ਰਹੇਂ ਜਾਂ ਦੂਰ ਰਹੇਂ, ਤੇਰੀ ਜਾਨ 'ਚ ਮੇਰੀ ਜਾਨ ਹੈ!

4.
ਤੇਰੇ ਨਾਲ ਹੀ ਹੈ ਗੁਣਗੁਣਾਉਂਦੀ ਜ਼ਿੰਦਗੀ
ਜਿਸ ’ਤੇ ਧੜਕਦਾ ਹੈ ਦਿਲ, ਤੂੰ ਉਹ ਸਾਜ਼ ਲੱਗੇਂ
ਤੂੰ ਮੇਰਾ ਚੰਦ ਹੈਂ, ਮੈਂ ਤੈਨੂੰ ਅਰਘ ਦੇਣਾ ਹੈ
ਤੂੰ ਮੈਨੂੰ ਰੱਬ ਦੀ ਸੱਜਣਾ! ਕੋਈ ਆਵਾਜ਼ ਲੱਗੇਂ!



ਖੂਨ ਦੇ ਸਾਕ ਗੂੜ੍ਹੇ ਨੇ, ਬਜ਼ਾਰਾਂ ਵਿੱਚ ਨਹੀਂ ਲੱਭਦੇ
ਮਾਮੂਲੀ ਕੌਡੀਆਂ ਪਿੱਛੇ, ਖਜ਼ਾਨੇ ਨਾ ਗੁਆ ਲੈਣਾ!
ਖੋਰਾ ਲਾਉਣ ਕਿੰਨਾ ਵੀ,ਇਹ ਬੇਪਰਤੀਤੀਆਂ ਦੇ ਹੜ੍ਹ
ਨਾ ਆਪਣੇ ਅੰਦਰੋਂ ਅਹਿਸਾਸ ਦੀ ਰੰਗਤ ਮਿਟਾ ਲੈਣਾ!



**ਬਾਲ-ਦਿਵਸ, ਮਾਂ-ਦਿਵਸ, ਧੀ-ਦਿਵਸ, ਪਿਤਾ-ਦਿਵਸ, ਜਨਮ-ਦਿਨ,ਰੱਖੜੀ, ਸ਼ਾਦੀ ਦੀ ਵਰ੍ਹੇਗੰਢ, ਕਿਸੇ ਪ੍ਰਾਪਤੀ, ਯਾਦਗਾਰੀ ਦਿਨ 'ਤੇ ਜਾਂ ਕਿਸੇ ਹੋਰ ਖੁਸ਼ੀ ਮੌਕੇ ਲਹੂ ਦੇ ਰਿਸ਼ਤਿਆਂ ਨੂੰ ਗੂੜ੍ਹਾ ਕਰਦੇ 'ਮੋਹ-ਭਿੱਜੇ ਸੁਨੇਹੇ'**

ਇਹ 'ਮੋਹ-ਭਿੱਜੇ ਸੁਨੇਹੇ' ਮਾਂ, ਪਿਤਾ, ਬੇਟੀ, ਬੇਟੇ, ਭੈਣ, ਭਰਾ ਨੂੰ ਕਿਸੇ ਤੋਹਫ਼ੇ ਨਾਲ ਲਗਾ ਕੇ, ਗੁਲਦਸਤੇ ਨਾਲ ਟੰਗ ਕੇ, ਚਿੱਠੀ ਵਿੱਚ ਲਿਖ ਕੇ, ਮੋਬਾਈਲ ਸੁਨੇਹੇ, ਈਮੇਲ, ਜਾਂ ਕਿਸੇ ਸ਼ੋਸ਼ਲ ਸਾਈਟ ਰਾਹੀਂ ਭੇਜੇ ਜਾ ਸਕਦੇ ਹਨ ਅਤੇ ਸ਼ਬਦਾਂ ਦੀ ਥੋੜ੍ਹੀ ਜਿਹੀ ਫੇਰ-ਬਦਲ ਨਾਲ ਹਰ ਸਾਕ-ਸਬੰਧੀ ਅਤੇ ਹਰ ਮੌਕੇ ਲਈ ਵਰਤੇ ਜਾ ਸਕਦੇ ਹਨ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



## ਮਾਂ ਵੱਲੋਂ ਬੱਚਿਆਂ ਨੂੰ ਬਾਲ-ਦਿਵਸ 'ਤੇ:

ਦੂਰ ਵਸੇਂਦੇ ਲਾਡਲਿਓ ! ਨਾ ਮਾਂ ਨੂੰ ਜਾਇਓ ਭੁੱਲ
ਬਾਗਾਂ ਦੇ ਵਿੱਚ ਫੁੱਲ ਬੜੇ , ਪਰ ਕੋਈ ਨਾ ਤੁਹਾਡੇ ਤੁੱਲ
ਹਰ ਵੇਲੇ, ਹਰ ਥਾਂ 'ਤੇ ਮਾਂ, ਏਹੋ ਹੀ ਖ਼ੈਰ ਮਨਾਵੇ
ਜਿੱਥੇ ਮੇਰੇ ਦਿਲ ਦਾ ਟੁਕੜਾ, ਦਰਦ ਨਾ ਉੱਥੇ ਜਾਵੇ
ਨਾ ਹੀ ਕੋਈ ਉਦਾਸੀ ਬੱਦਲੀ ਉਹਦੀ ਛੱਤ ਤੋਂ ਲੰਘੇ
ਕੁੱਲ ਦੁਨੀਆਂ ਦਿਆ ਸਾਂਈਆਂ ਵੇ !ਮਾਂ ਬਾਲਾਂ ਦੀ ਸੁੱਖ ਮੰਗੇ !

ਮੇਰੇ ਜਿਗਰ ਦੇ ਟੋਟਿਓ !ਅੱਜ ਜਦੋਂ ਸਾਰੇ ਸੰਸਾਰ ਵਿੱਚ 'ਬਾਲ-ਦਿਵਸ' ਮਨਾਇਆ ਜਾ ਰਿਹੈ,ਤੁਹਾਡੀ ਮਾਂ ਸੱਚੀ ਦਰਗਾਹ 'ਤੇ ਸਿਰ ਝੁਕਾ ਕੇ ਤੁਹਾਡੀਆਂ ਖੁਸ਼ੀਆਂ ਲਈ ਝੋਲ਼ੀ ਫੈਲਾਈ ਬੈਠੀ ਹੈ !ਬਖਸ਼ਣਹਾਰ ਕਰੇ ਕਿ ਉਹਦੀ ਹਰ ਬਖਸ਼ਿਸ਼ ਤੁਹਾਡੇ ਸੁੱਖ-ਅਨੰਦ ਦੀ ਸਿਖਰ ਬਣੇ !ਇਹੋ ਜਿਹੀਆਂ ਬੇਸ਼ੁਮਾਰ ਦੁਆਵਾਂ ਨਾਲ,
ਤੁਹਾਡੀ ਮਾਂ

## ਮਾਂ ਵੱਲੋਂ ਪੁੱਤਰ ਨੂੰ ਜਨਮ-ਦਿਨ 'ਤੇ:

ਮੈਂ ਤਾਂ ਇੱਕ ਅਣਭੋਲ ਕਲੀ ਸੀ,
ਜਿਸਮ ਮੇਰਾ ਮਿੱਟੀ ਦੀ ਡਲੀ ਸੀ
ਤੂੰ ਹੀ ਮੇਰੀ ਕੁੱਖ ਦੇ ਅੰਦਰ,
ਆ ਕੇ ਇੱਕ ਆਲ੍ਹਣਾ ਪਾਇਆ
ਤੂੰ ਹੀ ਏਡਾ ਰੁਤਬਾ ਦਿੱਤਾ,
ਤੂੰ ਹੀ ਮੈਨੂੰ 'ਮਾਂ' ਬਣਾਇਆ !

ਮੇਰੇ ਲਾਲ ! ਅੱਜ ਦਾ ਦਿਨ ਮੇਰੀ ਜ਼ਿੰਦਗੀ ਦਾ ਖ਼ਾਸ ਦਿਨ ਹੈ, ਜਿਸ ਦਿਨ ਤੂੰ ਮੈਨੂੰ ਜਗਤ ਦਾ ਸਭ ਤੋਂ ਉੱਚਾ ਰੁਤਬਾ ਦਿੱਤਾ,'ਮਾਂ ਹੋਣ ਦਾ ਰੁਤਬਾ', ਮੈਂ ਤੈਥੋਂ ਕੁਰਬਾਨ ਜਾਂਦੀ ਹਾਂ ਤੇ ਰੱਬ ਅੱਗੇ ਤੇਰੀ ਲੰਮੀ ਖੁਸ਼ਹਾਲ ਉਮਰ ਲਈ ਨਤਮਸਤਕ ਹਾਂ !
ਲੱਖਾਂ ਕਰੋੜਾਂ ਅਸੀਸਾਂ ਨਾਲ
ਤੇਰੀ ਮਾਂ

# ਮਾਂ ਵੱਲੋਂ ਧੀ ਨੂੰ ਜਨਮ-ਦਿਨ 'ਤੇ :

ਜਦ ਤੂੰ ਮੇਰੀ ਗੋਦੀ ਆਈ
ਮੈਂ ਮਹਿਲਾਂ ਦੀ ਰਾਣੀ ਬਣ ਗਈ
ਤੂੰ ਮੇਰੇ ਗਲ ਬਾਹਾਂ ਪਾਈਆਂ
ਮੈਂ ਕੋਈ ਪਟਰਾਣੀ ਬਣ ਗਈ
ਤੂੰ ਹੀ ਅੰਦਰ ਮਮਤਾ ਬੀਜੀ
ਤੂੰ ਹੀ ਮੈਨੂੰ ਤਖਤ ਬਿਠਾਇਆ
ਤੂੰ ਹੀ ਮੇਰੇ ਭਰੇ ਖਜ਼ਾਨੇ
ਤੂੰ ਹੀ ਮੇਰੇ ਮੁਕਟ ਸਜਾਇਆ!

ਸਾਹਾਂ ਵਿੱਚ ਵਸਦੀਏ ਧੀਏ! ਅੱਜ ਉਹ ਭਾਗਾਂ ਭਰਿਆ ਦਿਵਸ ਹੈ,ਜਦੋਂ ਤੂੰ ਕਿਸੇ ਸ਼ਹਿਜ਼ਾਦੀ ਵਾਂਗ ਮੇਰੇ ਖ਼ਾਬਾਂ ਵਿਚੋਂ ਨਿੱਕਲ ਕੇ ਮੇਰੀ ਹਯਾਤੀ ਵਿੱਚ ਪੱਬ ਧਰਿਆ ਤੇ ਘਰ ਵਿੱਚ ਖੁਸ਼ੀਆਂ ਦੀਆਂ ਸ਼ਹਿਨਾਈਆਂ ਵੱਜ ਉੱਠੀਆਂ,ਇਹ ਸ਼ਹਿਨਾਈਆਂ ਹਮੇਸ਼ਾ ਤੇਰੇ ਵਿਹੜੇ ਵਿੱਚ ਗੂੰਜਦੀਆਂ ਰਹਿਣ ਤੇ ਤੂੰ ਸਦਾ ਪੱਟ ਦੇ ਪੰਘੂੜੇ ਝੂਟੇਂ!
ਕਰਤਾਰ ਅੱਗੇ ਇਹੋ ਜੋਦੜੀ ਕਰਦੀ ਹੋਈ,
ਤੇਰੀ ਮਾਂ



# ਮਾਤਾ-ਪਿਤਾ ਵੱਲੋਂ ਬੇਟੇ/ਬੇਟੀ ਨੂੰ ਜਨਮ-ਦਿਨ 'ਤੇ:

ਜੀਅ ਵੇ ਕਰਮਾਂ ਵਾਲੜਿਆ! ਤੂੰ ਜੁਗ-ਜੁਗ ਤੀਕਰ ਜੀਅ
ਨਿੱਤ ਅਨਾਰਾਂ ਵਾਂਗ ਖਿੜੇਂ, ਤੂੰ ਸਾਡੇ ਬਾਗ ਦਾ ਬੀਅ
ਲੋਕੀ ਤੇਰੇ ਦਰ 'ਤੇ ਖੜ੍ਹ ਕੇ ਪੜ੍ਹਨ ਤੇਰਾ ਸਿਰਨਾਵਾਂ
ਜਿੰਦ ਦੇ ਦੀਵੇ ਰੋਜ਼ ਪਵੇ ਕੋਈ ਚਾਨਣ ਭਰੀ ਪਲ਼ੀ!

ਸਾਡੀ ਰੂਹ ਦੇ ਚਾਨਣ.......(ਬੇਟੇ ਜਾਂ ਬੇਟੀ ਦਾ ਨਾਮ).......
ਲੋਕ ਜਨਮ-ਦਿਨ ਦੀਆਂ ਵਧਾਈਆਂ ਦਿੰਦੇ ਹੁੰਦੇ ਹਨ,ਅਸੀਂ ਉਸ ਘੜੀ,ਉਸ ਛਿਣ ਨੂੰ ਮੁਬਾਰਕ ਦਿੰਦੇ ਹਾਂ ਜਦੋਂ ਇਸ ਘਰ ਨੇ ਤੇਰਾ ਮੁੱਖ ਦੇਖਿਆ ਤੇ ਇਹ ਘਰ ਧੰਨ ਧੰਨ ਹੋ ਗਿਆ।ਨਿਰੰਕਾਰ ਕਰੇ ਕਿ ਤੇਰਾ ਘਰ ਵੀ ਮਨਛਿੰਦੀਆਂ ਖੁਸ਼ੀਆਂ ਨਾਲ ਭਰਿਆ-ਭਕੁੰਨਾ ਰਹੇ ਤੇ ਕਿਸੇ ਨੁੱਕਰ 'ਤੇ ਗ਼ਮ ਦਾ ਕਾਲਾ ਪਰਛਾਵਾਂ ਨਾ ਪਵੇ!
ਤੇਰੇ ਤੋਂ ਸਦਕੜੇ ਜਾਂਦੇ ਹੋਏ,
ਮੰਮੀ-ਪਾਪਾ

ਨੋਟ: ਬੇਟੀ ਲਈ 'ਜੀਅ ਨੀ ਕਰਮਾਂ ਵਾਲੜੀਏ!' ਕੀਤਾ ਜਾ ਸਕਦਾ ਹੈ

## ਅੰਮੀ-ਬਾਬਲ ਵੱਲੋਂ ਬੇਟੀ ਨੂੰ ਧੀ-ਦਿਵਸ 'ਤੇ:

ਜਿੱਥੇ ਉਡਦੀ ਫਿਰਦੀ ਸੀ ਧੀਏ! ਬਣ ਬਣ ਕੇ ਤਿਤਲੀ
ਜਿੱਥੇ ਖੇਡੇ ਸੀ ਗੀਟੇ, ਜਿੱਥੇ ਪਾਈ ਸੀ ਕਿੱਕਲੀ
ਜਿੱਥੇ ਚੜ੍ਹਦੀ ਜਵਾਨੀ ਵਾਲੀ ਦੇਖੀ ਵਰੇਸ
ਚੇਤੇ ਕਰਦਾ ਉਹ ਆਂਗਣ, ਵਾਜਾਂ ਮਾਰੇ ਉਹ ਦੇਸ
ਚੇਤੇ ਕਰਦੇ ਨੇ ਤੈਨੂੰ ਮੰਮੀ ਪਾਪਾ ਹਮੇਸ਼!

ਜਾਨ ਤੋਂ ਪਿਆਰੀ ਲਾਡੋ ਰਾਣੀਏਂ!
ਅੱਜ ਅਖ਼ਬਾਰਾਂ ਵਿੱਚ, ਰੇਡੀਓ, ਟੀ.ਵੀ, ਇੰਟਰਨੈਟ 'ਤੇ 'ਧੀ ਦਿਵਸ' ਦਾ ਹੀ ਜ਼ਿਕਰ ਹੋ ਰਿਹਾ ਹੈ ਤੇ ਅਸੀਂ ਤੈਨੂੰ ਪਲ ਪਲ ਯਾਦ ਕਰ ਰਹੇ ਹਾਂ, ਹਮੇਸ਼ਾ ਕਰਦੇ ਰਹਿੰਦੇ ਹਾਂ ਤੇ ਤੇਰੇ ਤੋਂ ਦੂਰ ਹੋ ਕੇ ਵੀ ਤੇਰੇ ਨਾਲ ਨਾਲ ਹਾਂ! ਸੱਚੇ ਪਾਤਸ਼ਾਹ ਅੱਗੇ ਇਹੋ ਫ਼ਰਿਆਦ ਕਰਦੇ ਹਾਂ ਕਿ ਆਪਣੇ ਘਰ ਵਸੇਂ ਰਸੇਂ! ਸਤਵਰਗਾਂ ਵਾਂਗ ਖਿੜੀ ਰਹੇਂ!
ਅਸੀਸੜੀਆਂ ਦਾ ਬੁੱਕ ਭੇਜਦੇ ਹੋਏ,
ਤੇਰੇ ਮੰਮੀ ਪਾਪਾ



## ਪਿਤਾ ਵੱਲੋਂ ਬੇਟੀ/ਬੇਟੇ ਨੂੰ ਕਿਸੇ ਵਿਸ਼ੇਸ਼ ਪ੍ਰਾਪਤੀ 'ਤੇ:

ਨਾ ਰੁੱਸਣ ਕਦੀ ਤੇਰੇ ਹੋਂਠਾਂ ਤੋਂ ਹਾਸੇ
ਨਾ ਟੁੱਟੇ ਕਦੀ ਤੇਰੇ ਚਾਅਵਾਂ ਦੀ ਗਾਨੀ
ਤੂੰ ਨਿੱਤ ਹੋਰ ਚਮਕੇਂ, ਤੂੰ ਨਿੱਤ ਹੋਰ ਦਮਕੇਂ
ਤੂੰ ਰੰਗਲੀ ਦੁਨੀਆਂ 'ਚ ਮੇਰੀ ਨਿਸ਼ਾਨੀ!

ਸ਼ਾਬਾਸ਼ ਮੇਰੇ ਹੀਰੇ ......(ਧੀ ਜਾਂ ਪੁੱਤ ਦਾ ਨਾਮ)......
ਸ਼ਾਬਾਸ਼! ਤੂੰ ਅੱਜ ਜੋ ਹਾਸਿਲ ਕੀਤਾ ਹੈ,ਇਹ ਹਾਰੀ-ਸਾਰੀ ਦੇ ਵੱਸ ਨਹੀਂ,ਤੇਰੇ ਵਰਗਾ ਸ਼ੇਰ ਪੁੱਤ ਹੀ ਇਹੋ ਜਿਹੇ ਬੇਨਜ਼ੀਰ ਕਾਰਨਾਮੇ ਕਰ ਸਕਦੈ, ਅੱਜ ਮੇਰੀ ਹਿੱਕ ਮਾਣ ਨਾਲ ਚੌੜੀ ਹੋ ਗਈ ਹੈ ਤੇ ਮੈਂ ਦੁਨੀਆਂ ਦਾ ਸਭ ਤੋਂ ਖੁਸ਼ਨਸੀਬ ਬਾਪ ਹੋ ਗਿਆ ਹਾਂ। ਇਸੇ ਤਰ੍ਹਾਂ ਵਧੇਂ ਫੁੱਲੇਂ ਤੇ ਨਾਮ ਕਮਾਵੇਂ!
ਤੇਰੇ 'ਤੇ ਬਹੁਤ ਸਾਰਾ ਫਖ਼ਰ ਕਰਦਾ ਹੋਇਆ,
ਤੇਰਾ ਪਿਤਾ

## ਬੱਚਿਆਂ ਵੱਲੋਂ ਮਾਂ ਨੂੰ ਮਾਂ-ਦਿਵਸ 'ਤੇ:

ਅੱਖੀਉਂ ਦੂਰ ਵਸੇਂਦੀਏ ਮਾਏ!
ਦੀਦ ਤੇਰੀ ਦੇ ਨੈਣ ਤਿਹਾਏ
ਪਾਣੀ ਦੀ ਥਾਂ ਦੁੱਧ ਪਿਆਇਆ
ਤੇਰਾ ਕਰਜ਼ ਨਾ ਲਾਹਿਆ ਜਾਏ
ਤੇਰੀ ਬੁੱਕਲ ਦੇ ਨਿੱਘ ਵਰਗਾ
ਹੋਰ ਕਿਤੋਂ ਨਾ ਨਿੱਘ ਥਿਆਏ
ਸਿਰ 'ਤੇ ਸਦਾ ਰਹੇ ਛਾਂ ਤੇਰੀ
ਧੀ(ਪੁੱਤ)ਏਹੋ ਅਰਦਾਸ ਕਰਾਏ!

ਮੇਰੀ ਰੱਬ ਵਰਗੀ ਮਾਂ!
ਤੇਰਾ ਕਿਹੜੇ ਸ਼ਬਦਾਂ ਨਾਲ ਸਤਿਕਾਰ ਕਰਾਂ? ਤੂੰ ਤਾਂ ਜਿਵੇਂ ਸਭ ਸ਼ਬਦਾਂ ਤੋਂ ਉੱਚੀ ਹੈਂ! ਉਂਜ ਤਾਂ ਹਰ ਵੇਲੇ ਹੀ ਤੇਰੀ ਯਾਦ ਆਉਂਦੀ ਹੈ,ਪਰ ਅੱਜ ਜਦੋਂ 'ਮਾਂ-ਦਿਵਸ' ਮਨਾਉਂਦੇ ਲੋਕ ਆਪਣੀਆਂ ਮਾਵਾਂ ਨੂੰ ਨਾਲ ਲਈ ਫਿਰਦੇ ਹਨ ਤਾਂ ਮੇਰੀਆਂ ਅੱਖਾਂ ਵਿਚੋਂ ਅੱਥਰੂ ਹੀ ਨਹੀਂ ਰੁਕ ਰਹੇ,ਵਾਹਿਗੁਰੂ ਅੱਗੇ ਫ਼ਰਿਆਦ ਹੈ ਕਿ,"ਦੂਰ ਹੀ ਸਹੀ, ਮੇਰੀ ਮਾਂ ਸਲਾਮਤ ਰਹੇ! ਚੜ੍ਹਦੀ ਕਲਾ ਵਿੱਚ ਰਹੇ"
ਜਿੱਥੇ ਤੂੰ ਹੈਂ,ਉਸ ਦਿਸ਼ਾ ਵੱਲ ਨਿਵੇ ਹੋਏ ਮੱਥੇ ਨਾਲ,
ਤੇਰੀ ਬੇਟੀ/ ਤੇਰਾ ਬੇਟਾ



## ਬੇਟੇ ਵੱਲੋਂ ਪਿਤਾ ਨੂੰ ਪਿਤਾ-ਦਿਵਸ 'ਤੇ:

ਭਾਵੇਂ ਰੰਗੀਂ ਖਿਡਾਉਂਦੀ ਐ ਪਰਦੇਸਾਂ ਦੀ ਮਿੱਟੀ
ਫਿਰ ਵੀ ਬਚਪਨ ਦੇ ਵਿਹੜੇ ਜੇਹੀ ਕਿਧਰੇ ਨਾ ਮਿੱਠੀ
ਤਨ ਝੂਟੇ ਚੰਡੋਲਾਂ , ਮਨ ਕਰਦੈ ਕਲੇਸ
ਨਹੀਂਉਂ ਭੁੱਲਦਾ ਪਾਪਾ! ਤੇਰਾ ਘਰ ਤੇਰਾ ਦੇਸ!

ਮੇਰੇ ਰਹਿਬਰ ਪਾਪਾ ਜੀਓ!
ਚਰਨਾਂ ਵਿੱਚ ਮੱਥਾ ਟੇਕਦਾ ਹੋਇਆ ਗ਼ੁਜ਼ਾਰਿਸ਼ ਕਰਦਾ ਹਾਂ ਕਿ ਤੁਸੀਂ ਜਦੋਂ ਮੀਡੀਆ ਵਿੱਚ 'ਪਿਤਾ ਦਿਵਸ' ਦੇ ਜਸ਼ਨ ਦੇਖ ਰਹੇ ਹੋਵੋਗੇ, ਤਾਂ ਮਹਿਸੂਸ ਕਰਿਓ!ਮੈਂ ਤੁਹਾਡੇ ਨਾਲ ਹੀ ਕਿਤੇ ਹੋਵਾਂਗਾ, ਮੀਲਾਂ ਦੀਆਂ ਦੂਰੀਆਂ ਜਿਸਮਾਂ ਨੂੰ ਤਾਂ ਉਹਲੇ ਕਰ ਸਕਦੀਆਂ ਨੇ,ਪਰ ਰੂਹਾਂ ਨੂੰ ਨਹੀਂ।ਬਿਲਕੁਲ ਉਦਾਸ ਨਾ ਹੋਣਾ! ਤੁਹਾਡੇ ਵਰਗਾ ਪਿਤਾ ਨਸੀਬਾਂ ਵਾਲੇ ਨੂੰ ਹੀ ਮਿਲਦਾ ਹੈ ਤੇ ਮੈਂ ਇਸ ਰਹਿਮਤ ਲਈ ਪਰਮ-ਪਿਤਾ ਪਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ!
ਤੁਹਾਡੀ ਲੰਮੀ ਸਿਹਤਵੰਦ ਉਮਰ ਦੀ ਪ੍ਰਾਰਥਨਾ ਕਰਦਾ ਹੋਇਆ,
ਤੁਹਾਡਾ ਪੁੱਤਰ

# ਬੇਟੇ ਵੱਲੋਂ ਮਾਤਾ-ਪਿਤਾ ਨੂੰ ਸ਼ਾਦੀ ਦੀ ਵਰ੍ਹੇਗੰਢ 'ਤੇ:

ਮੰਮੀ ਪਾਪਾ ਜਿਹਾ ਨਾ ਕੋਈ ਦੁਨੀਆਂ ਦੇ ਅੰਦਰ
ਤੁਸੀਂ ਮੇਰਾ ਹੋ ਮੱਕਾ , ਤੁਸੀਂ ਮੇਰਾ ਹੋ ਮੰਦਰ
ਮੇਰੇ ਹੰਝੂਆਂ ਨੂੰ ਹਾਸੇ ਦੇ ਦਿੱਤੇ ਖਿਡਾਉਣੇ
ਸੌਂ ਕੇ ਰੋੜਾਂ 'ਤੇ , ਰੇਸ਼ਮ ਦੇ ਦਿੱਤੇ ਵਿਛੌਣੇ
ਮੈਂ ਤਾਂ ਹਰ ਵੇਲੇ ਮੰਗਦਾ ਹਾਂ ਤੁਹਾਡੀਆਂ ਖ਼ੈਰਾਂ
ਰਹਿਣ ਅੰਗ-ਸੰਗ ਤੁਹਾਡੇ,ਉਸ ਦਾਤੇ ਦੀਆਂ ਮੇਹਰਾਂ!

ਮੇਰੇ ਪੂਜਣਯੋਗ ਮੰਮੀ-ਪਾਪਾ ਜੀਓ! ਆਪ ਦੇ ਪੈਰੀਂ ਹੱਥ ਲਾਉਂਦਾ ਹੋਇਆ ਆਪਣੇ ਰੋਮ ਰੋਮ ਦਾ ਮੋਹ-ਪਿਆਰ ਭੇਜਦਾ ਹਾਂ ਤੇ ਅੱਜ ਦੇ ਦਿਨ ਦੀ ਵਧਾਈ ਵੀ, ਉਹ ਮੁਬਾਰਕ-ਦਿਨ, ਜਦੋਂ ਤੁਸੀਂ ਵਿਆਹ ਦੇ ਬੰਧਨ ਵਿੱਚ ਬੱਝੇ ਸੀ। ਉਂਜ ਤੁਹਾਡੇ ਨਾਲੋਂ ਵੱਧ ਇਹ ਵਧਾਈ ਮੈਨੂੰ ਹੈ, ਕਿ ਦੁਨੀਆਂ ਦੇ ਸਭ ਤੋਂ ਚੰਗੇ ਮੰਮੀ-ਪਾਪਾ ਮੇਰੇ ਹਿੱਸੇ ਆਏ ਨੇ !
ਤੁਹਾਡੇ ਤੋਂ ਬਲਿਹਾਰ ਜਾਂਦਾ ਹੋਇਆ,
ਤੁਹਾਡਾ ਲਾਡਲਾ
...........



# ਬੇਟੀ ਵੱਲੋਂ ਮਾਤਾ-ਪਿਤਾ ਨੂੰ ਸ਼ਾਦੀ ਦੀ ਵਰ੍ਹੇਗੰਢ 'ਤੇ:

ਗੁੜ ਜਿਹਾ ਬਾਬਲ, ਮਾਂ ਗੰਨੇ ਦੀ ਪੋਰੀ
ਅੰਬਰੀਂ ਚੜ੍ਹਾਇਆ ਦੇ ਕੇ ਵਿੱਦਿਆ ਦੀ ਪੌੜੀ
ਵਿੱਚ ਬੁਢਾਪੇ ਥੋਡੀ ਬਣੂੰ ਮੈਂ ਡੰਗੋਰੀ
ਬਣੂੰਗੀ ਵੀਰ ਦੀਆਂ ਬਾਹਵਾਂ
ਜੀਅ ਅੰਮੀਏ ਨੀਂ! ਤੇਰੇ ਦੁੱਧ ਨੂੰ ਲਾਜ ਨਾ ਲਾਵਾਂ
ਜੀਅ ਬਾਬਲਾ ਵੇ!ਤੇਰਾ ਜੱਸ ਦੁਨੀਆਂ ਵਿੱਚ ਗਾਵਾਂ!

ਮੇਰੇ ਪਰਮ ਪੂਜਨੀਕ ਮੰਮੀ ਡੈਡੀ ਜੀਓ!
ਦੋਵੇਂ ਹੱਥ ਜੋੜ ਕੇ ਪ੍ਰਣਾਮ ਕਰਦੀ ਹਾਂ,ਤੁਹਾਡੀ ਸ਼ਾਦੀ ਦੀ ਵਰ੍ਹੇਗੰਢ ਮੇਰੇ ਲਈ ਬੇਪਨਾਹ ਖ਼ੁਸ਼ੀ ਦਾ ਜ਼ਖੀਰਾ ਹੈ ਆਪ ਵਰਗੇ ਮਾਂ-ਬਾਪ ਪਾ ਕੇ ਮੈਂ ਧੰਨ ਹੋ ਗਈ ਹਾਂ, ਮੇਰੀ ਰੀਝ ਹੈ ਕਿ ਤੁਸੀਂ ਇਸ ਦਿਨ ਨੂੰ ਰੱਜ ਕੇ ਮਾਣੋ!ਇਸ ਜਸ਼ਨ ਦੀ ਖ਼ਬਰ ਮੈਨੂੰ ਅੰਤਾਂ ਦੀ ਤਸਕੀਨ ਤੇ ਰੂਹ ਦਾ ਰੱਜ ਦਵੇਗੀ ।ਪ੍ਰਭੂ ਜੀ ਅੱਗੇ ਪ੍ਰਾਰਥਨਾ ਕਰਦੀ ਹਾਂ ਕਿ ਕੋਈ ਦੁੱਖ-ਤਕਲੀਫ਼ ਆਪ ਦੇ ਸੋਹਣੇ ਜਿਸਮਾਂ 'ਤੇ ਤ੍ਰੇੜ ਨਾ ਪਾਵੇ!
ਤੁਹਾਡੇ ਸਾਹਾਂ ਵਿੱਚ ਸਾਹ ਲੈਂਦੀ,
ਤੁਹਾਡੀ ਬੇਟੀ
...........

## ਧੀ ਵੱਲੋਂ ਮਾਂ ਨੂੰ ਜਨਮ-ਦਿਨ 'ਤੇ:

ਮੇਰੇ ਸੋਹਣੇ ਮੰਮੀ ਜੀ! ਮਨ-ਮੋਹਣੇ ਅੰਮੀ ਜੀ!
ਕੋਈ ਹੋਰ ਤੁਹਾਡੇ ਜਿਹੇ ਨਹੀਂ ਹੋਣੇ ਮੰਮੀ ਜੀ
ਮੈਨੂੰ ਚੇਤੇ ਕਰ ਕਰ ਕੇ ਅੱਖ ਗਿੱਲੀ ਕਰਿਓ ਨਾ!
ਤੱਕ ਮੇਰੀਆਂ ਗੁਡੀਆਂ ਨੂੰ, ਰੂਹ ਸਿੱਲ੍ਹੀ ਕਰਿਓ ਨਾ!
ਮੇਰਾ ਚੋਗਾ ਦੂਰ ਪਿਆ, ਮੇਰਾ ਦੂਰ ਟਿਕਾਣਾ ਹੈ
ਪਰ ਦੂਰੋਂ ਬੈਠੀ ਨੇ , ਤੁਹਾਡਾ ਦਰਦ ਵੰਡਾਣਾ ਹੈ
ਤੇ ਜਦ ਵੀ ਸੱਦੋਂਗੇ , ਉੱਡ ਕੇ ਆ ਜਾਣਾ ਹੈ!

ਹਰ ਪਲ ਯਾਦ ਆਉਣ ਵਾਲੀਏ ਅੰਮੀਏ!
ਅਕਸਰ ਤੁਹਾਡਾ ਵਿਯੋਗ ਉਦਾਸ ਕਰ ਦਿੰਦੈ, ਪਰ ਅੱਜ ਮੈਂ ਬੇਹੱਦ ਖ਼ੁਸ਼ ਹਾਂ, ਕਿਉਂਕਿ ਅੱਜ ਉਹ ਸੋਹਣਾ ਦਿਨ ਹੈ ਜਦੋਂ ਤੁਸੀਂ ਇਸ ਦੁਨੀਆਂ ਵਿੱਚ ਆਏ ਤੇ ਇਉਂ ਮੇਰਾ ਤੁਹਾਡੀ ਧੀ ਹੋਣ ਦਾ ਸਬੱਬ ਬਣਿਆ, ਮੈਂ ਚਾਅਵਾਂ ਨਾਲ ਲਬ ਲਬ ਭਰੀ ਹੋਈ ਹਾਂ,ਤੁਸੀਂ ਵੀ ਬਿਲਕੁਲ ਚਿੱਤ ਹੌਲਾ ਨਾ ਕਰਨਾ ਤੇ ਇਸ ਦਿਨ ਨੂੰ ਗੱਜ-ਵੱਜ ਕੇ ਮਨਾਉਣਾ!
ਮੈਂ ਤੁਹਾਡੇ ਤੋਂ ਇਕ ਫੋਨ ਕਾਲ ਦੀ ਦੂਰੀ 'ਤੇ ਹਾਂ ਬੱਸ...!
ਉੱਡ ਕੇ ਆ ਜਾਵਾਂਗੀ,
ਤੁਹਾਡੀ ਸੋਨ-ਚਿੜੀ



## ਧੀ ਵੱਲੋਂ ਪਿਤਾ ਨੂੰ ਜਨਮ-ਦਿਵਸ 'ਤੇ:

ਤੁਸੀਂ ਮੈਨੂੰ ਦੁਨੀਆਂ ਦਾ ਮੇਲਾ ਦਿਖਾਇਆ
ਫੁੱਲਾਂ ਦੇ ਵਾਂਗਰ ਸੀ ਬਚਪਨ ਸਜਾਇਆ
ਵੀਰਾਂ ਦੇ ਵਾਂਗਰ ਹੀ ਮੈਨੂੰ ਪੜ੍ਹਾਇਆ
ਮੱਥੇ ਦੇ ਅੰਦਰ ਹੈ ਦੀਵਾ ਜਗਾਇਆ
ਮੈਂ ਤੁਹਾਡੇ ਲਈ ਮਿੱਠੜਾ ਚਸ਼ਮਾ ਬਣਾਂਗੀ
ਜਦੋਂ ਸ਼ਾਮਾਂ ਉੱਤਰ ਆਈਆਂ ਥੋਡੇ ਵਿਹੜੇ
ਇਕੱਲਾਂ - ਉਦਾਸੀਆਂ ਨੇ ਲਾਏ ਡੇਰੇ
ਮੈਂ ਆਊਂਗੀ ਖ਼ੁਸ਼ੀਆਂ ਦੀ ਛਣਕਾਰ ਲੈ ਕੇ
ਮੈਂ ਫਿਰ ਹਾਸਾ ਸਗਮੇ ਦਾ ਸਗਮਾ ਬਣਾਂਗੀ!

ਮੇਰੇ ਬਹੁਤ ਬਹੁਤ ਸਤਿਕਾਰਯੋਗ ਡੈਡੀ ਜੀਓ!
ਪੂਰੇ ਅਦਬ ਨਾਲ ਆਪ ਅੱਗੇ ਸਿਰ ਝੁਕਾਉਂਦੀ ਹੋਈ ਵਿਸਮਾਦ ਵਿੱਚ ਹਾਂ,ਅੱਜ ਦਾ ਦਿਨ ਮੇਰੀ ਝੋਲੀ ਵਿੱਚ ਪਈ ਅਗੰਮੀ ਬਖ਼ਸ਼ਿਸ਼ ਵਰਗਾ ਹੈ, ਕਿਉਂਕਿ ਇਹ ਤੁਹਾਡਾ ਜਨਮ-ਦਿਵਸ ਹੈ,ਇਸ ਸ਼ੁਭ-ਦਿਹਾੜੇ ਨੂੰ ਪੂਰੇ ਉਤਸ਼ਾਹ ਤੇ ਉਮੰਗ ਨਾਲ ਮਨਾਇਓ! ਮੈਂ ਤੁਹਾਡੇ ਹਾਸਿਆਂ ਵਿੱਚ ਹੱਸ ਰਹੀ ਹੋਵਾਂਗੀ!
ਹਰ ਪਲ ਤੁਹਾਡੀ ਰਾਜ਼ੀ-ਖੁਸ਼ੀ ਲਈ ਅਰਦਾਸ ਕਰਦੀ ਹੋਈ,
ਤੁਹਾਡੀ ਬੱਚੜੀ

## ਭੈਣ ਵੱਲੋਂ ਵੀਰ ਨੂੰ ਰੱਖੜੀ ਭੇਜਦਿਆਂ:

1.

ਮੇਰੀ ਰੱਖੜੀ ਤਿੱਲੇ ਦੇ ਨਾਲ ਚਮਕੇ!
ਵੀਰਾ ਤੇਰਾ ਸੋਹਣਾ ਵੇ ਮੱਥਾ
ਲਾਲ-ਰਤਨਾਂ ਦੇ ਵਾਂਗਰ ਦਮਕੇ!
ਦੂਰ ਬੈਠੀ ਭੈਣ ਲਾਡਲੀ
ਤੇਰੇ ਸਿਰ ਤੋਂ ਸਦਕੜੇ ਜਾਵੇ!
ਸੁਫ਼ਨੇ 'ਚ ਫੁਲਕੇ ਨੂੰ
ਨਿੱਤ ਖੰਡ ਦਾ ਪਲੇਥਣ ਲਾਵੇ!

ਅੰਮੜੀ ਦਿਆ ਜਾਇਆ ! ਸੁੱਚੜੇ ਪਿਆਰ ਦੀਆਂ ਤਾਰਾਂ ਨਾਲ ਗੁੰਦੀ ਇਹ ਰੱਖੜੀ ਤੇਰੇ ਸੋਹਣੇ ਗੁੱਟ ਦਾ ਸ਼ਿੰਗਾਰ ਬਣੇ, ਸਰਬਸ਼ਕਤੀਮਾਨ ਨੂੰ ਧਿਆ ਕੇ ਇਹਦੀ ਮਲੂਕ ਲੋਗੜੀ ਵਿੱਚ ਬੰਨ੍ਹੀ ਅਰਦਾਸ ਤੇਰੀ ਹਰ ਵਿਪਤਾ ਤੋਂ ਰਾਖੀ ਕਰੇ,ਤੇਰੀ ਹਯਾਤੀ ਵਿੱਚ ਤੰਗੀਆਂ-ਤੁਰਸ਼ੀਆਂ ਦੀ ਮੱਸਿਆ ਕਦੀ ਨਾ ਆਵੇ ਤੇ ਤੇਰੀ ਹਰ ਰਾਤ ਨੂੰ ਰਿਸ਼ਮਾਂ ਦੀ ਬਾਂਕੜੀ ਲੱਗੇ!
ਬਨੇਰੇ ਚੜ੍ਹ ਕੇ ਰਾਹ ਤੱਕਦੀ,
ਤੇਰੀ ਭੈਣ



2.

ਚਿੱਠੀਏ ਨੀ ਨਾਲ ਲੈ ਜਾ ਲਾਲ ਧਾਗਾ ਰੱਖੜੀ ਦਾ
ਵੀਰੇ ਤਾਈਂ ਦੇਵੀਂ ਨੀਂ ਪੁਚਾ
ਆਖੀਂ ਉਹਨੂੰ ਤੇਰੇ ਬਿਨ ਓਦਰੀ ਐ ਭੈਣ ਤੇਰੀ
ਚੰਨ ਜਿਹਾ ਮੁਖੜਾ ਦਿਖਾ
ਜਦੋਂ ਲਾਣ ਟਿੱਕੇ ਸਹੀਆਂ ਵੀਰਾਂ ਦਿਆਂ ਮੱਥਿਆਂ 'ਤੇ
ਭਰਦੀ ਏ ਠੰਢੇ ਠੰਢੇ ਸਾਹ
ਜਦੋਂ ਜਦੋਂ ਫੁੱਲਦਾ ਏ, ਫੁਲਕਾ ਵੇ ਤਵੇ ਉੱਤੇ
ਬੂਹਾ ਖੋਲ੍ਹ ਖੋਲ੍ਹ ਤੱਕੇ ਰਾਹ
ਤਰਸੀ ਏ ਭੈਣ ਤੇਰੀ,ਵੀਰਾ ਪਰਦੇਸੀਆ ਵੇ
ਵਤਨਾਂ ਦੇ ਵੱਲ ਫੇਰਾ ਪਾ
ਲੈ ਜਾ ਚਿੱਠੀਏ ਨੀ! ਲੜ ਬੰਨ੍ਹ ਕੇ ਸੁਨੇਹਾ ਮੇਰਾ
ਵੀਰਾਂ ਦਾ ਵਿਛੋੜਾ ਨੀਂ ਬੁਰਾ
ਆਖੀਂ ਉਹਨੂੰ ਤੇਰੇ ਬਿਨ ਓਦਰੀ ਐ ਭੈਣ ਤੇਰੀ
ਚੰਨ ਜਿਹਾ ਮੁਖੜਾ ਦਿਖਾ!

ਪਰਦੇਸੀ ਵੀਰਿਆ! ਮੇਰਾ ਲੂੰ ਲੂੰ ਉਡੀਕਦੈ ਉਸ ਘੜੀ ਨੂੰ,ਜਦੋਂ ਕਿਤੇ ਤੂੰ ਵਤਨੀਂ ਫੇਰਾ ਪਾਵੇਂ ਤੇ ਮੈਂ ਆਪਣੇ ਹੱਥੀਂ ਤੇਰੇ ਰੱਖੜੀ ਬੰਨ੍ਹਾਂ! ਏਹੋ ਮੰਗਦੀ ਹਾਂ ਕਿ ਬੇਗਾਨੀਆਂ ਧਰਤੀਆਂ 'ਤੇ ਵੀ ਤੈਨੂੰ ਆਪਣਿਆਂ ਵਰਗਾ ਮੋਹ ਮਿਲੇ, ਕਿਸੇ ਚੰਦਨ ਦੀ ਖੁਸ਼ਬੋਈ ਸਦਾ ਤੇਰੇ ਅੰਗ-ਸੰਗ ਰਹੇ ਤੇ ਉੱਪਰ ਵਾਲਾ ਤੇਰੇ ਸਿਰ 'ਤੇ ਮੇਹਰ ਦੀ ਛਤਰੀ ਤਾਣੀ ਰੱਖੇ!
ਨਿੱਤ ਕਾਗਾਂ ਨੂੰ ਚੂਰੀਆਂ ਪਾਉਂਦੀ,
ਤੇਰੀ ਭੈਣ

## ਵੀਰ ਵੱਲੋਂ ਭੈਣ ਨੂੰ ਕਿਸੇ ਖ਼ੁਸ਼ੀ ਦੇ ਮੌਕੇ:

ਪਰਦੇਸ ਵਸੇਂਦੀ ਭੈਣੇਂ!ਤੇਰਾ ਪਿਆਰ ਹੈ ਦੁੱਧ ਦੀਆਂ ਧਾਰਾਂ
ਤੇਰੇ ਨਾਲ ਹੀ ਸੀਰ ਹੈ ਜੱਗ 'ਤੇ, ਬਿਨ ਤੇਰੇ ਨਾ ਸਾਰਾਂ
ਤੇਰੀ ਰੱਖੜੀ ਕਰਦੀ ਮੇਰੀ ਹਰ ਵਿਪਤਾ ਤੋਂ ਰਾਖੀ
ਤੇਰੀਆਂ ਅਰਦਾਸਾਂ ਦਾ ਸਦਕਾ,ਹੱਸ ਕੇ ਉਮਰ ਗੁਜ਼ਾਰਾਂ
ਜਦ ਤੂੰ ਮੈਨੂੰ ਯਾਦ ਕਰੇਂ, ਮੇਰਾ ਚਿੱਤ ਤੇਰੇ ਲਈ ਤਾਂਘੇ
ਦਿਲ ਨੂੰ ਦਿਲ ਦੀ ਰਾਹ ਹੈ ਹੁੰਦੀ,ਖੜਕ ਜਾਂਦੀਆਂ ਤਾਰਾਂ!

ਸਾਰੇ ਘਰ ਦੀ ਰਾਜ ਦੁਲਾਰੀਏ!
ਤੂੰ ਅਜੇ ਵੀ ਸਾਡੇ ਦਿਲਾਂ 'ਤੇ ਰਾਜ ਕਰਦੀ ਹੈਂ, ਕਦੇ ਕਦੇ ਤੇਰਾ ਦਰੇਗ ਆਂਦਰਾਂ ਨੂੰ ਚੀਰ ਕੇ ਰੱਖ ਦਿੰਦੈ।ਅੱਜ ਤੇਰੇ ਮਹਿਲੀਂ ਇਹ ਸੁਹਾਵਣਾ ਪਲ (ਜਨਮਦਿਨ/ਵਿਆਹ ਦੀ ਵਰ੍ਹੇ ਗੰਢ ਜਾਂ ਕਿਸੇ ਹੋਰ ਖ਼ੁਸ਼ੀ ਦੇ ਮੌਕੇ ਦਾ ਨਾਂ)......ਆਇਆ ਹੈ ਤੇ ਮੈਥੋਂ ਚਾਅ ਚੁੱਕਿਆ ਨਹੀਂ ਜਾ ਰਿਹਾ।ਮੈਂ ਜਿਵੇਂ ਕਲਪਨਾ ਵਿੱਚ ਤੇਰੇ ਵਿਹੜੇ ਭੰਗੜਾ ਪਾ ਰਿਹਾ ਹਾਂ।ਸੱਤ ਸਮੁੰਦਰ ਪਾਰੋਂ ਅਸੀਸਾਂ ਦੀਆਂ ਪਿੰਨੀਆਂ ਭੇਜ ਰਿਹਾ ਹਾਂ।ਮੇਰੇ ਵੱਲੋਂ ਇਹ ਸੰਧਾਰਾ ਕਬੂਲ਼ ਕਰੀਂ!
ਤੇਰਾ ਵੀਰ



## ਵੀਰ ਵੱਲੋਂ ਵੀਰ ਨੂੰ ਕਿਸੇ ਜਸ਼ਨ ਦੇ ਸਮੇਂ:

ਵੀਰਿਆ ਵੇ! ਆਪਣੀ ਜੁਦਾਈ ਤੜਫਾਉਂਦੀ ਹੈ
ਬਚਪਨ ਰੁੱਤ ਦੀ ਮਿਠਾਈ ਯਾਦ ਆਉਂਦੀ ਐ
'ਕੱਠਿਆਂ ਜੋ ਲਈ ਸੀ ਰਜਾਈ ਯਾਦ ਆਉਂਦੀ ਐ
ਨਿੱਕੀ ਨਿੱਕੀ ਆਪਣੀ ਲੜਾਈ ਯਾਦ ਆਉਂਦੀ ਐ
ਚੋਰੀ ਚੋਰੀ ਖਾਧੀ ਜੋ ਮਲਾਈ ਯਾਦ ਆਉਂਦੀ ਐ
ਜੱਗ ਦੇ ਝਮੇਲਿਆਂ 'ਚ ਕੇਹੇ ਫਸ ਗਏ ਆਂ ?
ਨੇੜੇ ਨੇੜੇ ਹੋ ਕੇ ਕਿੰਨੀ ਦੂਰ ਵਸ ਗਏ ਆਂ ?
ਆ ਜਾ! ਕਿਸੇ ਦਿਨ ਬੀਤੇ ਵੇਲੇ ਨੂੰ ਹੰਗ੍ਹਾਲੀਏ!
ਗੁੰਮਿਆ ਜੋ ਪਿਆਰ ਵਾਲਾ ਮੋਤੀ ਫੇਰ ਭਾਲੀਏ!

ਸੋਹਣਿਆ ਵੀਰਾ!
ਤੂੰ ਤਾਂ ਮੇਰੀ ਸੱਜੀ ਬਾਂਹ ਹੈਂ ਤੇ ਤੇਰੀ ਜ਼ਿੰਦਗੀ ਦੇ ਇਸ ਸੁਨਹਿਰੀ ਮੌਕੇ (......ਜਨਮ ਦਿਨ/ਵਿਆਹ ਦੀ ਵਰ੍ਹੇ ਗੰਢ ਜਾਂ ਕਿਸੇ ਹੋਰ ਖ਼ੁਸ਼ੀ ਦਾ ਨਾਂ......) ਮੇਰੇ ਤੋਂ ਵੱਧ ਪ੍ਰਸੰਨ ਭਲਾ ਹੋਰ ਕੌਣ ਹੋ ਸਕਦੈ? ਮੈਂ ਇਸ ਵਿੱਚ ਆਪਣੇ ਦਿਲੋ-ਜਾਨ ਨਾਲ ਸ਼ਾਮਿਲ ਹਾਂ ਤੇ
ਪਾਰਬ੍ਰਹਮ ਅੱਗੇ ਤੇਰੇ ਹਰ ਸੁੱਖ ਲਈ ਦੁਆ ਕਰਦਾ ਹਾਂ!
ਤੈਨੂੰ ਮਿਲਣ ਲਈ ਬਿਹਬਲ,
ਤੇਰਾ ਵੀਰ

## ਭੈਣ ਵੱਲੋਂ ਭੈਣ ਨੂੰ ਕਿਸੇ ਖ਼ੁਸ਼ੀ ਦੇ ਵੇਲੇ:

'ਕੱਠਿਆਂ ਆਪਾਂ ਖੇਡੀਆਂ ਗੁੱਡੀਆਂ, 'ਕੱਠਿਆਂ ਚੂਰੀਆਂ ਖਾਈਆਂ
ਇਕੋ ਮੰਜੇ ਸੁੱਤੀਆਂ ਆਪਾਂ, ਲੰਮੀਆਂ ਬਾਤਾਂ ਪਾਈਆਂ
ਹੁਣ ਤਾਂ ਅੰਮੀ- ਜਾਈਏ ਨੀ ! ਜਿਉਂ ਉਹ ਦਿਨ ਸੁਫ਼ਨਾ ਹੋਏ
ਕਦੇ ਕਦੇ ਚੇਤੇ ਵਿੱਚ ਸ਼ੋਰ ਪਾਉਂਦੀਆਂ ਨੇ ਪਰਛਾਈਆਂ
ਆਵੇਂ ਕਦੇ ਤਾਂ ਆਪਾਂ ਰਲ ਮਿਲ ਉਹ ਰੁੱਤ ਮੋੜ ਲਿਆਈਏ
ਆਪਣੇ ਆਪਣੇ ਘਰ ਆ ਕੇ ਜੋ ਰੁੱਤ ਪਿੱਛੇ ਛੱਡ ਆਈਆਂ !

ਅੰਤ ਪਿਆਰੀਏ ਭੈਣੇਂ,
ਤੈਨੂੰ ਸਿਮਰਤੀਆਂ ਦੇ ਗੁਲਦਸਤੇ ਭੇਜਦੀ ਹਾਂ ਤੇ ਤੇਰੇ ( ...ਜਨਮਦਿਨ/ ਵਿਆਹ ਦੀ ਵਰ੍ਹੇ ਗੰਢ ਜਾਂ ਕਿਸੇ ਹੋਰ ਮੌਕੇ ਦਾ ਨਾਂ...) ਦੇ ਉਤਸਵ ਵਿੱਚ ਆਪਣੀ ਪੂਰੀ ਦੀ ਪੂਰੀ ਰੂਹ ਨਾਲ ਹਾਜ਼ਿਰ ਹਾਂ। ਦਾਤਾਰ ਤੈਨੂੰ ਨਿੱਤ ਅਮੁੱਲੀਆਂ ਦਾਤਾਂ ਬਖਸ਼ੇ,ਤੇਰੇ ਬੋਹਲ ਭਰੇ ਰਹਿਣ ਤੇ ਤੇਰੇ ਦਰ ਤੋਂ ਕੋਈ ਸਵਾਲੀ ਕਦੇ ਖਾਲੀ ਹੱਥ ਨਾ ਪਰਤੇ !
ਤੇਰੇ ਮਿਲਾਪ ਨੂੰ ਤਰਸਦੀ ਹੋਈ,
ਤੇਰੀ ਭੈਣ



ਇਸ ਰੰਗਲੀ ਦੁਨੀਆਂ ਦੇ ਸਾਰੇ ਰੰਗ ਮਾਣਦਿਆਂ ਨੂੰ ਹਾਦਸੇ ਵੀ ਫੜਕਾ ਕੇ ਸੁੱਟ ਦਿੰਦੇ ਨੇ,ਇਹੋ ਜਿਹੇ ਚੰਦਰੇ ਛਿਣ ਜਦੋਂ ਲਹਿਲਹਾਉਂਦੀ ਫਸਲ ਨੂੰ ਵਿਧਮਾਤਾ ਦੀ ਕੋਈ ਹਾਬੜੀ ਨੀਲ-ਗਊ ਚਰ ਜਾਂਦੀ ਹੈ,ਇਹੋ ਜਿਹਾ ਹੀ ਹਾਦਸਾ ਹੁੰਦੈ ਆਪਣਿਆਂ ਦਾ ਸਦਾ ਲਈ ਵਿੱਛੜ ਜਾਣਾ !



## ਮਾਂ-ਬਾਪ ਦੇ ਸਦੀਵੀ ਵਿਛੋੜੇ 'ਤੇ ਮਹਿਰਮਾਂ ਨੂੰ 'ਹਾਕ'

ਇਹ 'ਹਾਕ' ਸੋਗ ਦੇ ਕਾਰਡ ਰਾਹੀਂ ਮਾਰੀ ਜਾਂਦੀ ਹੈ,ਜਿਹੜਾ ਕਿ ਇਕ ਸਫ਼ੇ ਦਾ ਹੁੰਦਾ ਹੈ ਤੇ ਕਾਲੇ ਅੱਖਰਾਂ ਨਾਲ ਲਿਖਿਆ ਜਾਂਦਾ ਹੈ। ਥੋੜ੍ਹੀ ਜਿਹੀ ਫੇਰ-ਬਦਲ ਨਾਲ ਕਿਸੇ ਹੋਰ ਸਾਕ-ਸਬੰਧੀ ਲਈ ਵੀ ਵਰਤਿਆ ਜਾ ਸਕਦਾ ਹੈ।

ਖਾਲੀ ਥਾਵਾਂ ਵਿੱਚ ਨਾਂ, ਪਤਾ, ਤਾਰੀਖ, ਸਮਾਂ ਆਦਿ ਭਰ ਕੇ ਆਪਣੇ ਆਪਣੇ ਧਰਮ ਅਤੇ ਅਕੀਦੇ ਅਨੁਸਾਰ ਰਸਮਾਂ ਭਰੀਆਂ ਜਾ ਸਕਦੀਆਂ ਨੇ। ਜੇ ਇਕ ਪਾਸੇ ਪੂਰਾ ਨਾ ਲਿਖਿਆ ਜਾ ਸਕਦਾ ਹੋਵੇ ਤਾਂ ਕਾਰਡ ਦਾ ਦੂਜਾ ਪਾਸਾ ਵਰਤਿਆ ਜਾ ਸਕਦਾ ਹੈ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



## ਕਾਲੇ ਅੱਖਰਾਂ ਵਾਲੇ ਕਾਰਡ:

### 1. ਮਾਂ ਦੇ ਹਮੇਸ਼ਾ ਲਈ ਤੁਰ ਜਾਣ 'ਤੇ:

**#ਘਲੇ ਆਵਹਿ ਨਾਨਕਾ ਸਦੇ ਉਠੀ ਜਾਇ॥#**

ਜੇਠ-ਹਾੜ੍ਹ ਵਿੱਚ ਠੰਢ ਵਰਤਾਵਣ
ਮੁੜ ਨਾ ਲੱਭਦੀਆਂ ਹਰੀਆਂ ਛਾਵਾਂ
ਬੁੱਕਲ ਵਿੱਚ ਭਰ ਲਾਉਣ ਕਾਲਜੇ
ਫਿਰ ਨਾ ਲੱਭਦੀਆਂ ਨਿੱਘੀਆਂ ਬਾਹਵਾਂ
ਹੰਝੂਆਂ ਲਈ ਰੁਮਾਲ ਜਿਹੜੀਆਂ
ਅਣਦਿਸਦੇ ਜ਼ਖ਼ਮਾਂ ਲਈ ਮੱਲ੍ਹਮ
ਚਾਹੇ ਲੱਖਾਂ 'ਵਾਜਾਂ ਮਾਰੋ
ਜਾ ਕੇ ਫੇਰ ਨਾ ਆਉਂਦੀਆਂ ਮਾਵਾਂ!

ਸਾਡੇ ਵਜੂਦ ਨੂੰ ਸਿਰਜਣ ਵਾਲੀ, ਲੂੰਹਦੀਆਂ ਧੁੱਪਾਂ ਵਿੱਚ ਘੜੇ ਦਾ ਠੰਢਾ-ਮਿੱਠਾ ਪਾਣੀ ਹੋਣ ਵਾਲੀ, ਵਗਦੇ ਠੱਕਿਆਂ ਵਿੱਚ ਚੁੱਲ੍ਹੇ ਦਾ ਨਿੱਘ ਬਣਨ ਵਾਲੀ ਤੇ ਵਰ੍ਹਦੇ ਛਰਾਟਿਆਂ ਵਿੱਚ ਸਾਡੇ ਮਿੱਟੀ ਵਰਗੇ ਬੁੱਤ ਨੂੰ ਖੁਰਨ ਤੋਂ ਬਚਾਉਣ ਵਾਲੀ ਮਾਂ......(ਮਾਂ ਦਾ ਨਾਮ)......ਮਿਤੀ(ਦੇਹਾਂਤ ਦੀ ਮਿਤੀ)...... ਨੂੰ ਕਿਤੇ ਦੂਰ ਤੁਰ ਗਈ ਹੈ। ਨਿਆਸਰੀ ਛੱਤ ਵਾਂਗ ਡੋਲਦੀ ਇਸ ਘੜੀ ਵਿੱਚ ਅੰਤਿਮ ਅਰਦਾਸ ਲਈ ਮਿਤੀ......(ਅੰਤਿਮ ਅਰਦਾਸ ਦੀ ਮਿਤੀ)...... ਦਿਨ......ਨੂੰ......ਸਮਾਂ......ਵਜੇ ......(ਸਥਾਨ)......ਵਿਖੇ ਪਹੁੰਚ ਕੇ ਸਾਡੇ ਥੰਮ੍ਹ ਬਣਿਓ!

......(ਸੱਦਾ ਦੇਣ ਵਾਲੇ ਦਾ ਨਾਮ)......
ਸਿਰਨਾਵਾਂ......ਫੋਨ......

--------------------

#ਗੁਰਵਾਕ

# 2. ਮਾਂ ਦੇ ਅਕਾਲ-ਚਲਾਣੇ 'ਤੇ

**ਧੀਆਂ ਵੱਲੋਂ:**

**#ਸਜਣ ਮੈਂਡੇ ਰਾਂਗਲੇ ਜਾਇ ਸੁਤੇ ਜੀਰਾਣੁ॥#**

ਧੀਆਂ ਲਈ ਮਾਂ ਚੰਦ ਹੁੰਦੀ
ਮੱਚਦੇ ਸਿਰ 'ਤੇ ਰਿਸ਼ਮਾਂ ਦਾ ਚੰਦੋਆ ਤਾਣਦੀ
ਟਸ-ਟਸ ਕਰਦੇ ਜ਼ਖ਼ਮਾਂ ਲਈ ਗੁਲਾਬ-ਜਲੀ ਫੈਹਾ ਬਣਦੀ
ਪਾਤਲ਼ੀਆਂ ਦੇ ਛਾਲਿਆਂ ਲਈ ਸ਼ਹਿਦ-ਰੰਗਾ ਚੁੰਮਣ
ਸਾਹ-ਸੂਤਣੀਆਂ ਕਾਲੀਆਂ ਰਾਤਾਂ ਵਿੱਚ ਗੋਰੀ ਗੋਰੀ ਚਾਨਣੀ ਜਿਹੀ
ਤੇ ਕਦੀ ਕਦੀ ਗੁੰਗੇ ਸਾਧ ਦੀ ਕੁਟੀਆ ਵਰਗੀ ਵੀ
ਜਿਹਦੇ ਅੰਦਰ ਧੀਆਂ ਦੀਆਂ 'ਸੱਤੇ ਖ਼ੈਰਾਂ' ਲਈ ਧੂਣੀ ਮਘਦੀ ਰਹਿੰਦੀ
ਤੇ ਇੱਕ ਦਿਨ ਮਾਂ ਬਣਨ ਦਾ ਵਰਦਾਨ ਧੀਆਂ ਦੇ ਮੱਥੇ 'ਤੇ ਧਰ ਕੇ
ਕਿਸੇ ਦੂਰ ਦੇਸ ਵੱਲ ਤੁਰ ਜਾਂਦੀ।

ਇਹੋ ਜਿਹੀ ਸਾਡੀ ਮਾਂ......(ਮਾਂ ਦਾ ਨਾਮ)......ਮਿਤੀ......(ਅਕਾਲ ਚਲਾਣੇ ਦੀ ਮਿਤੀ)......ਨੂੰ ਸਾਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਕੇ ਕਿਸੇ ਦੂਰ ਦੇਸ ਵੱਲ ਤੁਰ ਗਈ ਹੈ ਤੇ ਅਸੀਂ ਉਹਦੀਆਂ ਧੀਆਂ ਉਹਦੀਆਂ ਗੁਆਚੀਆਂ ਪੈੜਾਂ ਦੀ ਮਿੱਟੀ ਫਰੋਲਦੀਆਂ ਤਿਣਕਾ-ਤਿਣਕਾ ਬਿਖਰ ਗਈਆਂ ਹਾਂ, ਤੁਹਾਡੇ ਮਹਿਰਮ ਸਾਥ ਦਾ ਹੌਸਲਾ ਸਾਨੂੰ ਸਾਬਤਿਆਂ-ਸਬੂਤਿਆਂ ਕਰ ਸਕਦੈ, ਬੇਨਤੀ ਹੈ ਕਿ ਮਿਤੀ......(ਭੋਗ ਦੀ ਮਿਤੀ)......ਨੂੰ......ਸਮਾਂ......ਵਜੇ......(ਸਥਾਨ ਦਾ ਨਾਮ)...... ਵਿਖੇ ਉਹਨਾਂ ਨਮਿਤ ਰੱਖੇ ਪਾਠ ਦੇ ਭੋਗ ਸਮੇਂ ਪਹੁੰਚ ਕੇ ਸਾਡੇ ਅੰਗ-ਸੰਗ ਖੜੋਇਓ! ਤੁਹਾਡੇ ਧਰਵਾਸੇ ਦੀ ਇੰਤਜ਼ਾਰ ਵਿੱਚ,

......(ਸੱਦਾ ਦੇਣ ਵਾਲੀਆਂ ਦਾ ਨਾਮ)......

ਸਿਰਨਾਵਾਂ.......ਫੋਨ......

----------------

#ਗੁਰਵਾਕ



# 1.ਪਿਤਾ ਦੇ ਦੇਹਾਂਤ 'ਤੇ:

**#ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥#**

ਕਹਿੰਦੇ ਨੇ ਬੱਸ ਬੰਦਾ ਖੁਰਦੈ, ਬਾਕੀ ਜੱਗ ਤਾਂ ਉਵੇਂ ਤੁਰਦੈ
ਸਾਡੇ ਲਈ ਤਾਂ ਜੱਗ ਹੀ ਖੁਰਿਆ, ਖੁਰ ਗਿਆ ਸਭ ਕੁਝ ਲੈ ਕੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ ! ਕੀ ਕੁਝ ਤੁਰ ਗਿਆ ਤੇਰੇ ਨਾਲ
ਜਿਸ ਘਰ ਦੀ ਤੂੰ ਨੀਂਹ ਹੁੰਦਾ ਸੀ, ਉਹ ਘਰ ਅੱਜ ਉਦਾਸ ਬੜਾ ਹੈ
ਚਮਨ ਤੇਰੇ ਦਾ ਹਰ ਇਕ ਬੂਟਾ, ਰੋਂਦੇ ਪਿੰਜਰ ਵਾਂਗ ਖੜ੍ਹਾ ਹੈ
ਹਰ ਇਕ ਚਾਅ ਜਿਉਂ ਸੁੱਕਿਆ ਪੱਤਾ, ਸੁੱਕ ਕੇ ਭੁਰ ਗਿਆ ਤੇਰੇ ਨਾਲ
ਐਸੀ ਕਾਂਗ ਹੁਕਮ ਦੀ ਆਈ, ਸਭ ਕੁਝ ਰੁੜ੍ਹ ਗਿਆ ਤੇਰੇ ਨਾਲ
ਦੂਰ ਦੇਸ ਨੂੰ ਤੁਰ ਗਏ ਬਾਬਲ ! ਕੀ ਕੁਝ ਤੁਰ ਗਿਆ ਤੇਰੇ ਨਾਲ!

ਇਸ ਦਰਦੀਲੇ ਸਮੇਂ ਜਦੋਂ ਅਸੀਂ ਜ਼ਿੰਦਗੀ ਦੀ ਬਾਜ਼ੀ ਹਾਰ ਗਏ ਹਾਂ,ਜਦੋਂ ਸਾਨੂੰ ਲੱਖ ਲੱਭਿਆਂ ਵੀ ਉਹ ਬਾਬਲ ਨਹੀਂ ਲੱਭਦਾ ਜਿਸਦੇ ਕਰਕੇ ਅਸੀਂ ਕਰੂੰਬਲ ਤੋਂ ਗੁਲਾਬ ਬਣੇ, ਜਿਸ ਦੇ ਕੰਧੇੜੇ ਨੇ ਸਾਨੂੰ ਸਾਰੇ ਜਹਾਨ ਦੀ ਮਾਲਕੀ ਬਖਸ਼ੀ ਤੇ ਸਾਡੇ ਪੈਰਾਂ ਨੂੰ ਮੰਜ਼ਿਲਾਂ ਦੇ ਸ਼ਾਹਸਵਾਰ ਕੀਤਾ, ਉਹ ਬਾਬਲ...... ਮਿਤੀ(ਦੇਹਾਂਤ ਦੀ ਮਿਤੀ)......ਨੂੰ ਸਾਨੂੰ ਹਮੇਸ਼ਾ ਲਈ ਛੱਡ ਕੇ ਕਿਸੇ ਅਗੰਮੀ ਲੋਕ ਵੱਲ ਚਲਿਆ ਗਿਆ ਹੈ ਤੇ ਹੁਣ ਅਸੀਂ ਉਹਦੇ ਬੱਚੜੇ ਥਾਲ ਵਿੱਚ ਪਏ ਪਾਣੀ ਵਾਂਗ ਡੋਲ ਰਹੇ ਹਾਂ,ਤੁਹਾਡਾ ਸਾਥ ਸਾਡਾ ਠੁੰਮ੍ਹਣਾ ਬਣ ਸਕਦੈ।ਬੇਨਤੀ ਹੈ ਕਿ ਸਾਡੇ ਪਿਆਰੇ ਬਾਬਲ......(ਪਿਤਾ ਦਾ ਨਾਮ)...... ਨਮਿੱਤ ਪਾਠ ਦਾ ਭੋਗ ਤੇ ਕੀਰਤਨ......ਮਿਤੀ......(ਅੰਤਿਮ ਅਰਦਾਸ ਦੀ ਮਿਤੀ)......ਨੂੰ......ਸਮਾਂ......ਵਜੇ ਤੋਂ......ਵਜੇ ਤੱਕ......(ਸਥਾਨ ਦਾ ਨਾਮ)......ਵਿਖੇ ਹੋਏਗਾ ਤੇ ਉਪਰੰਤ ਅੰਤਿਮ ਅਰਦਾਸ ਕੀਤੀ ਜਾਏਗੀ, ਕਿਰਪਾ ਕਰਕੇ ਇਸ ਵਕਤ ਜ਼ਰੂਰ ਆ ਜਾਇਓ!

ਗਿੱਲੇ ਹਰਫਾਂ ਨਾਲ ਸੱਦਾ ਭੇਜਦੇ ਹੋਏ,

......(ਸੱਦਾ ਦੇਣ ਵਾਲੇ ਦਾ ਨਾਮ)......ਸਿਰਨਾਵਾਂ......ਫੋਨ......

----------------

#ਗੁਰਵਾਕ

## 2. ਬਾਪ ਦੇ ਈਸ਼ਵਰ ਨੂੰ ਪਿਆਰਾ ਹੋਣ 'ਤੇ
### ਧੀਆਂ ਵੱਲੋਂ:

**#ਕਬੀਰਾ ਜਬ ਹਮ ਆਏ ਜਗਤ ਮੇ ਜਗ ਹਸੇ ਹਮ ਰੋਇ**
**ਐਸੀ ਕਰਨੀ ਕਰ ਚਲੇ ਹਮ ਹਸੇ ਜਗ ਰੋਇ॥#**

ਉੱਡ ਗਿਆ ਹੰਸ ਮਿੱਟੀ ਉੱਤੇ ਸੁਨਹਿਰੀ ਪੈੜਾਂ ਛੱਡ ਕੇ
ਸਮਿਆਂ ਦੇ ਪਿੰਡੇ ਉੱਤੇ ਚਾਂਦੀ ਰੰਗੇ ਹਸਤਾਖ਼ਰ ਕਰਕੇ
ਆਪਣੀਆਂ ਲਾਡਲੀਆਂ ਨੂੰ ਸੇਕ ਤੋਂ ਬਚਾਉਂਦਾ ਬਚਾਉਂਦਾ
ਜਾ ਕੇ ਬਹਿ ਗਿਆ ਲਟ-ਲਟ ਬਲਦੇ ਸਿਵੇ ਵਿੱਚ
ਜਾਂ ਫਿਰ ਉਸ ਤੋਂ ਵੀ ਕਿਤੇ ਪਹਿਲਾਂ ਉਡ ਗਿਆ ਉੱਚੇ ਮਾਨ-ਸਰਾਂ ਵੱਲ
ਮਿੱਟੀ ਉੱਤੇ ਸੁਨਹਿਰੀ ਪੈੜਾਂ ਛੱਡ ਕੇ,
ਫਿਜ਼ਾਵਾਂ ਵਿੱਚ ਕਸਤੂਰੀ ਜਿਹੀ ਖਿੰਡਾ ਕੇ
ਉੱਡ ਗਿਆ ਹੰਸ ਸਮਿਆਂ ਦੇ ਪਿੰਡੇ ਉੱਤੇ ਚਾਂਦੀ ਰੰਗੇ ਹਸਤਾਖ਼ਰ ਕਰਕੇ!

ਸਾਡਾ ਰਾਜ-ਹੰਸ,ਸਾਡਾ ਪਿਤਾ,ਜਿਹਦੇ ਖੰਭਾਂ 'ਤੇ ਬਹਿ ਕੇ ਅਸੀਂ ਉਚੀਆਂ ਉਡਾਰੀਆਂ ਲਾਉਂਦੀਆਂ ਸੀ,ਖੁਦ......ਮਿਤੀ (ਈਸ਼ਵਰ ਨੂੰ ਪਿਆਰਾ ਹੋਣ ਦੀ ਮਿਤੀ)...... ਨੂੰ ਕਿਸੇ ਸਰਵ-ਉੱਚੜੇ ਮਾਨ-ਸਰੋਵਰ ਵੱਲ ਉਡਾਰੀ ਮਾਰ ਗਿਆ ਹੈ ਤੇ ਅਸੀਂ ਡੋਰੋਂ ਟੁੱਟੀ ਪਤੰਗ ਵਾਂਗ ਖਿਲਾਅ ਵਿੱਚ ਭਟਕ ਰਹੀਆਂ ਹਾਂ।ਇਹੋ ਜਿਹੇ ਵੇਲੇ ਤੁਹਾਡਾ ਮੋਢਾ ਹੀ ਸਾਡਾ ਆਸਰਾ ਹੈ।ਬੇਨਤੀ ਹੈ ਕਿ ......ਮਿਤੀ......(ਰਸਮ ਪਗੜੀ ਦੀ ਮਿਤੀ)......ਨੂੰ......ਸਮਾਂ ...... ਵਜੇ......(ਸਥਾਨ ਦਾ ਨਾਮ)......ਵਿਖੇ ਆ ਕੇ ਰਸਮ-ਪਗੜੀ ਅਤੇ ਅੰਤਿਮ ਕਿਰਿਆ ਵਿੱਚ ਹਾਜ਼ਰੀ ਭਰਿਓ!
ਸੱਦਾ ਦੇਣ ਵਾਲੀਆਂ ਦਾ ਨਾਮ)
......ਸਿਰਨਾਵਾਂ......ਫੋਨ......
----------
#ਗੁਰਵਾਕ



## ਮਾਂ ਜਾਂ ਪਿਤਾ ਦੇ ਵਰ੍ਹੀਣੇ ਸਮੇਂ:

**#ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ॥#**

ਹਾੜ੍ਹਾ! ਕਦੇ ਵੀ ਨਾ ਵਿਛੜਨ ਮਾਪੇ
ਜਿਹਨਾਂ ਦੇ ਬਿਨ ਜੱਗ ਸੱਖਣਾ
ਜੱਗ ਦਿੰਦਾ ਹੈ ਭਾਵੇਂ ਦਿਲਬਰੀਆਂ
"ਚਿੱਤ ਨੂੰ ਟਿਕਾਣੇ ਰੱਖਣਾ"
ਕਿੰਜ ਦਈਏ ਧਰਵਾਸਾ ਚਿੱਤ ਨੂੰ
ਕਿੱਥੋਂ ਉਹ ਦੁਆਵਾਂ ਲੱਭੀਏ?
ਸਾਡੇ ਮਿੱਟੀ ਵਿੱਚ ਲਾਲ ਗੁਆਚੇ
ਕਿੱਥੋਂ ਸਿਰਨਾਵਾਂ ਲੱਭੀਏ?

ਸਾਡੇ ਮਹਿਰਮੋ, ਦੋਸਤੋ, ਪਿਆਰੇ ਸਾਕ-ਸਬੰਧੀਓ!
ਅਸੀਂ ਅੱਥਰੂਆਂ ਦੀ ਸਿਆਹੀ ਨਾਲ ਲਿਖ ਰਹੇ ਹਾਂ ਕਿ ਸਾਡਾ ਕੀਮਤੀ ਖਜ਼ਾਨਾ, ਸਾਡੀ ਮਾਂ...(ਮਾਂ ਦਾ ਨਾਮ)...ਸਦਾ ਲਈ ਗੁਆਚ ਗਈ ਹੈ।ਮਿਤੀ...(ਸੁਰਗਵਾਸ ਹੋਣ ਦੀ ਮਿਤੀ)......ਦੀ ਚੰਦਰੀ ਘੜੀ ਉਹ ਸਾਨੂੰ ਅਲਵਿਦਾ ਕਹਿ ਗਈ ਸੀ।ਆਪ ਸਭ ਅੱਗੇ ਬੇਨਤੀ ਕਰਦੇ ਹਾਂ ਕਿ......ਮਿਤੀ......(ਵਰ੍ਹੀਣੇ ਦੀ ਮਿਤੀ)......ਨੂੰ......ਸਮਾਂ...... ਵਜੇ......(ਸਥਾਨ)......ਵਿਖੇ ਵਰ੍ਹੀਣੇ ਦੀ ਰਸਮ ਵਿੱਚ ਸ਼ਾਮਿਲ ਹੋ ਕੇ ਇਸ ਭੰਵਰ ਵਿੱਚ ਸਾਡਾ ਕਿਨਾਰਾ ਬਣਿਓ!
......(ਸੱਦਾ ਦੇਣ ਵਾਲੇ ਦਾ ਨਾਮ)
......ਸਿਰਨਾਵਾਂ......ਫੋਨ......

ਨੋਟ:ਇਹ ਇਬਾਰਤ 'ਮਾਂ' ਦੀ ਥਾਂ 'ਪਿਤਾ' ਅਤੇ 'ਗਈ' ਦੀ ਥਾਂ 'ਗਿਆ' ਆਦਿ ਕਰਕੇ ਪਿਤਾ ਲਈ ਵੀ ਵਰਤੀ ਜਾ ਸਕਦੀ ਹੈ
--------------------------
#ਗੁਰਵਾਕ

# ਮਾਤਾ ਜਾਂ ਪਿਤਾ ਦੀ ਬਰਸੀ 'ਤੇ:

**#ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ#**

ਨਾ ਕੋਈ ਤਾਰਾ ਤੇਰੇ ਵਰਗਾ ਲੱਗੇ
ਕਿਹੜਾ ਤਾਰਾ ਮੇਰੇ ਸਿਰ 'ਤੇ ਹੱਥ ਧਰੇ
ਨਾ ਕੋਈ ਫੁੱਲ ਤੇਰੇ ਵਰਗਾ ਲੱਭੇ
ਮਹਿਕ ਵਿਹੂਣੀ ਰੂਹ ਹੁਣ ਕਿੱਦਾਂ ਸਬਰ ਕਰੇ
ਲੱਭਦੀ ਨਹੀਂ ਛਾਂ ਤੇਰੀ ਛਾਵਾਂ ਟੋਲ ਚੁੱਕੀ
ਨਹੀਂ ਦਿਸਦਾ ਮੁੱਖ ਤੇਰਾ ਅੰਬਰ ਫੋਲ ਚੁੱਕੀ
ਬਾਬਲ!ਤੇਰੇ ਵਰਗਾ ਪਿਆਰ ਥਿਆਉਣਾ ਨਹੀਂ
ਵਾਂਗ ਤੇਰੇ ਹਿੱਕ ਨਾਲ ਕਿਸੇ ਨੇ ਲਾਉਣਾ ਨਹੀਂ
ਜੀਅ ਕਰਦੈ ਤੂੰ ਆਵੇਂ,ਪਰ ਤੂੰ ਆਉਣਾ ਨਹੀਂ!

ਅਸੀਂ ਆਪ ਨੂੰ ਹੰਝੂਆਂ ਭਿੱਜੀ ਕਲਮ ਨਾਲ ਲਿਖ ਰਹੇ ਹਾਂ ਕਿ ਮਿਤੀ...... (ਪਿਤਾ ਦੇ ਗੁਰਪੁਰੀ ਸਿਧਾਰਨ ਦੀ ਮਿਤੀ)......ਦਾ ਦਿਨ ਸਾਡੇ ਲਈ ਸਭ ਤੋਂ ਕਾਲਾ ਦਿਨ ਸੀ,ਜਦੋਂ ਸਾਡੇ ਪਿਤਾ ਜੀ......(ਪਿਤਾ ਦਾ ਨਾਂ)......ਸਾਨੂੰ ਸਦਾ ਲਈ ਛੱਡ ਕੇ ਗੁਰ-ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ ਪਵਿੱਤਰ ਯਾਦ ਵਿੱਚ ਕੀਰਤਨ ਅਤੇ ਅਰਦਾਸ ਮਿਤੀ......(ਬਰਸੀ ਦੀ ਮਿਤੀ)...... ਨੂੰ......ਸਮਾਂ......ਵਜੇ ਤੋਂ......ਵਜੇ ਤੱਕ......(ਸਥਾਨ)......ਵਿਖੇ ਹੋਵੇਗੀ। ਮਿਹਰਬਾਨੀ ਕਰਕੇ ਇਸ ਬਰਸੀ ਸਮਾਗਮ ਸਮੇਂ ਹਾਜ਼ਰੀ ਭਰ ਕੇ ਸਾਡੀ ਦਿਲਜੋਈ ਬਣਿਓ!ਤੁਹਾਡਾ ਸਾਥ ਸਾਡੇ ਲਈ ਮਜ਼ਬੂਤ ਆਸਰਾ ਬਣੇਗਾ।
......(ਸੱਦਾ ਦੇਣ ਵਾਲੇ ਦਾ ਨਾਮ)......
ਸਿਰਨਾਵਾਂ......ਫੋਨ......
ਇਹ ਇਬਾਰਤ 'ਬਾਬਲ' ਦੀ ਥਾਂ 'ਮਾਏ' ਤੇ 'ਪਿਤਾ ਜੀ' ਦੀ ਥਾਂ 'ਮਾਤਾ ਜੀ' ਕਰਕੇ ਮਾਂ ਲਈ ਵੀ ਵਰਤੀ ਜਾ ਸਕਦੀ ਹੈ

-------------------------

#ਗੁਰਵਾਕ



ਬਹੁਤ ਕੁਝ ਹੋਰ ਵੀ ਦੁਖਦਾਈ ਵਾਪਰਦੈ,ਜਿਵੇਂ ਕੋਈ ਕੁਲਹਿਣੀ ਬੀਮਾਰੀ, ਕੋਈ ਵੱਡਾ ਨੁਕਸਾਨ, ਕਿਸੇ ਇਮਤਿਹਾਨ ਵਿੱਚੋਂ ਨਾਕਾਮਯਾਬੀ, ਜਾਂ ਕੁਝ ਵੀ ਹੋਰ ਜਿਸ ਨੇ ਪੀਂਘ ਦੀ ਲੱਜ ਨੂੰ ਤੜੱਕ ਕਰ ਕੇ ਤੋੜ ਦਿੱਤਾ ਹੋਵੇ, ਏਹੋ ਜਿਹੇ ਵੇਲੇ ਲਿਖੇ ਜਾਂ ਬੋਲੇ ਕੁਝ ਹਰਫ਼ ਤਿੜਕੀਆਂ ਛੱਤਾਂ ਲਈ ਲਟੈਣਾਂ ਬਣਦੇ ਨੇ!



## ਸਦੀਵੀ ਵਿਛੋੜੇ, ਦੁੱਖ-ਦਰਦ, ਅਸਫਲਤਾ, ਹਾਰ ਜਾਂ ਹਾਨੀ 'ਤੇ 'ਹੌਸਲਾ ਦਿੰਦੀਆਂ ਸਤਰਾਂ'

ਇਹ 'ਹੌਸਲਾ ਦਿੰਦੀਆਂ ਸਤਰਾਂ' ਉਦਾਸ, ਨਿਰਾਸ਼ ਦੋਸਤ-ਰਿਸ਼ਤੇਦਾਰ, ਆਪਣੇ-ਬੇਗਾਨੇ ਨੂੰ ਚਿੱਠੀ ਵਿੱਚ ਲਿਖ ਕੇ, ਈਮੇਲ, ਮੋਬਾਈਲ ਸੁਨੇਹੇ ਜਾਂ ਕਿਸੇ ਸ਼ੋਸ਼ਲ ਸਾਈਟ ਰਾਹੀਂ ਭੇਜੀਆਂ ਜਾ ਸਕਦੀਆਂ ਹਨ ਅਤੇ ਸ਼ਬਦਾਂ ਦੀ ਥੋੜ੍ਹੀ ਜਿਹੀ ਫੇਰ-ਬਦਲ ਨਾਲ ਹਰ ਮੰਦਭਾਗੇ ਮੌਕੇ ਲਈ ਵਰਤੀਆਂ ਜਾ ਸਕਦੀਆਂ ਹਨ। ਖਾਲੀ ਥਾਂ 'ਤੇ ਨਾਂ, ਸਿਰਨਾਵਾਂ, ਫੋਨ, ਈਮੇਲ ਆਦਿ ਭਰ ਲਏ ਜਾਣ!

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



## ਮਾਤਾ-ਪਿਤਾ ਦੇ ਸਦਾ ਲਈ ਵਿਛੜ ਜਾਣ 'ਤੇ:

1.
ਝਿੰਮਣਾਂ 'ਤੇ ਲਟਕਦੇ ਅਸ਼ਕਾਂ 'ਚ ਨੂਰ ਭਰਿਓ!
ਘਰ ਦੀ ਸਲ੍ਹਾਬੀ ਪੌਣ ਦੇ ਵਿੱਚ ਅਗਰਬੱਤੀ ਧਰਿਓ!
ਤੁਹਾਨੂੰ ਉਦਾਸ ਦੇਖ ਕੇ ਉਦਾਸ ਹੋਣੈਂ ਉਹਨਾਂ
ਨਾ! ਨਾ! ਉਹਨਾਂ ਦੇ ਸੀਨਿਆਂ'ਤੇ ਨਾ ਪਹਾੜ ਧਰਿਓ!
ਤੁਰ ਗਿਆਂ ਦੇ ਰੁਦਨ ਦੇ ਖੂਹਾਂ 'ਤੇ ਦੇਵੋ ਢੱਕਣ
ਮੁਸਕਾਨਾਂ ਦੀ ਮੌਣ ਤੋਂ ਉਹਨਾਂ ਨੂੰ ਚੇਤੇ ਕਰਿਓ!
ਲਲਾਰੀ ਕੋਲੋਂ ਫੇਰ ਰਲ਼ ਕੇ ਡੋਰੀਆ ਰੰਗਵਾਇਓ
ਤੇ ਜੱਗ ਦੇ ਮੇਲੇ 'ਚ ਫਿਰ ਤੋਂ ਮਟਕ-ਮਟਕ ਤੁਰਿਓ!

ਪਿਆਰੇ......ਇਸ ਕਲੇਜਾ-ਚੀਰਵੇਂ ਦੁੱਖ ਦੀ ਘੜੀ ਅਸੀਂ ਤੁਹਾਡੇ ਅੰਗ-ਸੰਗ ਹਾਂ , ਹਮੇਸ਼ਾ ਰਹਾਂਗੇ ਤੇ ਜਦੋਂ 'ਵਾਜ ਮਾਰੋਂਗੇ, ਬਿਨਾਂ ਇਕ ਪਲ ਦੀ ਦੇਰੀ ਤੋਂ ਆਵਾਂਗੇ! ਪਰ ਤੁਸੀਂ ਹੁਣ ਹੰਝੂਆਂ ਦੀ ਇਹ ਵਲਗਣ ਪਾਰ ਕਰਕੇ ਹਾਸਿਆਂ ਨਾਲ ਨਾਤਾ ਜੋੜੋ, ਤਾਂ ਕਿ ਉਹਨਾਂ ਨੂੰ ਸ਼ਾਂਤੀ ਤੇ ਸਕੂਨ ਮਿਲੇ, ਜਿਹੜੇ ਉਮਰ ਭਰ ਤੁਹਾਡੇ ਲਈ ਹਾਸੇ ਤਲਾਸ਼ਦੇ ਰਹੇ!
......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......

2.

ਆ! ਯਾਦਾਂ ਦੀ ਚੰਗੇਰ ਵਿਚੋਂ ਇਕ ਸੰਦਲੀ ਲੱਪ ਲੈ ਕੇ
ਤ੍ਰੇੜੇ ਹੋਏ ਵਕਤ ਦਾ ਮੱਥਾ ਲਿੱਪੀਏ
ਆ! ਸੱਜਰੀ ਸ਼ਬਨਮ ਤੋਂ ਇਕ ਸੁੱਚਾ ਮੋਤੀ ਲੈ ਕੇ
ਉਦਾਸੀ ਦੀ ਕਾਲੀ ਗਾਨੀ ਵਿੱਚ ਪਰੋਈਏ
ਆ! ਸੂਰਜ ਕੋਲੋਂ ਧੁੱਪ ਦਾ ਕੋਈ ਟੁਕੜਾ ਲੈ ਕੇ
ਟਸ-ਟਸ ਕਰਦੀਆਂ ਸੱਟਾਂ 'ਤੇ ਟਕੋਰ ਕਰੀਏ
ਤੇ ਸਰਾਪੇ ਦਿਨਾਂ ਦੀ ਤਲੀ ਉੱਤੇ ਪੂਰਨਮਾਸ਼ੀ ਵਰਗੀ ਤਕਦੀਰ ਲਿਖੀਏ!

ਪਿਆਰੀ......ਆਪਣਿਆਂ ਦਾ ਵਿਛੋੜਾ ਚਾਹੇ ਅਾਂਦਰਾਂ ਨੂੰ ਵੱਢ ਕੇ ਰੱਖ ਦੇਵੇ,ਪਰ ਜ਼ਿੰਦਗੀ ਹਰ ਰੰਗ ਵਿੱਚ ਜਿਉਂਦੀ ਹੈ, ਮਮਤਾ ਦਾ, ਮੋਹ ਦਾ ਏਹੋ ਮਜ਼ਹਬ ਹੈ ਤੇ ਇਹੋ ਵਿਛੜ ਗਈਆਂ ਰੂਹਾਂ ਨੂੰ ਸ਼ਾਂਤੀ ਦੇਣ ਦਾ ਸਬੱਬ ਬਣਦਾ ਹੈ।ਇਸ ਲਈ ਹਉਕਿਆਂ-ਹਾਵਿਆਂ ਦੀ ਵਾੜ ਟੱਪ ਕੇ ਚੜ੍ਹਦੀ ਕਲਾ ਦੀ ਬਗੀਚੀ ਵਿੱਚ ਪੈਰ ਧਰੋ! ਅਸੀਂ ਪਲ ਪਲ ਤੁਹਾਡੇ ਨਾਲ ਹਾਂ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ: ......



3.

ਜੋ ਚੱਲ ਪੈਂਦੇ ਨੇ ਇਕ ਵਾਰੀ,ਉਹ ਗੱਲ ਮੰਜ਼ਿਲ ਦੀ ਕਰਦੇ ਨੇ
ਜੋ ਠਿੱਲ੍ਹ ਪੈਂਦੇ , ਉਹਨਾਂ ਦੀ ਆਰਜ਼ੂ ਸਾਹਿਲ ਵੀ ਕਰਦੇ ਨੇ
ਗੁਆਚੇ ਮੋਹ ਨੂੰ ਸੀਨੇ ਲਾ, ਪੁਗਾਇਓ ਰੀਝ ਉਹਨਾਂ ਦੀ
ਕਿ ਹਉਕੇ, ਹੰਝੂ, ਜ਼ਖ਼ਮਾਂ ਦਾ ਜ਼ਿਕਰ ਬੁਜ਼ਦਿਲ ਹੀ ਕਰਦੇ ਨੇ!

ਅੱਖਾਂ ਵਿਚੋਂ ਵਰ੍ਹਦੇ ਸਾਵਣ ਨਾਲ ਨਸੀਬ ਧੋਤੇ ਨਹੀਂ ਜਾਂਦੇ,ਤੇਸੇ ਨਾਲ ਪਰਬਤ ਤੋੜ ਕੇ ਨਹਿਰ ਕੱਢਣੀ ਪੈਂਦੀ ਹੈ ਤੇ ਉਹ ਨਿੱਕਲ ਵੀ ਆਉਂਦੀ ਹੈ।ਇਸ ਲਈ ਸਿਰੜ ਕਰਕੇ ਆਪਣੀ ਮੰਜ਼ਿਲ ਵੱਲ ਵਧੋ ਤੇ ਆਪਣੇ ਮਾਪਿਆਂ ਦੇ ਖ਼ਾਬਾਂ ਨੂੰ ਸੱਚ ਦਾ ਮੁਕਾਮ ਦਿਓ! ਅਸੀਂ ਕਿਸੇ ਵੀ ਮੱਦਦ ਲਈ ਤਿਅਰ-ਬਰ-ਤਿਆਰ ਹਾਂ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ: ......

# ਸਰੀਰਕ-ਮਾਨਸਿਕ ਤਕਲੀਫ਼,ਅਸਫ਼ਲਤਾ, ਕੁਲਹਿਣੀ ਬੀਮਾਰੀ,ਹਾਰ ਜਾਂ ਹਾਨੀ ਵੇਲੇ:

1.
ਆ ਜਾ! ਹਿੰਮਤਾਂ ਦੇ ਹਲਟ ਜੋੜ ਲਈਏ
ਖੇਤ ਜ਼ਿੰਦਗੀ ਦਾ ਹੋਰ ਸੁੱਕੇ ਨਾ ਹੁਣ
ਚਰਖਾ ਫੇਰ ਤੋਂ ਗਿੜੇ ਖੁਸ਼ਹਾਲੀਆਂ ਦਾ
ਮਾਹਲ ਟੁੱਟੇ ਨਾ ਹੁਣ, ਹੱਥੀ ਛੁੱਟੇ ਨਾ ਹੁਣ
ਸਿੱਧਾ ਤੱਕਲਾ ਹੋਵੇ ਨਸੀਬ ਵਾਲਾ
ਘੂਕਰ ਰੁਕੇ ਨਾ ਹੁਣ, ਤੰਦ ਮੁੱਕੇ ਨਾ ਹੁਣ
ਤ੍ਰਿੰਜਣ ਫੇਰ ਤੋਂ ਛਿੜੇ ਮੁਹੱਬਤਾਂ ਦਾ
ਗੀਤ ਮੁੱਕੇ ਨਾ ਹੁਣ, ਹੇਕ ਟੁੱਟੇ ਨਾ ਹੁਣ!

ਉਮੀਦ ਦੀ ਕੰਨੀ ਫੜ ਕੇ ਤੁਰਦੇ ਰਹਿਣਾ ਹੀ ਮਨੁੱਖ ਦਾ ਧਰਮ ਹੈ,ਗ਼ਮਾਂ ਦੇ ਬੇਲਗਾਮ ਘੋੜੇ 'ਤੇ ਕਾਠੀ ਪਾਉਣ ਦਾ ਮੰਤਰ ਵੀ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ: ......

2.
ਤਪਦੇ ਰੇਗਿਸਤਾਨਾਂ ਦੇ ਵਿੱਚ ਬੂਟਾ ਟਾਵਾਂ ਟਾਵਾਂ
ਉੱਦਮ ਦੇ ਟਿੱਬਿਆਂ ਵਿੱਚ ਹੈ ਗੁਲਜ਼ਾਰਾਂ ਦਾ ਸਿਰਨਾਵਾਂ!

ਆ! ਆਬਸ਼ਾਰਾਂ ਤੋਂ ਪਾਣੀਆਂ ਦਾ ਬੁੱਕ ਭਰ ਕੇ ਆਪਣੇ ਅੰਦਰ ਫੈਲ ਗਏ ਮਾਰੂਥਲ ਵਿੱਚ ਛਿੱਟਾ ਦੇਈਏ, ਕੋਈ ਅਮਨ ਦਾ ਪੰਛੀ ਛੱਡੀਏ, ਉਹਦਾ ਨਾਮ 'ਮੁਹੱਬਤ' ਰੱਖੀਏ ਤੇ ਗੋਡੀ ਮਾਰ ਗਏ ਚੰਦ ਨੂੰ ਕਿਸੇ ਸਵਾਂਤ-ਬੂੰਦ ਦਾ ਅਰਘ ਦੇਈਏ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ: ......



3.
ਜੇਰਾ ਕਰ! ਕਿ ਆਵਣਗੇ ਫਿਰ ਤੋਂ ਦਿਨ ਬਹਾਰਾਂ ਦੇ
ਦੁੱਖ ਦੀ ਧੂੜ ਦਾ ਤਾਂ ਇਕ ਵੀ ਬੱਸ ਦਾਗ਼ ਨਹੀਂ ਰਹਿਣਾ
ਬੀਤੇ ਦਿਨ ਤਾਂ ਦਿੱਤਾ 'ਹੋਣੀ' ਦਾ ਸਰਾਪ ਸੀ ਕੋਈ
ਫੱਟ ਤਾਂ ਇੰਜ ਭਰਨਗੇ,ਕਿ ਕੁਝ ਵੀ ਯਾਦ ਨਹੀਂ ਰਹਿਣਾ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......

4.
ਸਿਦਕਾਂ ਵਾਲੜੇ ਧਰਦੇ ਸਿਰਾਂ ਨੂੰ ਆਰਿਆਂ ਉੱਤੇ
ਟੱਪ ਕੇ ਭੰਵਰ ਨੂੰ ਝੰਡੇ ਨੇ ਗੱਡਦੇ ਸਾਹਿਲਾਂ ਉੱਤੇ
ਸਮਾਂ ਉਹਨਾਂ ਹੀ ਸ਼ਾਹਸਵਾਰਾਂ ਉੱਤੇ ਮਾਣ ਕਰਦਾ ਹੈ
ਜੋ ਅੰਬਰ ਜਿੱਤ ਕੇ ਕਰਦੇ ਨੇ ਦਸਖ਼ਤ ਕਹਿਕਸ਼ਾਂ ਉੱਤੇ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......

5.
ਨਾ ਭਰਨਾ ਹੰਝੂਆਂ ਦੇ ਨਾਲ ਉਮਰਾਂ ਦੇ ਕਟੋਰੇ ਨੂੰ,
ਕਿਸੇ ਸੂਹੀ ਜਿਹੀ ਮੁਸਕਾਨ ਦੀ ਖੇਤੀ ਹਰੀ ਕਰਨਾ
ਜ਼ਿੰਦਗੀ ਸਮਝ ਕੇ ਪੱਥਰ ਨਾ ਐਵੇਂ ਵਿਲਕਦੇ ਰਹਿਣਾ,
ਘੜਨਾ ਮੂਰਤੀ ਕੋਈ, ਕੋਈ ਕਾਰੀਗਰੀ ਕਰਨਾ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......

6.

ਆ ! ਕਿਰਨਾਂ ਦੀ ਤੰਦ ਲੈ ਕੇ ਸੋਨ-ਖ਼ਾਬ ਬੁਣੀਏ,
ਆ! ਸਰਘੀ ਦੇ ਗਜਰੇ 'ਚੋਂ ਸੂਹਾ ਗੁਲਾਬ ਚੁਣੀਏ
ਕੌਤਕ ਕੋਈ ਟੁੱਟਿਆਂ ਖੰਭਾਂ ਦੇ ਅੰਦਰ ਧਰੀਏ,
ਆ! ਤਾਰਿਆਂ ਵੱਲ ਫੇਰ ਤੋਂ ਆਪਾਂ ਉਡਾਣ ਭਰੀਏ!

......ਹੌਸਲਾ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......



ਕੁਝ ਹੋਰ ਹਾਦਸੇ ਵੀ ਤੋੜ ਕੇ ਰੱਖ ਦਿੰਦੇ ਨੇ,ਕੰਜ-ਕੁਆਰੀ ਧੀ ਨਾਲ ਕੁਝ ਅਣਸੁਖਾਵਾਂ ਵਾਪਰ ਜਾਣਾ ਜਾਂ ਵਿਆਹੀ-ਵਰੀ ਧੀ ਨਾਲ ਲਾਲਚੀ ਤੇ ਹੈਂਕੜ ਭਰੇ ਸਹੁਰਿਆਂ ਦਾ ਅਣਮਨੁੱਖੀ ਵਤੀਰਾ, ਜਿਹੜਾ ਇਹਨਾਂ ਮਾਸੂਮਾਂ ਦਾ ਕਿਸੇ ਸਰਾਲ ਵਾਂਗ ਲਹੂ ਚੂਸ ਕੇ ਉਹਨਾਂ ਵਿਚੋਂ ਜਿਉਣ ਦਾ ਚਾਅ ਤੱਕ ਖੋਹ ਲੈਂਦੈ,ਉਹਨਾਂ ਪਾਰੇ ਵਾਂਗ ਡੋਲ ਰਹੀਆਂ ਦਰਵੇਸ਼ਣੀਆਂ ਦੀ ਢਾਰਸ ਬੰਨ੍ਹਾਉਂਦੇ, ਉਹਨਾਂ ਅੰਦਰਲੀ ਸ਼ਕਤੀ ਜਗਾਉਂਦੇ ਕੁਝ ਬੋਲ ਕਈ ਵਾਰ ਵੱਡੇ ਅਰਥਾਂ ਵਾਂਗ ਨਿਭ ਸਕਦੇ ਨੇ!



**ਜਿਸ ਕੁੜੀ-ਚਿੜੀ ਦੇ ਖੰਭ ਨੋਚ ਦਿੱਤੇ ਗਏ ਹੋਣ,**
**ਉਸ ਮਾਸੂਮ ਲਈ 'ਹਿੰਮਤ ਦੇ ਹਰਫ਼'**

ਇਹ 'ਹਿੰਮਤ ਦੇ ਹਰਫ਼' ਕਿਸੇ ਜਰਵਾਣੇ ਦੀ ਸਤਾਈ ਧੀ, ਭੈਣ, ਬੱਚੀ, ਸਖੀ ਨੂੰ ਚਿੱਠੀ ਵਿੱਚ ਲਿਖ ਕੇ, ਈਮੇਲ, ਮੋਬਾਈਲ ਸੁਨੇਹੇ ਜਾਂ ਕਿਸੇ ਸ਼ੋਸ਼ਲ ਸਾਈਟ ਰਾਹੀਂ ਭੇਜੇ ਜਾ ਸਕਦੇ ਹਨ। ਖਾਲੀ ਥਾਂ 'ਤੇ ਨਾਂ, ਸਿਰਨਾਵਾਂ, ਫੋਨ ਨੰ:, ਈਮੇਲ ਆਦਿ ਭਰ ਲਿਆ ਜਾਵੇ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



## ਹਿੰਮਤ ਦੇ ਹਰਫ਼:

1.

ਕੀਹ ਹੋਇਆ ਜੇ ਚੇਤਰ ਰੁੱਸਿਆ
ਵਸਲ ਦੇ ਨੈਣੀਂ ਕਜਲਾ ਰੜਕੇ
ਟੋਟਾ ਟੋਟਾ ਹੋਈਆਂ ਵੰਗਾਂ
ਦਿਲ ਵੀ ਸਹਿਮ ਸਹਿਮ ਕੇ ਧੜਕੇ
ਵਕ਼ਤ ਦੇ ਕਾਲੇ ਕਾਗ਼ਜ਼ ਉੱਤੇ
ਰੌਸ਼ਨ ਹਰਫ਼ਾਂ ਉੱਭਰ ਆਉਣੈਂ
ਇਕ ਦਿਨ ਚੰਡੀ ਬਣ ਕੇ ਖੜ੍ਹ ਜਾ
ਦਰਦਾਂ ਦੇ ਚੁਬਾਰੇ ਚੜ੍ਹ ਕੇ!

ਬੱਚੜੀਏ! ਇਹ ਤਕੜੇ ਹੋਣ ਦਾ ਵੇਲਾ ਹੈ, ਆਪਣੇ ਵਜੂਦ ਦੇ ਲੱਥੇ ਲਿਉੜਾਂ ਨੂੰ ਸਵੈ-ਵਿਸ਼ਵਾਸ ਦੀ ਚੀਕਣੀ ਮਿੱਟੀ ਨਾਲ ਲਿੱਪਣ ਦਾ ਵਕਤ ਤੇ ਜ਼ਮਾਨੇ ਨੂੰ ਦਿਖਾ ਦੇਣ ਦਾ ਵਕਤ ਕਿ ਜਿਹੜੇ ਹੱਥਾਂ ਨੇ ਕਦੀ ਫੁੱਲ ਫੜੇ ਸਨ,ਉਹ ਮਸ਼ਾਲ ਫੜ ਕੇ ਹਨ੍ਹੇਰਿਆਂ ਨੂੰ ਸਬਕ ਵੀ ਸਿਖਾ ਸਕਦੇ ਹਨ।ਅਸੀਂ ਹਰ ਪਲ,ਹਰ ਘੜੀ ਤੇਰੇ ਨਾਲ ਹਾਂ!

ਤੇਰੇ ਆਪਣੇ,
......ਹਿੰਮਤ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......

2.

ਕੁੜੀਏ ਰੇਸ਼ਮ ਵੰਨੀਏਂ! ਕਮਜ਼ੋਰ ਹੋਇਆ ਨਾ ਕਰੀਂ
ਰੋ ਚੁਕੀ ਹੈਂ ਤੂੰ ਬਹੁਤ, ਹੁਣ ਹੋਰ ਰੋਇਆ ਨਾ ਕਰੀਂ
ਨਾ ਸੜੀਂ, ਨਾ ਜ਼ਹਿਰ ਪੀਵੀਂ, ਗਲ਼ 'ਚ ਰੱਸਾ ਪਾਵੀਂ ਨਾ
ਸਿਰ ਝੁਕਾ ਕੇ ਕਾਤਿਲਾਂ ਅੱਗੇ ਖੜੋਇਆ ਨਾ ਕਰੀਂ
ਹੋ ਸਕੇ ਤਾਂ ਲਿਖ ਲਵੀਂ ਤੂੰ, ਫੇਰ ਤੋਂ ਆਪਣਾ ਨਸੀਬ
ਇੱਕ ਬੇਵਫ਼ਾ ਲਈ, ਇੱਕ ਉਮਰ ਖੋਇਆ ਨਾ ਕਰੀਂ
ਹੰਝੂਆਂ ਨੂੰ ਪੂੰਝ ਲਈਂ, ਖਿੜ ਖਿੜ ਕੇ ਹੱਸਣਾ ਸਿੱਖ ਲਈਂ
ਜ਼ਿੰਦਗੀ ਦੇ ਵੱਲ ਖੁੱਲ੍ਹਦਾ ਬਾਰ ਢੋਇਆ ਨਾ ਕਰੀਂ!

ਸ਼ੇਰ ਬੱਚੀਏ!

ਇਹ ਜੀਵਨ ਯੁੱਧ-ਖੇਤਰ ਹੈ,ਤੇ ਹਰ ਕਿਸੇ ਨੂੰ ਆਪਣੇ ਹਿੱਸੇ ਦੀ ਲੜਾਈ ਆਪ ਲੜਨੀ ਪੈਂਦੀ ਹੈ।ਹਰ ਕੁੜੀ ਵਾਂਗ ਤੇਰੇ ਅੰਦਰ ਵੀ 'ਝਾਂਸੀ ਦੀ ਰਾਣੀ' ਮੌਜੂਦ ਹੈ।ਉੱਠ! ਆਪਣੇ ਵਿਵੇਕ ਦੇ ਸ਼ਸ਼ਤਰ ਚੁੱਕ ਤੇ ਇਸ ਯੁੱਧ ਵਿੱਚ ਜੇਤੂ ਹੋ ਕੇ ਆਪਣੀ ਖੁਸ਼ੀ ਦਾ ਘਰ ਲੱਭ! ਸਾਡੀ ਮੱਦਦ ਦੀ ਲੋੜ ਹੋਵੇ ਤਾਂ ਇਕ ਹਾਕ ਮਾਰ ਦਵੀਂ......ਬੱਸ......!

ਦੁਆਵਾਂ ਨਾਲ,

......ਹਿੰਮਤ ਦੇਣ ਵਾਲੇ ਦਾ ਨਾਮ......

ਸਿਰਨਾਵਾਂ......ਫੋਨ ਨੰ:......

3.

ਜਿਹੜੇ ਹੱਥ ਨੇ ਤੇਰਾ ਇਹ ਹਸ਼ਰ ਕੀਤਾ,
ਓਸ ਹੱਥ ਨੂੰ ਹੱਥ ਦਿਖਾ ਦੇਵੀਂ
ਕੇਰਾਂ ਤੋੜ ਸੰਗਲ , ਕੇਰਾਂ ਖੋਲ੍ਹ ਬੇੜੀ
ਆਪਣੀ ਕੈਦ ਦੀ ਅਉਧ ਪੁਗਾ ਦੇਵੀਂ
ਸੀਨੇ ਵਿੱਚ ਜੋ ਬਲਦੀ ਹੈ ਲਾਟ,ਉਸ'ਤੇ
ਸੱਭੇ ਵਹਿਸ਼ਤਾਂ ਰਾਖ ਬਣਾ ਦੇਵੀਂ
ਤੇ ਜੱਲਾਦਾਂ ਦੇ ਵੱਲ ਨੂੰ ਵੱਟ ਘੂਰੀ
ਕਤਲਗਾਹਾਂ ਨੂੰ ਸਬਕ ਸਿਖਾ ਦੇਵੀਂ!

ਬਹਾਦਰ ਧੀਏ!

ਚੇਤੇ ਕਰ!ਗੁਰਾਂ ਨੇ ਕਿਹਾ ਸੀ ਕਿ ਜੇ ਜ਼ੁਲਮ ਕਰਨਾ ਪਾਪ ਹੈ ਤਾਂ ਜ਼ੁਲਮ ਸਹਿਣਾ ਵੀ ਪਾਪ ਹੈ,ਤੂੰ ਜੋ ਤਸ਼ੱਦਦ ਸਹੇ ਨੇ ਉਹਨਾਂ ਪੀੜਾਂ ਦਾ ਗਿਲਾਫ਼ ਲਾਹ ਦੇ ਤੇ ਸ਼ੀਹਣੀ ਬਣ ਕੇ ਖੜ੍ਹੀ ਹੋ ਜਾ! ਤੂੰ 'ਮਾਈ ਭਾਗੋ' ਦੀ ਅੰਸ਼ ਵਿਚੋਂ ਹੈਂ,ਤੂੰ ਹਾਰ ਕੇ ਨਹੀਂ ਬੈਠ ਸਕਦੀ ।

ਅਸੀਂ ਤੇਰੇ ਹਥਿਆਰ ਹਾਂ, ਜਦ ਲੋੜ ਪਵੇ ਵਰਤ ਲਵੀਂ!

......ਹਿੰਮਤ ਦੇਣ ਵਾਲੇ ਦਾ ਨਾਮ......

ਸਿਰਨਾਵਾਂ......ਫੋਨ ਨੰ:......

4.

ਉੱਠ ਧੀਏ! ਉੱਠ ਲੱਭ ਆਪਣਾ ਗਗਨ
ਕਿ ਇਹ ਧਰਤ ਤੇਰੇ ਚਾਵਾਂ ਦੇ ਮੇਚ ਦੀ ਨਹੀਂ
ਕਿ ਏਥੇ ਕੁਆਰੀਆਂ ਸੱਧਰਾਂ ਨੂੰ
ਪ੍ਰੀਤਾਂ ਦੇ ਪਰੀਬੰਦ ਨਹੀਂ ਜੁੜਦੇ
ਸਗੋਂ ਕੱਚੀਆਂ ਗਰੀਆਂ
ਮਾਪਿਆਂ ਦੇ ਲਹੂ ਵਿੱਚ ਡੁਬੋ ਕੇ ਚੱਖੀਆਂ ਜਾਂਦੀਆਂ ਨੇ।
ਪਰ ਹਾਰੀਂ ਨਾ! ਨਾ ਉਦਾਸ ਹੋਵੀਂ!
ਕਿ ਮੈਂ ਅੱਖਰਾਂ ਦੇ ਸੱਗੀਫੁੱਲ ਗੁੰਦ ਕੇ
ਪੰਜਾਬਣਾਂ ਦਾ 'ਜੇਰਾ'
ਤੇਰੇ ਜਿਸਮ ਵਿੱਚ ਧਰ ਦਿੱਤਾ ਹੈ
ਬੱਸ! ਜ਼ਰਾ ਖੰਭਾਂ ਨੂੰ ਖੋਲ੍ਹ!
ਜ਼ਰਾ ਭਰ ਉਡਾਣ
ਇਕ ਦਿਨ ਤੂੰ ਲੱਭ ਹੀ ਲਵੇਂਗੀ ਆਪਣਾ ਗਗਨ!
......ਹਿੰਮਤ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ: .........

5.

ਮਨ ਦਿਆਂ ਥੇਹਾਂ ਦੇ ਉੱਤੇ , ਮੋਮਬੱਤੀ ਧਰ ਦਿਆਂ
ਆਪਣੀ ਸ਼ਕਤੀ ਨੂੰ ਪਛਾਣੇਂ, ਐਸਾ ਚਾਨਣ ਕਰ ਦਿਆਂ
ਆ ਕਿ ਤੈਨੂੰ ਫੇਰ ਤੋਂ ਮੈਂ ਜੀਣ-ਜੋਗੀ ਕਰ ਦਿਆਂ

ਸੂਰਜ-ਗੋਲੇ ਨਾਲੋਂ ਤੋੜਾਂ ਕਿਰਨਾਂ ਦੀ ਕੋਈ ਡੋਰ ਮੈਂ
ਸਾਰੇ ਫੱਟ ਸਿਉਂ ਦਿਆਂ ਤੇਰੇ,ਕਰ ਦਿਆਂ ਨਵੀਂ ਨਕੋਰ ਮੈਂ
ਲਾਸਾਂ ਦੀਆਂ ਤਰਾਟਾਂ 'ਤੇ, ਬਰਫ਼ਾਂ ਦੇ ਫੈਹੇ ਧਰ ਦਿਆਂ
ਆ ਕਿ ਤੈਨੂੰ ਫੇਰ ਤੋਂ ਮੈਂ ਜੀਣ-ਜੋਗੀ ਕਰ ਦਿਆਂ

ਕੇਸਰ ਦਾ ਮਲ਼-ਮਲ਼ ਕੇ ਵਟਣਾ ਦਾਗ ਸਾਰੇ ਲਾਹ ਦਿਆਂ
ਤੇਰੇ ਆਤਮ-ਬਲ ਦਾ ਭਾਂਡਾ ਮਾਂਜ ਕੇ ਲਿਸ਼ਕਾ ਦਿਆਂ
ਜ਼ਾਲਿਮ ਅੱਗੇ ਅੜਨ ਦਾ ਕੋਈ ਐਸਾ ਮੰਤਰ ਪੜ੍ਹ ਦਿਆਂ
ਆ ਕਿ ਤੈਨੂੰ ਫੇਰ ਤੋਂ ਮੈਂ ਜੀਣ-ਜੋਗੀ ਕਰ ਦਿਆਂ!
......ਹਿੰਮਤ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......

6.
ਜਿਹੜੀ ਕਰਨੀ ਸੀ ਉਹਨਾਂ, ਉਹ ਕਰ ਚੁੱਕੇ
ਜਿਹੜਾ ਸਹਿਣਾ ਸੀ ਤੂੰ,ਉਹ ਤੂੰ ਸਹਿ ਚੁੱਕੀ
ਜਿਹੜੇ ਵਗਣੇ ਸੀ ਹੰਝੂ, ਉਹ ਵਗ ਚੁੱਕੇ
ਜਿਹੜੀ ਵਹਿਣੀ ਸੀ ਰੱਤ ਉਹ ਵਹਿ ਚੁੱਕੀ

ਟੁਕੜੇ ਜੋੜ ਲੈ, ਸਾਬਤ-ਸਬੂਤ ਹੋ ਜਾ
ਆਪਣੀ ਹੋਂਦ ਨੂੰ ਆਪ ਸੰਭਾਲ ਬੱਲੀਏ!
ਹੁਣ ਚੜ੍ਹ ਕੇ ਪੌੜੀ ਤੂੰ ਚੇਤਨਾ ਦੀ
ਆਪਣੀ ਦਿਸ਼ਾ ਨੂੰ ਆਪ ਲੈ ਭਾਲ ਬੱਲੀਏ!
ਅੱਜ ਝੰਡਾ ਬਣਾ ਚੁੰਨੀ ਆਪਣੀ ਨੂੰ
ਆਪਣੇ ਹੱਕ ਦੀ ਲਾਟ ਨੂੰ ਬਾਲ਼ ਬੱਲੀਏ!

ਆਪਣੀ ਖੁਸ਼ੀ ਦੀ ਖ਼ੁਦ ਪਹਿਰੇਦਾਰ ਬਣ ਜਾ
ਜ਼ਹਿਰ ਜ਼ਹਿਰ ਲਈ, ਪਿਆਰ ਲਈ ਪਿਆਰ ਬਣ ਜਾ
ਜ਼ਰਾ ਸੋਚਕੇ ਕਰੇ ਹੁਣ ਵਾਰ ਕੋਈ
ਨਿੱਕਲ ਚੁੱਕੀ ਮਿਆਨੋਂ ਤਲਵਾਰ ਬਣ ਜਾ!

......ਹਿੰਮਤ ਦੇਣ ਵਾਲੇ ਦਾ ਨਾਮ......
......ਸਿਰਨਾਵਾਂ......ਫੋਨ ਨੰ:......



ਸਫ਼ਰ ਦਾ ਇਕ ਹੋਰ ਪੜਾਅ ਹੈ, ਕਰਮਭੂਮੀ ਤੋਂ ਬਦਲੀ ਹੋ ਜਾਣਾ, ਜਿਸ ਵਿੱਚ ਪੁਰਾਣੇ ਸਾਥੀਆਂ ਨਾਲੋਂ ਟੁੱਟ ਜਾਣ ਦਾ ਰੰਜ ਹੁੰਦਾ ਹੈ। ਇਸ ਤੋਂ ਅਗਲਾ ਪੜਾਅ ਹੈ ਨੌਕਰੀ ਤੋਂ ਮੁਕਤ ਹੋ ਜਾਣਾ,ਜਿਹੜਾ ਕੁਝ ਲੋਕਾਂ ਨੂੰ ਨਿਰਾਸ਼ ਵੀ ਕਰ ਦਿੰਦੈ, ਇਹਨਾਂ ਪਲਾਂ ਦੀ ਅਹਿਮੀਅਤ ਦਾ ਅਹਿਸਾਸ ਉਹਨਾਂ ਅੰਦਰ ਨਵੀਂਆਂ ਤਰੰਗਾਂ ਛੇੜ ਸਕਦੈ!




## ਵਿਦਾਇਗੀ ਸਮਾਰੋਹ ਅਤੇ ਸੇਵਾਮੁਕਤੀ ਸਮੇਂ ਵਰਤਣ ਲਈ 'ਕਾਵਿਕ ਇਬਾਰਤਾਂ'

ਇਹ 'ਕਾਵਿਕ ਇਬਾਰਤਾਂ' ਤਬਦੀਲੀ ਜਾਂ ਸੇਵਾਮੁਕਤੀ ਦੇ ਵਿਦਾਇਗੀ ਸਮਾਰੋਹ ਵਿੱਚ ਪੜ੍ਹੀਆਂ ਜਾ ਸਕਦੀਆਂ ਹਨ ਤੇ ਕਿਸੇ ਮਿੱਤਰ ਪਿਆਰੇ ਨੂੰ ਚਿੱਠੀ ਵਿੱਚ ਲਿਖ ਕੇ,ਈਮੇਲ, ਮੋਬਾਈਲ ਸੁਨੇਹੇ ਜਾਂ ਕਿਸੇ ਸ਼ੋਸ਼ਲ ਸਾਈਟ ਰਾਹੀਂ ਵੀ ਭੇਜੀਆਂ ਜਾ ਸਕਦੀਆਂ ਹਨ ।

ਜੇ ਕਿਤੇ ਭੇਜਣੀਆਂ ਹੋਣ ਤਾਂ ਲੋੜ ਅਨੁਸਾਰ ਨਾਮ, ਸਿਰਨਾਵਾਂ, ਫੋਨ ਨੰ:, ਈਮੇਲ ਆਦਿ ਲਿਖ ਦਿੱਤੇ ਜਾਣ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



## ਸਹਿਕਰਮਣ ਜਾਂ ਸਖੀ ਦੀ ਵਿਦਾਇਗੀ ਮੌਕੇ:

ਇਸ ਵਿਹੜੇ 'ਚੋਂ ਜਾਂਦੀਏ ਅੜੀਏ!
ਹੱਥ 'ਚੋਂ ਹੱਥ ਛੁਡਾਂਦੀਏ ਅੜੀਏ!
ਕਿੰਜ ਭੁੱਲਾਂਗੇ ਪਿਆਰ ਨੂੰ ਤੇਰੇ
ਦਰਦ-ਵਿਛੋੜਾ ਪਾਂਦੀਏ ਅੜੀਏ!
ਤੂੰ ਗੁੰਮ ਚੁੱਕਿਆ ਮੋਤੀ ਲੱਗਣੈਂ
ਦੂਰ ਚਲੀ ਗਈ ਜੋਤੀ ਲੱਗਣੈਂ!
ਸੁਫ਼ਨੇ ਵਿੱਚ ਜਦ ਆਵੇਂਗੀ ਤਾਂ
ਨੇੜੇ ਈ ਖੜ੍ਹੀ-ਖੜੋਤੀ ਲੱਗਣੈਂ!
ਸਾਨੂੰ ਕਿਤੇ ਵਿਸਾਰ ਨਾ ਛੱਡੀਂ
ਮੋਹ ਦੀ ਕੁੰਜ ਉਤਾਰ ਨਾ ਛੱਡੀਂ!
ਕਦੀ ਕਦੀ ਮਿਲਣੇ ਨੂੰ ਆ ਜਾਈਂ
ਜਜ਼ਬਾਤਾਂ ਨੂੰ ਠਾਰ ਨਾ ਛੱਡੀਂ !
ਰਾਹਾਂ ਅੰਦਰ ਵਿਛੇ ਮਿਲਾਂਗੇ!
ਟਾਹਣੀ ਵਾਂਗਰ ਲਿਫੇ ਮਿਲਾਂਗੇ!
ਅੱਧੀ ਰਾਤੀਂ ਚੰਦ ਚੜ੍ਹ ਜਾਣਾ
ਹੁਣ ਆਪਾਂ ਜਦ ਕਿਤੇ ਮਿਲਾਂਗੇ!

## ਸਹਿ-ਕਰਮੀ ਜਾਂ ਮਿੱਤਰ ਦੀ ਵਿਦਾਇਗੀ ਵੇਲੇ:

ਜਾਣ ਵਾਲਿਆ ਮਿੱਤਰ ਪਿਆਰਿਆ ਵੇ!
ਕੇਹਾ ਸੱਲ ਵਿਛੋੜੇ ਦਾ ਲਾ ਚੱਲਿਉਂ!
ਵਕਤ ਹਾਸਿਆਂ ਵਿੱਚ ਗੁਜ਼ਾਰਦੇ ਸਾਂ
ਸਾਨੂੰ ਹੰਝੂਆਂ ਦੇ ਵੱਸ ਪਾ ਚੱਲਿਉਂ!
ਗੱਲ ਗੱਲ 'ਤੇ ਕਰਾਂਗੇ ਯਾਦ ਤੈਨੂੰ
ਐਸੇ ਮੋਹ ਦੇ ਤੀਰ ਚਲਾ ਚੱਲਿਉਂ !
ਗੋਰੇ ਰੰਗ ਵਰਗੀ,ਖਿੜੇ ਚੰਦ ਵਰਗੀ
ਦਿਲਾਂ ਵਿੱਚ ਤਸਵੀਰ ਜੜਾ ਚੱਲਿਉਂ!
ਕਦੀ ਮਿਲਣਾ ਤੇ ਕਦੀ ਜੁਦਾ ਹੋਣਾ
ਇਹ ਜ਼ਮਾਨੇ ਦੇ ਮੁੱਢੋਂ ਦਸਤੂਰ ਵੀਰਾ!
ਕਿਹਦਾ ਦਿਲ ਕਰਦਾ ਅੱਡ ਹੋਣ ਤਾਈਂ
ਹੋਣਾ ਪੈਂਦਾ ਹੈ,ਹੋ ਕੇ ਮਜਬੂਰ ਵੀਰਾ!
ਸੁਖੀ ਵਸੇਂ! ਤੇ ਕਰੇਂ ਤਰੱਕੀਆਂ ਤੂੰ
ਰੰਗ ਜ਼ਿੰਦਗੀ ਦੇ ਸਾਰੇ ਮਾਣਦਾ ਰਹੀਂ!
ਕਦੇ ਕਦੇ ਪਰ ਪਿਛੇ ਨੂੰ ਮਾਰ ਝਾਤੀ
ਸਾਡੇ ਪਿਆਰ ਦੀ ਕਦਰ ਪਛਾਣਦਾ ਰਹੀਂ !



## ਉੱਚ-ਅਧਿਕਾਰੀ ਦੇ ਵਿਦਾਇਗੀ ਸਮਾਰੋਹ ਸਮੇਂ:

ਪਾ ਕੇ ਸਾਂਝਾਂ ਗੂੜ੍ਹੀਆਂ ਹੁਣ ਤੁਰ ਚੱਲੇ ਹੋ
ਯਾਦ ਤੁਹਾਡੀ ਸਦਾ ਹੀ ਤੜਪਾਉਂਦੀ ਰਹੇਗੀ
ਆਪਣਿਆਂ ਦੇ ਵਾਂਗਰਾਂ ਵਰਤੇ ਸਦਾ ਹੀ
ਰਹਿਨੁਮਾਈ ਚੇਤੇ ਇਹ ਆਉਂਦੀ ਰਹੇਗੀ
ਪਾਈਆਂ ਪੈੜਾਂ ਜਿਹੜੀਆਂ ,ਉਨ੍ਹਾਂ ਤੋਂ ਸਦਕੇ
ਝਲਕ ਤੁਹਾਡੀ ਏਥੇ ਝਿਲਮਿਲਾਉਂਦੀ ਰਹੇਗੀ
ਬਾਲ਼ੇ ਦੀਵੇ ਜਿਹੜੇ ਉਹ ਬੁਝਣੇ ਕਦੀ ਨਾ
ਲੋਅ ਉਹਨਾਂ ਦੀ ਰਾਹਾਂ ਨੂੰ ਰੁਸ਼ਨਾਉਂਦੀ ਰਹੇਗੀ
ਵੰਡੀਆਂ ਖ਼ੁਸ਼ੀਆਂ ਜਿਹੜੀਆਂ ਉਹਨਾਂ ਦੇ ਨਗ਼ਮੇ
ਏਸ ਦਫ਼ਤਰ ਦੀ ਫਿਜ਼ਾ ਗਾਉਂਦੀ ਰਹੇਗੀ
ਬੀਜ ਚੱਲੇ ਹੋ ਜਿਹੜੀ ਫੁੱਲਾਂ ਦੀ ਖੇਤੀ
ਮਹਿਕ ਉਸ ਵਿਚੋਂ ਸਦਾ ਆਉਂਦੀ ਰਹੇਗੀ!

# ਸੇਵਾ-ਮੁਕਤੀ 'ਤੇ:

1.
ਮੁਕਤੀ ਹੋ ਗਈ ਕਾਹਲੇ ਰੁਝੇਂਵਿਆਂ ਤੋਂ
ਅਮਨ ਨਾਲ ਜਿਉਣ ਦੀ ਰੁੱਤ ਆਈ
ਅਲਵਿਦਾ ਕਹਿ ਕੇ ਭੱਜ-ਦੌੜ ਨੂੰ ਹੁਣ
ਚੈਨ-ਬੰਸੀ ਵਜਾਉਣ ਦੀ ਰੁੱਤ ਆਈ
ਯਾਦਾਂ ਦਿਆਂ ਸੰਦੂਕਾਂ ਦਾ ਖੋਲ੍ਹ ਢੱਕਣ
ਸੁੱਤੀਆਂ ਸਾਂਝਾਂ ਜਗਾਉਣ ਦੀ ਰੁੱਤ ਆਈ
ਰੁੱਸੇ-ਵਿਛੜੇ ਸਾਕ ਮਨਾਉਣ ਦੇ ਲਈ
ਬੀਤੇ ਵਾਅਦੇ ਪੁਗਾਉਣ ਦੀ ਰੁੱਤ ਆਈ
ਫ਼ਰਜ਼ ਲਈ ਜਿਸ'ਖੁਦ'ਨੂੰ ਵਿਸਾਰਿਆ ਸੀ
ਉਹਨੂੰ ਕੋਲ ਬਿਠਾਉਣ ਦੀ ਰੁੱਤ ਆਈ
ਰਾਤਾਂ ਵਿਚੋਂ ਜਿਸ ਨੀਂਦ ਨੂੰ ਟਾਲਿਆ ਸੀ
ਉਹਦੇ ਨਾਜ਼ ਉਠਾਉਣ ਦੀ ਰੁੱਤ ਆਈ
ਮਨ ਦੀਆਂ ਉਦਾਸ ਕਿਆਰੀਆਂ ਵਿੱਚ
ਸੂਰਜਮੁਖੀ ਉਗਾਉਣ ਦੀ ਰੁੱਤ ਆਈ
ਖਿੜਦੇ ਰਹਿਣ ਫੁੱਲ ਸਦਾ ਖੁਸ਼ਹਾਲੀਆਂ ਦੇ
ਫੁੱਲਦਾਨ ਸਜਾਉਣ ਦੀ ਰੁੱਤ ਆਈ!



2.
ਆ ਗਏ ਨੇ ਦਿਨ ਹੁਣ, ਖੁੱਲ੍ਹੀਆਂ ਫ਼ਿਜ਼ਾਵਾਂ ਵਰਗੇ
ਭੀੜੀ ਗਲੀ'ਚੋਂ ਨਿਕਲੀਆਂ,ਮੋਕਲੀਆਂ ਰਾਹਵਾਂ ਵਰਗੇ
ਟੁੱਟ ਗਏ ਨੇ ਹੁਣ ਸਾਰੇ ਪਾਬੰਦੀਆਂ ਦੇ ਸੰਗਲ
ਮਨ-ਮਰਜ਼ੀ ਦਾ ਸੌਣ-ਜਾਗਣ , ਸੌਖੇ ਸਾਹਵਾਂ ਵਰਗੇ
ਨਾ ਛੁੱਟੀ ਦੀ ਲੋੜ, ਨਾ ਹੀ ਕੋਈ ਸਖਤ ਡਿਊਟੀ
ਮਸਤੀਆਂ ਦੇ ਰੰਗ ਵਿੱਚ ਡੁੱਬੀਆਂ ਨਿਗਾਹਵਾਂ ਵਰਗੇ
ਨਾ ਸਿਰ'ਤੇ ਤਪਦਾ ਸੂਰਜ ਤੇ ਨਾ ਤਿੱਖੀਆਂ ਦੁਪਹਿਰਾਂ
ਪਿਆਸੇ ਅੰਬਰਾਂ 'ਤੇ ਛਾਈਆਂ ਘਟਾਵਾਂ ਵਰਗੇ
ਠੁਰ-ਠੁਰ ਕਰਦੇ ਮੌਸਮਾਂ ਵਿੱਚ ਧੁੱਪੇ ਜਾ ਕੇ ਬਹਿਣਾ
ਮੂੰਗਫਲੀਆਂ ਖਾਣ ਦੇ, ਗੱਚਕ ਦੇ ਚਾਅਵਾਂ ਵਰਗੇ
ਨਿੱਕੇ ਨਿੱਕੇ ਬਾਲਾਂ ਦੇ ਸੰਗ, ਬਾਲ ਹੋ ਕੇ ਰਹਿਣਾ
ਤੋਤਲੇ ਬੁੱਲ੍ਹਾਂ ਦੀਆਂ ਮਿੱਠੀਆਂ ਅਦਾਵਾਂ ਵਰਗੇ
ਬਹੁਤ ਕੀਤਾ ਕੰਮ, ਹੁਣ ਆਰਾਮ ਦੇ ਦਿਨ ਆਏ
ਪਿੱਪਲ ਦੀ ਪੀਂਘ ਵਰਗੇ, ਬੋਹੜ ਦੀਆਂ ਛਾਵਾਂ ਵਰਗੇ
ਕਦੀ ਕਦੀ ਸਾਨੂੰ ਪਰ ਯਾਦ ਕਰਦੇ ਰਹਿਣਾ
ਹੁੰਦੇ ਸੀ ਕੋਈ ਮਿੱਤਰ ਸੁੱਚੀਆਂ ਦੁਆਵਾਂ ਵਰਗੇ!

# ਵਿਦਾਇਗੀ ਸਮਾਗਮ ਲਈ ਟੱਪੇ

ਕਣਕਾਂ ਦਾ ਦਾਣਾ ਏ!
ਮਿਲ ਕੇ ਵਿਛੜ ਜਾਣਾ, ਦਸਤੂਰ ਪੁਰਾਣਾ ਏ!

ਤੇਰੀ ਮੱਠੀ ਮੱਠੀ ਲੋਅ ਵੀਰਾ!
ਹਾਸਿਆਂ'ਚੋਂ ਫੁੱਲ ਕਿਰਦੇ, ਫੁੱਲਾਂ ਵਿੱਚੋਂ ਖ਼ੁਸ਼ਬੋ ਵੀਰਾ!

ਤੇਰਾ ਮਿੱਠੜਾ ਸੁਭਾਅ ਭੈਣੇਂ!
ਜਦੋਂ ਨੇੜੇ-ਨੇੜੇ ਬੈਠਦੀ, ਸਾਨੂੰ ਚੜ੍ਹਦਾ ਸੀ ਚਾਅ ਭੈਣੇਂ!

ਰੂਹ ਦੀਦ ਦੀ ਪਿਆਸੀ ਏ!
ਤੁਸਾਂ ਹੁਣ ਤੁਰ ਜਾਣਾ, ਛਾਈ ਮਨ 'ਤੇ ਉਦਾਸੀ ਏ!

ਦਿਨ ਰਹਿ ਗਏ ਥੋੜ੍ਹੇ ਨੇ!
ਮਿਲਦੇ ਸਾਂ ਹੱਸ-ਹੱਸ ਕੇ, ਪੈਂਦੇ ਰੋ ਕੇ ਵਿਛੋੜੇ ਨੇ!

ਤੁਸੀਂ ਸਾਨੂੰ ਨਾ ਭੁਲਾ ਜਾਣਾ!
ਅੱਖਾਂ 'ਚ ਉਡੀਕਾਂ ਰਹਿਣੀਆਂ, ਕਦੀ ਮਿਲਣੇ ਨੂੰ ਆ ਜਾਣਾ!

ਅੰਬੀਆਂ ਨੂੰ ਬੂਰ ਪਿਆ!
ਲੈ ਜਾ ਪੱਲੇ ਪਿਆਰ ਬੰਨ੍ਹ ਕੇ, ਵੇ ਮੁਸਾਫ਼ਿਰ ਦੂਰ ਦਿਆ!

ਇਹ ਦੁਆਵਾਂ ਲੱਖਾਂ ਨੇ!
ਜਿੱਥੇ ਵਸੇਂ ਸੁਖੀ ਤੂੰ ਵਸੇਂ! ਤੈਨੂੰ ਰੱਬ ਦੀਆਂ ਰੱਖਾਂ ਨੇ!



ਸਜਦਾ ਉਹਨਾਂ ਸਮਿਆਂ ਨੂੰ ਵੀ ਕਰਨਾ ਹੈ, ਜਿਹੜੇ ਉਮਰ ਦੇ ਪਾਟਦੇ ਜਾਂਦੇ ਚੋਲ਼ੇ ਨੂੰ ਰੇਸ਼ਮੀ ਧਾਗਿਆਂ ਨਾਲ ਸਿਊਂ ਦਿੰਦੇ ਨੇ ਤੇ ਜ਼ਿੰਦਗੀ ਹੋਰ ਹੁਸਨਵੰਦ, ਹੋਰ ਜਿਉਣ-ਜੋਗੀ ਹੋ ਜਾਂਦੀ ਹੈ, ਕਿੰਨੇ ਹੀ ਤੀਜ ਤਿਉਹਾਰ, ਜਿਹੜੇ ਜੇ ਨਾ ਹੁੰਦੇ ਤਾਂ ਜ਼ਿੰਦਗੀ ਬਿਨਾਂ ਚਾਸ਼ਨੀ ਦੀ ਜਲੇਬੀ ਵਾਂਗ ਹੁੰਦੀ!



## ਦੀਵਾਲੀ, ਹੋਲੀ, ਲੋਹੜੀ, ਨਵੇਂ ਵਰ੍ਹੇ ਲਈ 'ਸ਼ੁਭ-ਇਛਾਵਾਂ' ਅਤੇ ਸ਼ੁਭ-ਇਛਾਵਾਂ ਭੇਜਣ ਵਾਲਿਆਂ ਦਾ 'ਸ਼ੁਕਰੀਆ'

ਇਹ 'ਸ਼ੁਭ-ਇਛਾਵਾਂ' ਚਿੱਠੀ ਵਿੱਚ ਜਾਂ ਕਾਰਡ ਉੱਤੇ ਛਪਵਾ ਕੇ ਘੱਲੀਆਂ ਜਾ ਸਕਦੀਆਂ ਹਨ,ਕਿਸੇ ਜਸ਼ਨ ਵਿੱਚ ਪੜ੍ਹੀਆਂ ਜਾ ਸਕਦੀਆਂ ਹਨ ਤੇ ਈਮੇਲ,ਮੋਬਾਈਲ ਸੁਨੇਹੇ ਜਾਂ ਕਿਸੇ ਸ਼ੋਸ਼ਲ ਸਾਈਟ ਰਾਹੀਂ ਵੀ ਭੇਜੀਆਂ ਜਾ ਸਕਦੀਆਂ ਹਨ।ਜਿਹਨਾਂ ਨੇ ਸ਼ੁਭ-ਇਛਾਵਾਂ ਭੇਜੀਆਂ ਹੋਣ,ਉਹਨਾਂ ਨੂੰ ਵੀ 'ਸ਼ੁਕਰੀਆ' ਦੀਆਂ ਇਹ ਇਬਾਰਤਾਂ ਘੱਲੀਆਂ ਜਾ ਸਕਦੀਆਂ ਹਨ।

ਖਾਲੀ ਥਾਂ 'ਤੇ ਨਾਮ, ਸਿਰਨਾਵਾਂ, ਫੋਨ ਨੰ:, ਈਮੇਲ ਆਦਿ ਭਰ ਲਏ ਜਾਣ।

ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



# ਦੀਵਾਲੀ

1.
ਹੋਵੇ ਮੁਬਾਰਕ ਸਭ ਨੂੰ ਚਾਨਣ ਦਾ ਇਹ ਤਿਉਹਾਰ
ਹਰ ਤਰਫ ਜਗਮਗਾਉਂਦੇ ਲੜੀਆਂ ਦੇ ਰਾਣੀਹਾਰ
ਵੱਜੇ ਰਬਾਬ ਕੋਈ, ਮਨ ਦੀ ਸਰਾਂ ਦੇ ਅੰਦਰ
ਰੂਹ ਦੇ ਬਨੇਰੇ ਲਹਿ ਜਾਏ,ਕੋਈ ਦੀਵਿਆਂ ਦੀ ਡਾਰ!

ਦੀਵਾਲੀ ਅਤੇ ਬੰਦੀ-ਛੋੜ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ! ਹਨ੍ਹੇਰਾ ਕਿੰਨਾ ਵੀ ਗੂੜ੍ਹਾ ਤੇ ਗਾੜ੍ਹਾ ਹੋਵੇ, ਪਰ ਆਸਾਂ-ਉਮੀਦਾਂ ਦੇ ਜੁਗਨੂੰ ਹਮੇਸ਼ਾ ਟਿਮਟਿਮਾਉਂਦੇ ਰਹਿਣ!
ਇਹੋ ਜਿਹੀਆਂ ਹਜ਼ਾਰਾਂ ਸ਼ੁਭਕਾਮਨਾਵਾਂ ਨਾਲ,
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

2.
ਲਾਹ ਕੇ ਨ੍ਹੇਰਿਆਂ ਦੀ ਚਾਦਰ,
ਮਨ ਦੀ ਮਮਟੀ ਉਤੋਂ ਦੇਖ
ਦੇਖ ਕਿੰਨੇ ਦੀਵੇ ਬਲਦੇ
ਨੀਲਿਆਂ ਛਤਰਾਂ ਦੇ ਹੇਠ!

ਦੀਵਿਆਂ ਦੇ ਇਸ ਤਿਉਹਾਰ 'ਤੇ ਦੁਆ ਹੈ ਕਿ ਹਰ ਅੰਨ੍ਹੇ ਮੋੜ 'ਤੇ ਚਾਨਣ ਦੀ ਕੋਈ ਕਾਤਰ ਆਪ ਦੀ ਨਿਗਾਹਬਾਨ ਹੋਵੇ ਤੇ ਕਿਸੇ ਛਿਲਤਰ ਦੀ ਟੀਸ ਤੁਹਾਡੀ ਰੂਹ ਦੀ ਕੋਮਲਤਾ ਨੂੰ ਬੇਚੈਨ ਨਾ ਕਰੇ!
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

3.

ਹਰ ਰਾਤ 'ਚ ਘੁਲ ਜਾਏ ਦੀਵਾਲੀ ਦਾ ਰੰਗ
ਕੋਈ ਚਾਨਣ ਰਹੇ, ਤੇਰੇ ਸਾਹਾਂ ਦੇ ਸੰਗ
ਤੇਰੇ ਰਾਹਾਂ ਵਿਚੋਂ, ਨ੍ਹੇਰਾ ਦੂਰ ਹੋ ਜਾਏ
ਦੀਵਾ ਜਗੇ , ਮੱਥਾ ਨੂਰੋ-ਨੂਰ ਹੋ ਜਾਏ!

ਆਪ ਨੂੰ ਤੇ ਸਾਰੇ ਪਰਿਵਾਰ ਨੂੰ ਦੀਵਾਲੀ ਦੀ ਬਹੁਤ ਬਹੁਤ ਵਧਾਈ!ਰੱਬ ਕਰੇ ਕਿ ਕੋਈ ਹਨ੍ਹੇਰਾ ਪੈਰਾਂ ਦੀ ਤਿਲ੍ਹਕਣ ਨਾ ਬਣੇ ਤੇ ਤੁਹਾਡੇ ਹਿੱਸੇ ਦਾ ਚਾਨਣ ਕਦੀ ਵੀ ਚੂਪਿਆ ਨਾ ਜਾਵੇ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

4.

ਹੋਵੇ ਮੁਬਾਰਕ , ਖੇੜਿਆਂ ਚਾਅਵਾਂ ਦਾ ਕਾਫ਼ਿਲਾ
ਰੌਸ਼ਨੀ ਵਿੱਚ ਚਮਕਦੇ ਰਾਹਵਾਂ ਦਾ ਕਾਫ਼ਿਲਾ
ਰਾਤ ਇਹ,ਤੇਰੀ ਹਰੇਕ ਰਾਤ ਵਿੱਚ ਜਗਦੀ ਰਹੇ
ਭੇਜਦੀ ਹਾਂ ਅੱਜ ਦੁਆਵਾਂ ਦਾ ਕਾਫ਼ਿਲਾ!

ਕਰਮਾਂ ਵਾਲੇ ਹੁੰਦੇ ਨੇ ਉਹ ਪਲ,ਜਦੋਂ ਸਿਆਹ-ਕਾਲੀ ਰਾਤੜੀ ਦੇ ਮੱਥੇ ਉੱਤੇ ਰੌਸ਼ਨ-ਇਬਾਰਤ ਲਿਖੀ ਜਾਂਦੀ ਐ ..ਇਹ ਪਲ ਮੁਬਾਰਕ ਹੋਣ .. ਤੁਹਾਡੀ ਹਰ ਰਾਤ ਚਾਨਣੀਆਂ ਦੇ ਸਰੋਵਰ ਵਿੱਚ ਨਾਹਵੇ..ਰੱਜ ਰੱਜ ਦੀਵਾਲੀਆਂ ਮਾਣੋ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



5.

ਦੀਵੇ ਦੀਵਾਲੀ ਦੇ ਹੋਵਣ ਮੁਬਾਰਕ ਲੱਖ ਵਾਰੀ
ਇੱਕ ਦੀਵਾ ਦਿਲ ਦਾ ਜਗਾਓ ਤਾਂ ਕੋਈ ਗੱਲ ਵੀ ਹੈ
ਭੁੱਲ ਨਾਕਾਮੀਆਂ , ਵਗੋਚੇ ਅਤੇ ਤਲਖੀਆਂ
ਅਨਾਰਾਂ ਵਾਂਗ ਖਿੜਖਿੜਾਓ ਤਾਂ ਕੋਈ ਗੱਲ ਵੀ ਹੈ
ਨਾਲ ਦੇ ਘਰ ਦੇ ਵਿੱਚ ਹਨ੍ਹੇਰੇ ਦਾ ਜੇ ਪਹਿਰਾ ਹੈ
ਰੌਸ਼ਨੀ ਉਥੇ ਲਿਜਾਓ ਤਾਂ ਕੋਈ ਗੱਲ ਵੀ ਹੈ
ਪਿੰਡ ਦੀ ਸਰਦਲ'ਤੇ ਕੋਈ ਆਸ ਵਾਜਾਂ ਮਾਰ ਰਹੀ
ਮੁੜ ਕੇ ਵਤਨ ਨੂੰ ਆਓ ਤਾਂ ਕੋਈ ਗੱਲ ਵੀ ਹੈ
ਹਰ ਪਾਸੇ ਖਿੜਨ ਖੁਸ਼ੀਆਂ ਦੀਆਂ ਹੀ ਫੁੱਲਝੜੀਆਂ
ਪਟਾਖੇ ਏਦਾਂ ਚਲਾਓ ਤਾਂ ਕੋਈ ਗੱਲ ਵੀ ਹੈ!

ਇਸ ਚਾਨਣ-ਭਿੰਨੀ ਰੈਣ ਦੀ ਆਪ ਸਭ ਨੂੰ ਬਹੁਤ ਬਹੁਤ ਵਧਾਈ...ਕਾਸ਼!ਇਨਸਾਨ ਦੇ ਜੀਵਨ ਤੇ ਸਮਾਜ ਵਿੱਚ ਉਜਾਲਿਆਂ ਦਾ ਵਸੇਬਾ ਹੋ ਜਾਏ,ਹਰ ਰਾਤ ਦੀਵਾਲੀ ਵਾਂਗ ਗੁਜ਼ਰੇ ਤੇ ਹਰ ਜ਼ਿੰਦੜੀ ਦੁਸ਼ਵਾਰ ਘਾਟੀਆਂ ਵਿਚੋਂ ਨਿੱਕਲ ਕੇ ਮਟਕ-ਚਾਲ ਤੁਰਨ ਲੱਗੇ !

ਸਰਬੱਤ ਲਈ ਬੇਅੰਤ ਖੁਸ਼ੀਆਂ ਦੀ ਕਾਮਨਾ ਕਰਦੇ ਹੋਏ,
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

## ਲੋਹੜੀ

1.
ਮਿੱਠਤ ਜੋ ਵੰਡੇ ਨਜ਼ਾਰਾ ਬਣੀਂ
ਧੂਣੀ ਦਾ ਮਘਦਾ ਅੰਗਾਰਾ ਬਣੀਂ
ਪੂਰੀ ਹੋਵੇ ਰੀਝ ਮਾਪਿਆਂ ਦੀ
ਚੰਦ ਬਣੀਂ ! ਸਿਤਾਰਾ ਬਣੀਂ !

ਨਿੱਕੇ ਜਿਹੇ ਸ਼ਹਿਜ਼ਾਦੇ/ਸ਼ਹਿਜ਼ਾਦੀ...(ਜਿਸ ਬੱਚੇ ਦੀ ਲੋਹੜੀ ਹੈ ਉਸਦਾ ਨਾਂ)... ਨੂੰ ਅਸੀਸਾਂ,ਜਿਹਦੇ ਕਰਕੇ ਇਹ ਰਿਉੜੀਆਂ-ਗੱਚਕਾਂ ਵਾਲੀ ਸੰਗੀਤਮਈ ਸ਼ਾਮ ਆਈ ਹੈ,ਸੱਚਾ ਪਾਤਸ਼ਾਹ ਕਰੇ ਕਿ ਹੱਡ-ਚੀਰਵੇਂ ਸਿਆਲਾਂ ਵਿੱਚ ਧੁੱਪ ਦਾ ਕੋਈ ਟੋਟਾ ਹਮੇਸ਼ਾ ਇਹਦੀ ਬੁੱਕਲ ਦਾ ਨਿਘਾਸ ਬਣਿਆ ਰਹੇ !
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

2.
ਸੁੰਦਰ-ਮੁੰਦਰੀ ਗਾਉਂਦਾ ਬਣ ਜਾਈਂ ਦੁੱਲਾ ਸ਼ੇਰ
ਲੋਹੜੀ ਵਾਂਗਰ ਬਲ਼ ਪਵੀਂ,ਜਿੱਥੇ ਦਿਸੇ ਹਨ੍ਹੇਰ
ਤੇਰੇ ਕਰਕੇ ਜ਼ੁਲਮ ਦੀ ਖੁੰਢੀ ਹੋਏ ਤਲਵਾਰ
ਤੇਰੇ ਕਰਕੇ ਉੱਤਰੇ ਕੁੱਲੀਆਂ ਵਿੱਚ ਸਵੇਰ !

ਪਿਆਰੇ ਬੱਚੇ......(ਜਿਸ ਬੱਚੇ ਦੀ ਲੋਹੜੀ ਹੈ ਉਸਦਾ ਨਾਂ)... ...ਤੇ ਸਾਰੇ ਪਰਿਵਾਰ ਨੂੰ ਇਸ ਖ਼ੁਸ਼ਨਸੀਬ ਘੜੀ ਦੀ ਵਧਾਈ ਦਿੰਦੇ ਹੋਏ ਕਾਮਨਾ ਕਰਦੇ ਹਾਂ ਕਿ ਨਿੱਕੇ-ਨਿੱਕੇ ਸਗਲਿਆਂ ਵਾਲਾ ਇਹ ਬਾਲ ਇਕ ਦਿਨ ਵੱਡੀਆਂ ਉਲਾਂਘਾਂ ਪੁੱਟੇ, ਨੇਕ ਕਾਰਜ ਕਰਕੇ ਸਬਾਬ ਖੱਟੇ ਤੇ ਆਪਣੇ ਖਾਨਦਾਨ ਦਾ ਨਾਂ ਤਵਾਰੀਖ ਦੇ ਮੀਲ-ਪੱਥਰਾਂ 'ਤੇ ਖੁਣ ਦੇਵੇ !
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



3.
ਬਹੁਤ ਮੁਬਾਰਕ ! ਲੋਹੜੀ ਕਰਮਾਂ ਵਾਲੜਿਆਂ ਦੇ ਆਵੇ
ਗੁੜ ਵਰਗੇ ਗੀਤਾਂ ਦੀ ਖ਼ੁਸ਼ਬੋ, ਪਲ ਪਲ ਨੂੰ ਮਹਿਕਾਵੇ
ਤੇਰੀ ਹਸਤੀ ਠਾਰ ਨਾ ਸਕਣ ਤਿਖੀਆਂ ਸਰਦ-ਹਵਾਵਾਂ
ਸੇਕਾਂ ਦਾ ਵਣਜਾਰਾ ਏਦਾਂ ਤਨ-ਤੰਦੂਰ ਨੂੰ ਤਾਅਵੇ !

ਕਦੀ ਕਦੀ ਹੀ ਇਹੋ ਜਿਹੀ ਚਨੁੱਕਰੀ ਸ਼ਾਮ ਆਉਂਦੀ ਹੈ,ਜਿਹੜੀ ਇਸ ਅਦਾ ਨਾਲ ਡੂੰਘੀ ਲਹਿੰਦੀ ਹੈ ਕਿ ਲਹੂ ਵਿੱਚ ਜੰਮਦੀ ਜਾਂਦੀ ਬਰਫ਼ ਨੂੰ ਪੰਘਰਾ ਕੇ ਦਰਿਆ ਦੀ ਰਵਾਨੀ ਬਖਸ਼ ਦਿੰਦੀ ਹੈ,ਇਹੋ ਜਿਹੀ ਸੇਕ-ਮੱਤੀ ਸ਼ਾਮ ਨੂੰ ਖ਼ੁਸ਼ਆਮਦੀਦ !
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

4.
ਹੋਣ ਕਰਮਾਂ 'ਚ ਗੁੜ ਦੀਆਂ ਰੋੜੀਆਂ
ਮਿੱਠੇ ਬੋਲਾਂ ਦੀਆਂ ਵੰਡਿਓ ਰਿਉੜੀਆਂ
ਬਹੁਤੇ ਸੁੱਖ ਆਉਣ ਹਿੱਸੇ, ਪੀੜਾਂ ਥੋੜ੍ਹੀਆਂ
ਨਿੱਤ ਨਿੱਤ ਤੁਸੀਂ ਮਾਣਿਓ ਵੇ ! ਲੋਹੜੀਆਂ !

ਲੋਹੜੀ-ਦਿਵਸ ਦੀ ਬਹੁਤ ਬਹੁਤ ਵਧਾਈ ਹੋਵੇ, ਏਹੋ ਚਾਹਤ ਹੈ ਕਿ ਸੰਧਿਆ ਦੀ ਸੱਥ ਵਿੱਚ ਬੁਲੰਦ ਚਿੰਤਨ ਦੀ ਕਾਂਗੜੀ ਹਮੇਸ਼ਾ ਆਪ ਨੂੰ ਨਿੱਘੇ ਅਨੁਭਵਾਂ ਦੇ ਹਾਣ ਕਰੇ !ਮੱਕੀ ਦੇ ਕੱਚੇ ਦੋਧਿਆਂ ਵਰਗੇ ਮਿੱਠੇ ਜਜ਼ਬਾਤਾਂ ਸਹਿਤ,
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

5.
ਮੁਸਕਾਨ ਦੀ ਕੋਈ ਲੋਅ ਜਿਹੀ ਚਿਹਰੇ 'ਤੇ ਬਾਲ਼ ਰੱਖੀਂ
ਅੰਦੇਸਿਆਂ ਦੇ ਸੀਤ ਨੂੰ ਸੋਚਾਂ 'ਚੋਂ ਟਾਲ਼ ਰੱਖੀਂ
ਸੁੰਨ ਲੈ ਕੇ ਪੋਹ ਦੀ, ਮਾਘ ਦੀ ਭੱਜੀ ਹੈ ਆਉਂਦੀ ਸ਼ਾਮ
ਨਜ਼ਮਾਂ ਦੀ , ਗ਼ਜ਼ਲਾਂ ਦੀ ਕਿਸੇ, ਧੂਣੀ ਨੂੰ ਬਾਲ਼ ਰੱਖੀਂ!

ਮਘਦੀ ਲੋਹੜੀ ਦਾ ਨਿੱਘ ਮਾਨਣ ਵਾਲੇ ਸਾਰੇ ਦੋਸਤਾਂ-ਮਿੱਤਰਾਂ ਨੂੰ ਸ਼ੁਭ-ਇਛਾਵਾਂ,ਖੁਦਾ ਕਰੇ ਕਿ ਇਹ ਨਿੱਘ ਸਾਰੇ ਕੱਲਰ-ਕਿਆਰਿਆਂ ਵਿੱਚ ਬੀਜਿਆ ਜਾਵੇ ਤੇ ਕੋਈ ਅੱਥਰੀ ਧੁੰਦ ਸਫ਼ਰ ਦੀਆਂ ਅੱਖਾਂ ਵਿੱਚ ਮੋਤੀਆਬਿੰਦ ਬਣ ਕੇ ਨਾ ਲਹੇ !

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



# ਹੋਲੀ

1.
ਰਾਤਾਂ ਮੱਥੇ ਚੰਨ ਦਾ ਟਿੱਕਾ, ਧੁੱਪੀਂ ਖਿੜੇ ਸਵੇਰ
ਹੋਲੀ ਦਾ ਦਿਨ ਲੈ ਕੇ ਆਵੇ, ਰੰਗਾਂ ਭਰੀ ਚੰਗੇਰ
ਰੰਗੇ ਜਾਣ ਨਸੀਬ ਤੇਰੇ ਤੇ ਰੰਗੇ ਜਾਵਣ ਖ਼ਾਬ
ਹੋਲੀ ਦੀ ਸਰਦਲ 'ਤੇ ਖੁੱਲ੍ਹੇ, ਰੰਗਾਂ ਭਰੀ ਕਿਤਾਬ!

ਰੰਗਾਂ ਦਾ ਇਹ ਉਤਸਵ ਵਕਤ ਦੀਆਂ ਦਿੱਤੀਆਂ ਸਾਰੀਆਂ ਪਿਲੱਤਣਾਂ ਨੂੰ ਮਿਟਾ ਦੇਵੇ, ਇਹ ਰੰਗ ਕੋਈ ਐਸਾ ਤਲਿਸਮ ਸਿਰਜਣ ਕਿ ਆਪ ਪੱਤਝੜ ਦੀਆਂ ਬੇਨਿਆਜ਼ੀਆਂ ਵਿੱਚ ਵੀ ਗੁਲਮੋਹਰ ਵਾਂਗ ਖਿੜੇ ਰਹੋ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

2.
ਤੱਕਣੇ ਜੇ ਸੱਤੇ ਰੰਗ ਤੂੰ , ਪਾਣੀ ਦੇ ਰੰਗ 'ਚੋਂ
ਸਿੱਲ੍ਹੀ ਤਲੀ 'ਤੇ , ਰੇਸ਼ਮੀ, ਕੋਈ ਰੁਮਾਲ ਰੱਖੀਂ
ਤੇਰੇ ਲਈ ਹੀ ਰੰਗ ਹੈ, ਖ਼ੁਸ਼ਬੂ ਹੈ , ਨੂਰ ਹੈ
ਹਰ ਇਕ ਲਈ ਸੀਨੇ ਦੇ ਵਿੱਚ ਮੋਹ ਦਾ ਗੁਲਾਲ ਰੱਖੀਂ!

ਇਸ ਰੰਗੀਲੜੇ ਦਿਨ ਦੀ ਦੇਹਲੀ 'ਤੇ ਖੜੋ ਕੇ ਦੁਆ-ਗੋ ਹਾਂ ਕਿ ਤੇਰੇ ਸਾਰੇ ਪਲ ਗੁਲਾਨਾਰੀ ਹੋ ਜਾਣ ਤੇ ਕਾਲੇ-ਉਦਾਸ ਅੱਖਰ ਕਦੀ ਤੇਰੇ ਖ਼ਤਾਂ ਦੀ ਇਬਾਰਤ ਨਾ ਬਣਨ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

3.
ਹੋਲੀ 'ਤੇ ਪਵਿੱਤਰ ਜਜ਼ਬਿਆਂ ਦੀ ਬੰਦਗੀ ਕਰਨਾ
ਅੱਖਾਂ ਸ਼ਬਨਮੀ ਰੱਖਣਾ , ਤੇ ਨਜ਼ਰਾਂ ਸ਼ਰਬਤੀ ਕਰਨਾ
ਨਾ ਆਪਣੇ ਅੰਦਰੋਂ ਅਹਿਸਾਸ ਦੀ ਰੰਗਤ ਉਡਾ ਲੈਣਾ
ਉਡੀਕਾਂ ਸੁਰਮਈ ਰੱਖਣਾ, ਬਰੂਹਾਂ ਕਿਰਮਚੀ ਕਰਨਾ
ਕੋਈ ਰੁੱਸਿਆ ਮਨਾ ਲੈਣਾ, ਕੋਈ ਰੋਂਦਾ ਹਸਾ ਲੈਣਾ
ਤੇ ਏਦਾਂ ਗੂੜ੍ਹਿਆਂ ਰੰਗਾਂ ਦੀ ਸੁੱਚੀ ਆਰਤੀ ਕਰਨਾ!

ਅੱਜ ਦਾ ਦਿਨ ਮੰਨ-ਮਨੌਤੀਆਂ ਦਾ ਦਿਨ ਹੈ,ਨਫਰਤਾਂ ਨੂੰ ਭਸਮ ਕਰਨ ਦਾ, ਬੇਵਿਸਾਹੀਆਂ ਨੂੰ ਅਲਵਿਦਾ ਕਹਿਣ ਦਾ ਤੇ ਸੁੰਨੀਆਂ ਚਿਤਵਨਾਂ ਨੂੰ ਜਿਸਮ ਦੀ ਜੂਹ ਤੋਂ ਜਲਾਵਤਨ ਕਰਨ ਦਾ.. ਆ!ਰਲ ਮਿਲ ਕੇ ਇਹਨਾਂ ਰੰਗੀਨ ਅਹਿਸਾਸਾਂ ਦੀ ਇਬਾਦਤ ਕਰੀਏ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

4.
ਕੱਢ ਕੇ ਤਾਂ ਦੇਖ ਸੀਨੇ ਵਿਚੋਂ ਸਾਰੇ ਭੱਖੜੇ
ਦਿਲ ਗ਼ਜ਼ਲ ਗੁਣਗੁਣਾਏਗਾ ਧੜਕਣ ਦੀ ਤਾਲ ਨਾਲ
ਰੰਗੇ ਜਾਣੇ ਨਸੀਬ ਵੀ , ਹੋਲੀ ਦੇ ਵਾਂਗਰਾਂ
ਮੱਥੇ 'ਤੇ ਲਾ ਮੁਹੱਬਤਾਂ ,ਪੀਹ ਕੇ ਗੁਲਾਲ ਨਾਲ!

ਹੋਲੀ ਦੀਆਂ ਮੁਹਾਠਾਂ ਤੋਂ ਏਹੋ ਖੁਆਹਿਸ਼ ਕਰਦੇ ਹਾਂ ਕਿ ਵੇਦਨਾ ਦੀ ਪ੍ਰਿਜ਼ਮ ਵਿਚੋਂ ਝਲਕਦੇ ਸੱਤੇ ਰੰਗ ਤੇਰੀ ਤਲੀ 'ਤੇ ਲਿਖੇ ਜਾਣ ਤੇ ਰੇਤਲੇ ਟਿੱਬਿਆਂ ਉੱਤੇ ਚਾਹਤਾਂ ਦੀ ਫੁਲਵਾੜੀ ਲਹਿਲਹਾਉਂਦੀ ਰਹੇ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



5.
ਕਾਲਖ ਪੂੰਝ ਦੇਣਾ, ਧੁੱਪ ਦਾ ਵਟਣਾ ਲਗਾ ਦੇਣਾ
ਮੈਲੀ ਜ਼ਿੰਦਗੀ ਨੂੰ ਸੁੱਚ ਦੀ ਨਦੀਏ ਨੁਹਾ ਦੇਣਾ
ਮੱਸਿਆ ਲੜਖੜਾਏਗੀ, ਤੇ ਹੋਲੀ ਮੁਸਕੁਰਾਏਗੀ
ਕਿਸੇ ਰੋਂਦੇ ਹੋਏ ਬੱਚੇ ਦੇ ਹੱਥ ਵਿੱਚ ਛਣਕਣਾ ਦੇਣਾ!

ਜਦੋਂ ਵੀ ਜ਼ਿੰਦਗੀ ਰੰਗ-ਵਿਹੂਣੀ ਹੋ ਕੇ ਬਨਵਾਸ ਹੰਢਾਉਂਦੀ ਹੈ,ਉਦੋਂ ਹੀ ਕੋਈ ਕ੍ਰਿਸ਼ਮਾ ਵਾਪਰਦੈ ਤੇ ਰੰਗਾਂ ਦੀ ਪਿਚਕਾਰੀ ਉਹਨੂੰ ਫਿਰ ਤੋਂ ਸੁਹਾਗਣ ਕਰ ਦਿੰਦੀ ਹੈ,ਇਹ ਪਹਿਰ ਉਸੇ ਕ੍ਰਿਸ਼ਮੇ ਦੇ ਪਹਿਰ ਨੇ...ਹੋਲੀ ਦੇ ਪਹਿਰ...ਇਹਨਾਂ ਨੂੰ ਧੁਰ ਅੰਦਰ ਤੱਕ ਵਸਾ ਲੈਣਾ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

# ਨਵਾਂ ਵਰ੍ਹਾ

1.
ਨਵੇਂ ਸਾਲ ਦਾ ਪਹਿਲ ਪਲੇਠੜਾ ਦਿਨ
ਲੱਛਾ ਕਿਰਨਾਂ ਦਾ ਆਇਆ ਵਿਕੇਂਦੜਾ ਈ ਓਇ!
ਜਿਹਨੇ ਮੀਚੀਆਂ ਅੱਖਾਂ ਹਨ੍ਹੇਰ ਉਹਦਾ
ਚਾਨਣ ਉਹਦਾ ਹੈ,ਜਿਹੜਾ ਹੈ ਵੇਂਹਦੜਾ ਈ ਓਇ!
ਲਾਹ ਸੁੱਟੋ ਨਕਾਬ ਉਦਾਸੀਆਂ ਦੀ
ਕਰਮਾਂ ਵਾਲੜਾ ਆਇਆ ਲਟਕੇਂਦੜਾ ਈ ਓਇ!
ਚੜ੍ਹਦੀ ਕਲਾ ਦੇ ਵਿੱਚ ਰਹੋ ਉਮਰ ਸਾਰੀ
ਸ਼ੁਭ-ਇਛਾਵਾਂ ਦਾ ਮੀਂਹ ਵਰਸੇਂਦੜਾ ਈ ਓਇ!

ਆਪ ਸਭ ਲਈ ਨਵਾਂ ਸਾਲ ਭਾਗਾਂ ਭਰਿਆ ਚੜ੍ਹੇ, ਉਮਰਾਂ ਦੇ ਬਿਰਖ 'ਤੇ ਚਾਅਵਾਂ ਦੀ ਬੁਲਬੁਲ ਚਹਿਚਹਾਵੇ ਤੇ ਕਿਸੇ ਗਮ ਦੀ ਕੋਈ ਸਿਲ੍ਹਤ ਕੂਲੀਆਂ ਤਲੀਆਂ ਦੀ ਚੁਭਨ ਨਾ ਬਣੇ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

2.
ਨਵੇਂ ਸਾਲ ਦਾ ਨਵਾਂ ਇਹ ਸੂਰਜ
ਹਰ ਇਕ ਕਿਰਨ ਕੰਵਾਰੀ
ਦਿਲ ਦਾ ਮੇਲਾ ਭਰ ਜੋਬਨ 'ਤੇ
ਰੰਗਾਂ ਭਰੀ ਪਟਾਰੀ
ਲੱਖ ਸ਼ੁਕਰੀਆ ਓਸ ਕਾਦਰ ਦਾ
ਜਿਸ ਇਹ ਦਿਵਸ ਦਿਖਾਇਆ
ਲੱਖ ਮੁਬਾਰਕ ਧਰਤ ਵਾਲਿਓ!
ਸਮਿਆਂ ਰੰਗ ਵਟਾਇਆ!

ਦਿਲ ਦੇ ਧੁਰ ਅੰਦਰੋਂ ਨਿੱਕਲੇ ਜਜ਼ਬਾਤਾਂ ਨੂੰ ਮੋਹ-ਮੁਹੱਬਤ ਦੇ ਸੁੱਚੇ ਗੰਗਾਜਲ ਨਾਲ ਧੋ ਕੇ ਸਾਲ...(ਸੰਨ...) ਲਈ ਬੇਸ਼ੁਮਾਰ ਸ਼ੁਭ-ਇੱਛਾਵਾਂ ਭੇਜਦੇ ਹਾਂ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

3.
ਚੰਦ ਦੇ ਝੋਲ਼ੇ ਵਿਚੋਂ ਕੁਝ ਰਿਸ਼ਮਾਂ ਕੱਢ ਲਿਆਈਏ
ਰਾਤ-ਰਾਣੀ ਦੀ ਵਾਸ਼ਨਾ ਫਿਰ ਇਹਨਾਂ ਵਿੱਚ ਮਿਲਾਈਏ
ਇਹ ਕੂਲ਼ਾ-ਕੂਲ਼ਾ ਲੇਪ ਅੱਜ ਪੱਛਾਂ ਦੇ ਉੱਤੇ ਲਾਈਏ
ਤੇ ਹਉਕਿਆਂ ਨੂੰ ਹਾਸਿਆਂ ਵਿੱਚ ਬਦਲ ਕੇ ਦਿਖਾਈਏ!

ਆਪ ਸਭ ਲਈ ਨਵਾਂ ਵਰ੍ਹਾ ਨਵੀਂਆਂ ਬਹਾਰਾਂ ਲਿਆਵੇ,ਕਿਤੋਂ ਦਿਲ ਦਹਿਲਾਉਣ ਵਾਲੀ ਖਬਰ ਨਾ ਮਿਲੇ, ਦਰਦਾਂ ਨੂੰ ਰਾਹਤ ਮਿਲੇ,ਤਪਸ਼ ਨੂੰ ਸਕੂਨ ਮਿਲੇ!
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

4.
ਕਾਲੀਆਂ ਰਾਤਾਂ,ਕਾਲੀਆਂ ਬਾਤਾਂ
ਕਾਲੀਆਂ ਹੀ ਬਰਸਾਤਾਂ
ਹਰ ਇੱਕ ਵਰ੍ਹੇ ਹੰਢਾਉਂਦੇ ਆਏ
ਦਰਦਾਂ ਦੀਆਂ ਸੁਗਾਤਾਂ
ਨਵਾਂ ਵਰ੍ਹਾ ਜੇ ਸਾਨੂੰ,
ਗੋਰੇ ਚਾਨਣ ਦੀ ਮੁੱਠ ਦੇਵੇ
ਘਰ-ਘਰ ਦੇ ਵਿੱਚ ਵੰਡੀਏ
ਮਿੱਠੇ ਚੌਲਾਂ ਦੀਆਂ ਪਰਾਤਾਂ!

ਕਦੀ ਤਾਂ ਕਾਲੇ ਮੌਸਮਾਂ ਨੂੰ ਦੇਸ਼-ਨਿਕਾਲਾ ਮਿਲੇਗਾ ਹੀ, ਲੱਥੇ ਲਿਉੜਾਂ ਵਾਲੀਆਂ ਕੰਧਾਂ 'ਤੇ ਕਿਰਮਚੀ ਪੋਚਾ ਫਿਰੇਗਾ ਹੀ, ਏਹੋ ਆਸੜੀ ਨਵੇਂ ਵਰ੍ਹੇ ਦੀ ਕੰਨੀ ਨਾਲ ਬੰਨ੍ਹਦੇ ਹੋਏ!
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

5.
ਵਕਤ ਦੀ ਡਾਲੀ ਖਿੜ ਰਿਹਾ ਹੈ ਫੇਰ ਨਵਾਂ ਫੁੱਲ ਵੇ!
ਨਾ ਕੋਈ ਇਹਦੇ ਹਾਣ ਦਾ, ਨਾ ਤਾਰ ਸਕੇ ਕੋਈ ਮੁੱਲ ਵੇ!
ਹਰ ਨਗਰੀ ਨੂੰ ਘੱਲ ਦਿਓ ਕੋਈ ਚਿੱਠੀ ਇਤਰਾਂ ਵਾਲੜੀ
ਜ਼ਿੰਦਗੀ ਦੀ ਜ਼ੁਲਫ ਸੁਗੰਧੜੀ ਦਾ ਹਰ ਵਲ ਜਾਵੇ ਖੁੱਲ੍ਹ ਵੇ!

ਆਪ ਸਾਰੇ ਪਰਿਵਾਰ ਨੂੰ, ਮਨ ਦੀਆਂ ਸੱਤੇ ਸੁਰਾਂ ਦੇ ਅਲਾਪ ਸਹਿਤ ਨਵੇਂ-ਵਰ੍ਹੇ ਦੀਆਂ ਹਜ਼ਾਰਾਂ ਸ਼ੁਭਕਾਮਨਾਵਾਂ ਭੇਜ ਰਹੇ ਹਾਂ!
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

6.
ਰਾਤ ਕਾਲ਼ੀ ਨਾਗਣੀ, ਦੀਵਾ ਵੀ ਨਾ, ਤਾਰਾ ਵੀ ਨਾ
ਅੱਖ ਪੱਥਰ ਕਾਸ਼ਨੀ, ਹੰਝੂ ਵੀ ਨਾ, ਪਾਰਾ ਵੀ ਨਾ
ਇਕ ਸੂਰਜ ਮੰਗਦੀ ਹਾਂ ਖਾਲੀ ਅੰਬਰ ਵਾਸਤੇ
ਉਦਾਂ ਤਾਂ ਹੁਣ ਚਾਅ ਕੋਈ ਅੱਧਾ ਵੀ ਨਾ,ਸਾਰਾ ਵੀ ਨਾ
ਤੇਰੇ ਵਿਹੜੇ ਉਸ ਚਿਣਗ ਦੀ ਹਰ ਸਮੇਂ ਬਖ਼ਸ਼ਿਸ਼ ਰਹੇ
ਜਿਸਦੇ ਬਿਨ ਭਖਦਾ ਕੋਈ ਚੁੱਲ੍ਹਾ ਵੀ ਨਾ,ਹਾਰਾ ਵੀ ਨਾ!

ਆ! ਨਵੇਂ-ਨਵੇਲੇ ਸੂਰਜ ਦੀ ਪਹਿਲੀ ਕਿਰਨ ਨਾਲ ਲੇਖਾਂ ਦੀ ਕੋਰੀ ਚਾਦਰ ਉੱਤੇ ਕੋਈ ਸੁਨਹਿਰੀ ਬੂਟੀ ਕੱਢੀਏ,ਜ਼ਿੰਦਗੀ ਦੀ ਵਹੀ ਖੋਲ੍ਹੀਏ,ਹੰਝੂਆਂ ਦਾ ਵਰਕਾ ਪਰਤੀਏ ਤੇ ਨਵੇਂ ਸਾਲ ਦੀ ਪਹਿਲੀ ਮੁਬਾਰਕ ਨੂੰ ਨਵੇਂ ਹੀ ਅਰਥ ਦੇਈਏ!
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

7.
ਨਵੇਂ ਸਾਲ ਵਿੱਚ ਆਓ ! ਦੁਆ ਕਰੀਏ
ਕਿ ਪੰਜਾਬ ਦਾ ਸਾਹ ਹੋਰ ਸੁੱਕੇ ਨਾ ਹੁਣ
ਭਸਮ ਹੋ ਜਾਏ ਨਸ਼ਿਆਂ ਦਾ ਨਾਗ ਜ਼ਹਿਰੀ
ਕੁੰਦਨ-ਦੇਹੀ ਗਭਰੀਟਾਂ ਦੀ ਰੁੱਸੇ ਨਾ ਹੁਣ
ਅੰਨ ਦਾਤੇ ਨੂੰ ਮਿਹਨਤ ਦੀ ਮਿਲੇ ਕੀਮਤ
ਰਿਜ਼ਕ ਉਹਦਿਆਂ ਲੇਖਾਂ 'ਚੋਂ ਮੁੱਕੇ ਨਾ ਹੁਣ
ਹਾਸਾ ਫੇਰ ਤੋਂ ਛਣਕ ਪਏ ਕੰਜਕਾਂ ਦਾ
ਕੋਈ ਤੰਦ ਅਧਵਾਟਿਉਂ ਟੁੱਟੇ ਨਾ ਹੁਣ!

ਯਾ ਖੁਦਾ! ਇਹ ਸਾਲ ਸਭ ਲਈ ਖ਼ੁਸ਼ੀਆਂ ਦੀ ਕਿਣਮਿਣ ਲਿਆਵੇ,ਕਾਲ਼ੇ-ਬੋਲ਼ੇ ਬੱਦਲਾਂ ਵਿਚੋਂ ਕੋਈ ਬਿਜਲੀ ਲਿਸ਼ਕੋਰ ਮਾਰੇ ਤੇ ਔੜਾਂ ਦੀਆਂ ਮਾਰੂਥਲੀ ਨਿਗਾਹਾਂ ਵਿੱਚ ਉਮੀਦਾਂ ਦੇ ਨਖ਼ਲਿਸਤਾਨ ਜੀਅ ਉੱਠਣ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

8.
ਇੱਕ ਅੱਖ ਸਾਡੀ ਸਫ਼ਨੇ ਸੁੱਤੇ
ਪੀੜ-ਦੁਸ਼ਾਲਾ ਲੈ ਕੇ
ਦੂਜੀ ਅੱਖ ਸਧਰਾਈ ਹੋਈ
ਨਵੇਂ ਸਾਲ ਲਈ ਟਹਿਕੇ
ਸ਼ਾਲਾ!ਨਵਾਂ-ਨਵੇਲਾ ਸੂਰਜ
ਚਾਨਣ ਦੀ ਹੱਟ ਲਾਵੇ
ਹਰ ਅੱਖ ਦਾ ਸਤਮਾਹਾ ਸੁਫ਼ਨਾ
ਪੂਰਾ ਹੋ-ਹੋ ਮਹਿਕੇ!

ਪਰਵਰਦਿਗਾਰ ਕਰੇ ਇਹ ਵਰ੍ਹਾ ਸ਼ੁਭ-ਸ਼ਗਨਾਂ ਦੀਆਂ ਕਨਸੋਆਂ ਲਿਆਵੇ,ਹਰ ਆਤਮਾ ਦੇ ਨੂਰਮਹਿਲ ਵਿੱਚ ਚਾਅਵਾਂ ਦਾ ਇਕਤਾਰਾ ਵੱਜੇ ਤੇ ਚਿੰਤਨ ਦੀ ਸੁੱਚੀ ਦਰਗਾਹ 'ਤੇ ਹਰਫ਼ਾਂ ਦੇ ਮੇਲੇ ਲੱਗਦੇ ਰਹਿਣ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



9.
ਕਿੰਜ ਥੋਹਰਾਂ ਤੋਂ ਖ਼ੁਸ਼ਬੋ ਮੰਗੀਏ
ਕਿੰਜ ਥਲਾਂ ਤੋਂ ਪਾਣੀ
ਓਸ ਵਰ੍ਹੇ ਤੋਂ ਏਸ ਵਰ੍ਹੇ ਤੱਕ
ਇਕੋ ਦਰਦ ਕਹਾਣੀ
ਮਕਤਲ ਵਿੱਚ ਖਲੋਤਿਆ ਲੋਕਾ!
ਖ਼ਾਬ ਮਰਨ ਨਾ ਦੇਵੀਂ
ਖ਼ੌਰੇ ਕਿਹੜਾ ਸੂਰਜ ਹੋ ਜਾਏ
ਤੇਰਾ ਮੇਰਾ ਹਾਣੀ!

ਦੁਆ ਹੈ ਕਿ ਸਮਿਆਂ ਦੀ ਇਸ ਸਿਤਮਜ਼ਰੀਫੀ ਵਿੱਚ ਵੀ ਜਿਉਣ ਦਾ ਚਾਅ ਬਣਿਆ ਰਹੇ ਤੇ ਬਲੌਰੀ ਨੇਤਰ-ਝੀਲ ਵਿੱਚ ਖ਼ਾਬਾਂ ਦੀਆਂ ਮੁਰਗਾਬੀਆਂ ਤਰਦੀਆਂ ਰਹਿਣ,ਆਮੀਨ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

10.

ਕਦ ਤੱਕ ਮੁਬਾਰਕ ਦੇਵਾਂਗੇ ਇੰਜ ਨਵੇਂ ਸਾਲ ਦੀ
ਕਦ ਤੱਕ ਰਹੇਗੀ ਸੇਜਲ ਅੱਖ ਦਿਲਾਸੇ ਭਾਲਦੀ
ਆ ਅਰਜ਼ੋਈ ਕਰੀਏ ਅੱਜ ਸਮਿਆਂ ਦੇ ਖੇਲ੍ਹ ਨੂੰ
ਪਹਿਲੇ ਪਹੁ-ਫੁਟਾਲੇ ਦੀ ਪਹਿਲੀ ਤ੍ਰੇਲ ਨੂੰ
ਧੋ ਦਵੇ ਮਨੁੱਖਤਾ ਦੇ ਪਿੰਡੇ ਦਾ ਸਰਾਪ
ਸੁੱਕੇ ਹੋਂਠਾਂ ਉੱਤੇ ਨੱਚੇ ਹਾਸਿਆਂ ਦੀ ਟਾਪ
ਆਓ! ਕਿ ਕੋਈ ਸਾਂਝਾਂ ਵਾਲਾ ਬੁਰਸ਼ ਫੜ ਲਈਏ
ਰਿਸ਼ਤਿਆਂ ਦੇ ਨਕਸ਼ਿਆਂ ਵਿੱਚ ਰੰਗ ਭਰ ਦਈਏ
ਨਜ਼ਰਬੰਦ ਧੜਕਣ ਦੀਆਂ ਸਭ ਬੇੜੀਆਂ ਖੁੱਲ੍ਹਣ
ਜ਼ਿੰਦਾ-ਦਿਲੀ ਦਾ ਐਸਾ ਕੋਈ ਜਾਪ ਕਰ ਦਈਏ!

ਆਓ!ਰਸਮੀ ਮੁਬਾਰਕਾਂ ਤੋਂ ਉੱਤੇ ਉੱਠ ਕੇ ਇਸ ਵਾਰ ਕੁਝ ਵਿਲੱਖਣ ਕਰੀਏ,ਕੁਝ ਸਾਬਤ ਕਦਮ ਤੁਰੀਏ,ਕਿ ਅੱਟਣਾਂ ਤੇ ਬਿਆਈਆਂ ਵਾਲਿਆਂ ਨੂੰ ਆਪਣੇ ਹਿੱਸੇ ਦਾ ਰੱਜ ਮਿਲੇ, ਤਸਕੀਨ ਮਿਲੇ,ਤਿਉਹ ਮਿਲੇ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



11.

ਖ਼ਤ ਆਉਣ ਹਲਦੀਆਂ-ਰੱਤੜੇ
ਕੋਈ ਸ਼ੌਕ ਮਰੇ ਨਾ ਏਸ ਵਰ੍ਹੇ
ਕਿਸੇ ਮਨ ਦੇ ਮਾਨ-ਸਰੋਵਰ ਵਿੱਚ
ਕੋਈ ਜ਼ਖ਼ਮ ਤਰੇ ਨਾ ਏਸ ਵਰ੍ਹੇ
ਕੋਈ ਕੈਂਠੇ ਵਾਲਾ ਪ੍ਰਾਹੁਣਾ
ਗੋਲੀ ਨਾਲ ਰੜ੍ਹੇ ਨਾ ਏਸ ਵਰ੍ਹੇ
ਤੇ ਸ਼ਗਨਾਂ ਦੀ ਫੁਲਕਾਰੀ 'ਚੋਂ
ਕੋਈ ਫੁੱਲ ਝੜੇ ਨਾ ਏਸ ਵਰ੍ਹੇ
ਕੋਈ ਕੰਡਾ ਰਸਤਾ ਰੋਕੇ ਨਾ
ਖ਼ੁਸ਼ੀਆਂ ਦੀ ਗੰਢੜੀ ਖੁੱਲ੍ਹ ਜਾਵੇ
ਜ਼ਿੰਦਗੀ ਦੇ ਮੱਚਦੇ ਪੈਰਾਂ 'ਤੇ
ਪਾਣੀ ਦਾ ਗੜਵਾ ਡੁੱਲ੍ਹ ਜਾਵੇ!

ਆਓ! ਨਵੇਂ ਸਾਲ ਵਿੱਚ ਪੱਬ ਧਰਦੇ ਹੋਏ ਵਰਾਗਾਂ ਦੀ ਨਕਾਬ ਲਾਹੀਏ,ਸਿਮਰਤੀਆਂ ਦੀ ਸਲੇਟ ਤੋਂ ਸਾਹ-ਸੂਤਵੇਂ ਅੱਖਰ ਮੇਟੀਏ ਤੇ ਲਹੂ-ਸਿੰਮਦੀਆਂ ਅੱਡੀਆਂ ਨੂੰ ਢੋਲ ਦੇ ਪਹਿਲੇ ਡਗੇ 'ਤੇ ਥਿਰਕਣ ਦਾ ਹੁਲ੍ਹਾਰਾ ਦੇਈਏ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

12.

ਚੰਬੇ ਦੀ ਕੋਈ ਬੂਟੀ ਤੇਰੇ ਧੁਰ ਅੰਦਰ ਫੁੱਲ ਜਾਵੇ
ਸੁੱਕੇ-ਸਿੱਕਰੇ ਹੋਂਠਾਂ ਉੱਤੇ ਰਾਗ ਕੋਈ ਡੁੱਲ੍ਹ ਜਾਵੇ
ਪੈਰਾਂ ਦੇ ਛਾਲੇ ਘੁੰਗਰੂ ਬਣ,ਇੰਜ ਵਜਦ ਵਿੱਚ ਆਵਣ
ਅਨਹਦ-ਨਾਦ ਅਗੰਮੀ ਤੇਰੇ ਕੰਨਾਂ ਵਿੱਚ ਘੁਲ ਜਾਵੇ !

ਉਸ ਵਿਸਮਾਦੀ ਪਲ ਲਈ ਜੋਦੜੀ,ਜਿਹਨੂੰ ਪਾਉਣ ਖਾਤਿਰ ਵਰ੍ਹੇ ਨਹੀਂ,ਕਈ ਜਨਮ ਲੱਗ ਜਾਂਦੇ ਹਨ..ਸ਼ਾਲਾ ! ਰੂਹ ਦੇ ਗਗਨ ਦੀ ਕਹਿਕਸ਼ਾਂ ਜਗਮਗਾ ਉੱਠੇ !
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



## ਸ਼ੁਭ-ਇਛਾਵਾਂ ਭੇਜਣ ਵਾਲਿਆਂ ਦਾ ਸ਼ੁਕਰੀਆ:

1.
ਚਾਸ਼ਨੀ ਵਿੱਚ ਗੁੰਨ੍ਹ ਕੇ ਦੁਆਵਾਂ ਘੱਲਣ ਵਾਲਿਓ !
ਏਡੇ ਮੋਹ-ਪਿਆਰ ਦਾ ਕਿੰਜ ਸ਼ੁਕਰੀਆ ਕਰਾਂ?
ਤੀਰਥਾਂ ਜਹੀਆਂ ਇਹ ਕਾਮਨਾਵਾਂ ਘੱਲਣ ਵਾਲਿਓ !
ਤੁਹਾਡੀ ਰੌਸ਼ਨ-ਰੂਹ ਦੀ ਕਿੱਦਾਂ ਆਰਤੀ ਕਰਾਂ?
ਹੈ ਅਰਦਾਸ, ਤੁਹਾਨੂੰ ਖ਼ੁਸ਼ੀਆਂ ਦਾ ਸੰਗ ਮਿਲੇ !
ਸਭ ਰੰਗਾਂ ਤੋਂ ਗੂੜ੍ਹਾ ਜ਼ਿੰਦਗਾਨੀ ਦਾ ਰੰਗ ਮਿਲੇ !

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

2.
ਆਏ ਤੁਹਾਡੇ ਬਾਗ ਵਿਚੋਂ ਮਹਿਕਦੇ ਗੁਲਾਬ
ਚਾਅਵਾਂ ਦੇ ਭਰੇ ਛੰਨੇ, ਉਮੰਗਾਂ ਬੇਹਿਸਾਬ
ਜਿਉਂ ਮਾਂ ਦੀ ਮਿੱਠੀ ਚੂਰੀ, ਜਿਉਂ ਚਾਨਣੀ ਦਾ ਖ਼ਾਬ
ਏਹੋ ਦੁਆਵਾਂ ਘੱਲਾਂ, ਅੱਜ ਆਪ ਨੂੰ ਜਨਾਬ !
ਰਹਿੰਦੀ ਦੁਨੀਆਂ ਤੱਕ ਰਹੇ ਬਾਗ ਇਹ ਆਬਾਦ
ਫੁੱਲ ਰਹਿਣ ਸਦਾ ਖਿੜਦੇ , ਫ਼ਲ ਹੋਣ ਲਾਜਵਾਬ !
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

3.
ਆਪਣੇ ਖ਼ੂਬਸੂਰਤ ਪਰਾਂ ਉੱਤੇ
ਮੋਹ-ਭਿੱਜੀ ਇਬਾਰਤ ਲਿਖਾਕੇ
ਤੁਹਾਡੀਆਂ ਸ਼ੁਭ-ਇਛਾਵਾਂ
ਸੋਨਪਰੀਆਂ ਵਾਂਗ ਸਾਡੇ ਵਿਹੜੇ ਉੱਤਰੀਆਂ
ਰੱਬ ਕਰੇ ਕਿ ਤੁਹਾਡੇ ਦਿਲ-ਦਰਵਾਜ਼ੇ ਵੀ
ਸੁਹੰਢਣੀਆਂ ਘੜੀਆਂ ਦਸਤਕ ਦੇਣ
ਤੇ ਉਮਰ ਦਾ ਹਰ ਪਲ
ਸਕੂਨ ਨਾਲ ਸਰਸ਼ਾਰ ਹੋਵੇ!
......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ

4.
ਧੰਨਵਾਦ ! ਧੰਨਵਾਦ! ਤੁਹਾਡਾ ਸਦਾ ਧੰਨਵਾਦ
ਤੀਜ-ਤਿਉਹਾਰ ਸਾਨੂੰ ਰੱਖਦੇ ਹੋ ਯਾਦ
ਅਸੀਂ ਵੀ ਮਨਾਈਏ ਸੁੱਖਾਂ ਤੁਹਾਡਿਆਂ ਦੀ ਖ਼ੈਰ
ਅੰਬਰੀਂ ਚੜ੍ਹੇ ਨਾ ਕਦੇ ਕਾਲੀ-ਪੀਲੀ ਗਹਿਰ
ਛਲ੍ਹਕੇ ਨਾ ਅੱਖ , ਕਦੇ ਭਿੱਜੇ ਨਾ ਰੁਮਾਲ
ਤੀਆਂ ਵਾਂਗੂੰ ਲੰਘਣ ਮਹੀਨੇ, ਦਿਨ, ਸਾਲ!

......ਸ਼ੁਭਕਾਮਨਾਵਾਂ ਦੇਣ ਵਾਲੇ ਦਾ ਨਾਮ......
ਸਿਰਨਾਵਾਂ......ਫੋਨ ਨੰ:......ਈਮੇਲ......ਆਦਿ



ਜੀਓ! ਜ਼ਿੰਦਗੀ ਮਾਣੋ! ਤੁਹਾਡੀ ਜੱਗ 'ਤੇ ਉੱਚੀ ਆਬ ਰਹੇ
ਆਪਣੀ ਬੋਲੀ, ਆਪਣਾ ਵਿਰਸਾ! ਨਾਲੋ-ਨਾਲ ਜਨਾਬ ਰਹੇ
ਨੈਣਾਂ ਦੇ ਵਿੱਚ ਖ਼ਾਬ ਵਸਣ! ਤੇ ਰੀਝਾਂ ਉੱਤੇ ਸ਼ਬਾਬ ਰਹੇ
ਦੇਸ਼-ਵਿਦੇਸ਼ੀਂ ਪਾਓ ਆਲ੍ਹਣੇ! ਪਰ ਸੀਨੇ ਵਿੱਚ ਪੰਜਾਬ ਰਹੇ!



# ਵਿਰਸੇ ਦਾ ਹੋਕਾ, ਵਿਆਹ ਦੇ ਪ੍ਰਚੱਲਿਤ ਰਸਮ-ਰਿਵਾਜ਼ ਅਤੇ ਕਿਤਾਬ ਵਿੱਚ ਵਰਤੇ ਗਏ ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ

ਪੰਜਾਬੀ ਵਿਰਸੇ ਨਾਲ ਸਾਂਝ ਪੁਆਉਣ ਦੀ ਇਹ ਕੋਸ਼ਿਸ਼ ਵਿਸ਼ੇਸ਼ ਕਰਕੇ ਨਵੀਂ ਪੀੜ੍ਹੀ ਲਈ ਹੈ, ਜਿਹਨਾਂ ਨੂੰ ਬਹੁਤੀਆਂ ਰਹੁ-ਰੀਤਾਂ ਅਤੇ ਸ਼ਬਦਾਂ ਬਾਰੇ ਜਾਣਕਾਰੀ ਨਹੀਂ, ਜਿਹੜੇ ਇੰਟਰਨੈੱਟ, ਸੈੱਲਫੋਨ, ਕੰਪਿਊਟਰ, ਟੈਬਲੈਟ ਆਦਿ ਦੇ ਸੰਸਾਰ ਵਿੱਚ ਗੁਆਚ ਕੇ ਆਪਣੀਆਂ ਜੜ੍ਹਾਂ ਨੂੰ ਭੁੱਲ ਰਹੇ ਨੇ ਤੇ ਇਹ ਵੀ ਭੁੱਲ ਰਹੇ ਨੇ ਕਿ ਜਿਸ ਰੁੱਖ ਦੀਆਂ ਜੜ੍ਹਾਂ ਨਾ ਹੋਣ, ਉਸ 'ਤੇ ਕੋਈ ਫੁੱਲ ਨਹੀਂ ਖਿੜਦਾ, ਕੋਈ ਪੰਛੀ ਨਹੀਂ ਚਹਿਕਦਾ।

ਇਹ 'ਜਾਣ-ਪਛਾਣ' ਆਖਰੀ ਸਫ਼ਿਆਂ 'ਤੇ ਦੇਖੀ ਜਾ ਸਕਦੀ ਹੈ।



# ਵਿਰਸੇ ਦਾ ਹੋਕਾ

ਪੰਜਾਬੀ ਵਿਰਸਾ ਬਹੁਤ ਅਮੀਰ ਹੈ, ਅਜੋਕੇ ਜੀਵਨ ਦੀ ਦੌੜ-ਭੱਜ ਵਿੱਚ ਤਿਹਾਈਆਂ ਰੂਹਾਂ ਲਈ ਖੂਹੀ ਦੇ ਠੰਢੇ-ਮਿੱਠੇ ਸ਼ਰਬਤ ਵਾਂਗ ਹੈ, ਸਮੇਂ ਸਮੇਂ ਹੰਢਾਏ ਸੰਤਾਪਾਂ ਦੇ ਜ਼ਖ਼ਮਾਂ ਲਈ ਰੇਸ਼ਮੀ ਮੱਲ੍ਹਮ ਵਾਂਗ ਹੈ। ਇਸੇ ਵਿਚੋਂ ਉੱਗੇ ਨੇ ਵਿਆਹ ਦੇ ਰਸਮ-ਰਿਵਾਜ਼, ਲੋਕਗੀਤ,ਜਿਹਨਾਂ ਕੋਲ ਸੂਲ਼ਾਂ ਨੂੰ ਫੁੱਲਾਂ ਵਿੱਚ ਬਦਲਣ ਦੀ ਜਾਦੂਗਰੀ ਹੈ।

ਵਿਆਹ ਜ਼ਿੰਦਗੀ ਦਾ ਬੇਹੱਦ ਖ਼ੂਬਸੂਰਤ ਮੁਕਾਮ ਹੈ,ਜਿਸ ਜੋੜੇ ਦਾ ਵਿਆਹ ਹੈ ਉਸ ਲਈ ਤਾਂ ਹੈ ਹੀ,ਜਿਹੜੇ ਇਸ ਵਿੱਚ ਸ਼ਾਮਿਲ ਹੁੰਦੇ ਹਨ, ਸਾਰੇ ਸਾਕ-ਸਕੀਰੀ, ਦੋਸਤ-ਮਿੱਤਰ,ਉਹਨਾਂ ਲਈ ਵੀ ਹੁਲਾਸ ਤੇ ਖੇੜੇ ਲੈ ਕੇ ਆਉਂਦਾ ਹੈ। ਇਸ ਉਤਸਵ ਨੂੰ ਜੇ ਮਨ ਦੀ ਸੁੱਚਮਤਾ ਤੇ ਰੂਹ ਦੀ ਅਮੀਰੀ ਨਾਲ ਮਨਾਇਆ ਜਾਏ ਤਾਂ ਰਗਾਂ ਵਿੱਚ ਰਵਾਂ-ਰਵੀਂ ਵਗਦੇ ਲਹੂ ਅੰਦਰ ਇਸ ਵਰਗੀਆਂ ਲਹਿਰਾਉਂਦੀਆਂ ਤਰੰਗਾਂ ਹੋਰ ਕੋਈ ਉਤਸਵ ਨਹੀਂ ਛੇੜ ਸਕਦਾ। ਜੋ ਜਲਵੇ ਲੋਕਗੀਤ, ਬੋਲੀਆਂ,ਦੋਹੇ, ਸੁਹਾਗ-ਘੋੜੀਆਂ, ਜਾਗੋ, ਗਿੱਧਾ, ਸਿੱਠਣੀਆਂ ਆਦਿ ਬਿਖੇਰਦੇ ਹਨ,ਉਹ ਡੀ.ਜੇ ਦੀਆਂ ਤਿੱਖੀਆਂ ਤਾਲਾਂ ਦੇ ਵੱਸ ਦੀ ਗੱਲ ਨਹੀਂ। ਵਿਆਹ ਦੀਆਂ ਰਹੁ-ਰੀਤਾਂ ਨੂੰ ਉਹਨਾਂ ਦੇ ਅਸਲੀ ਸੱਭਿਆਚਾਰਕ ਰੂਪ ਵਿੱਚ ਰਲ ਕੇ ਮਨਾਉਣ ਵਾਲੇ ਸਾਰੇ ਮੇਲੀ-ਮੇਲਣਾਂ ਤਰੋ-ਤਾਜ਼ਾ ਹੋ ਕੇ ਫਿਰ ਤੋਂ ਆਪਣੇ ਰਾਹਾਂ 'ਤੇ ਤੁਰ ਪੈਂਦੇ ਹਨ ਤੇ ਇਹ ਅੱਜ ਦੇ ਤਲਖ਼ੀਆਂ-ਤਨਾਅਵਾਂ, ਕਾਹਲਾਂ-ਕਲੇਸ਼ਾਂ ਭਰੇ ਮੌਸਮਾਂ ਵਿੱਚ ਬੇਹੱਦ ਜ਼ਰੂਰੀ ਹੈ।

ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਇਹਨਾਂ ਰਵਾਇਤਾਂ ਨੂੰ ਆਪਣੀ ਜੀਵਨ-ਧਾਰਾ ਵਿਚੋਂ ਅਲੋਪ ਨਾ ਹੋਣ ਦਿੱਤਾ ਜਾਵੇ ਤਾਂ ਕਿ ਆਉਣ ਵਾਲੀਆਂ ਨਸਲਾਂ ਨੂੰ ਇਹ ਸ਼ਹਿਦ-ਭਿੰਨੀ ਵਿਰਾਸਤ ਦੇ ਕੇ ਉਹਨਾਂ ਦੀ ਹਯਾਤੀ ਵਿੱਚ ਮਿਠਾਸ ਭਰੀ ਜਾ ਸਕੇ। ਰੂਹ ਦੀ ਇਹ ਅਮੀਰੀ ਤਾਂ ਹੀ ਸਿਖਰ 'ਤੇ ਹੈ ਜੇ ਹਰ ਰਹੁ-ਰੀਤ ਨੂੰ ਲੋਭ-ਲਾਲਚ, ਝੂਠੀ ਸ਼ਾਨ, ਈਰਖਾ, ਦਿਖਾਵੇ ਤੋਂ ਉੱਪਰ ਉੱਠ ਕੇ ਮਨਾਇਆ ਜਾਵੇ। ਮਨ ਦੀ ਸੁੱਚਮਤਾ ਤਾਂ ਹੀ ਬੁਲੰਦੀ 'ਤੇ ਹੈ ਜੇ ਕਿਸੇ ਦੀ ਹੇਠੀ ਨਾ ਕੀਤੀ ਜਾਵੇ,ਕਿਸੇ ਦੇ ਦਿਲ ਨੂੰ ਚੋਟ 'ਨਾ ਪਹੁੰਚੇ, ਕਿਸੇ ਜਿਸਮ 'ਤੇ ਝਰੀਟ ਤੱਕ ਨਾ ਆਵੇ।

ਵਿਆਹ ਦੇ ਜਿੰਨੇ ਰਸਮ-ਰਿਵਾਜ਼ ਹਨ,ਰਿਸ਼ਤਿਆਂ ਨੂੰ ਮੋਹ ਦੇ ਧਾਗਿਆਂ ਨਾਲ ਗੁੰਦਣ ਲਈ ਹਨ, ਹਾਸੇ ਬਿਖੇਰਦੇ ਪਲਾਂ ਨੂੰ ਹਾਕਾਂ ਮਾਰਨ ਲਈ ਹਨ, ਨਵ-ਵਿਆਹੀ ਜੋੜੀ ਦੇ ਸਿਰ 'ਤੇ ਅਸੀਸਾਂ ਦਾ ਛਤਰ ਝੁਲਾਉਣ ਲਈ ਹਨ।ਇਸੇ ਸੱਚੀ-ਸੁੱਚੀ ਭਾਵਨਾ ਦੀ ਓਟ ਲੈਂਦਿਆਂ ਇਸ ਵੇਲੇ ਪ੍ਰਚੱਲਿਤ ਰਸਮਾਂ-ਰਿਵਾਜ਼ਾਂ ਅਤੇ ਕਿਤਾਬ ਵਿੱਚ ਵਰਤੇ ਗਏ ਵਿਰਸੇ ਨਾਲ ਜੁੜੇ ਸ਼ਬਦਾਂ ਦੀ ਜਾਣ-ਪਛਾਣ ਕਰਵਾ ਰਹੀ ਹਾਂ ।



# ਵਿਆਹ ਦੇ ਪ੍ਰਚੱਲਿਤ ਰਸਮ-ਰਿਵਾਜ਼

## ਅਰੰਭ ਦੀ ਰਸਮ ਤੋਂ ਤਰਤੀਬਵਾਰ:

**ਰੋਕਾ**: ਆਪਣੇ ਧੀ-ਪੁੱਤ ਲਈ ਵਰ/ਕੰਨਿਆ ਤਲਾਸ਼ ਕਰਦਿਆਂ ਜਦੋਂ ਸਭ ਕੁਝ ਦੇਖ-ਭਾਲ ਕੇ ਆਪਣੀ ਮਰਜ਼ੀ ਦੇ ਮੇਚ ਦਾ ਰਿਸ਼ਤਾ ਲੱਭ ਜਾਂਦਾ ਹੈ ਤਾਂ ਕੋਈ ਦਿਨ, ਸਥਾਨ ਮਿਥ ਕੇ ਕੁੜੀ-ਮੁੰਡੇ ਦੀ ਦੇਖ-ਦਿਖਾਈ ਤੇ ਆਪਸ ਵਿੱਚ ਗੱਲ-ਬਾਤ ਹੁੰਦੀ ਹੈ।ਜਦੋਂ ਦੋਵੇਂ ਪੱਖ ਇਸ ਸ਼ਾਦੀ ਲਈ ਸਹਿਮਤ ਹੋ ਜਾਂਦੇ ਹਨ ਤਾਂ ਕੁੜੀ ਵਾਲਿਆਂ ਵੱਲੋਂ ਮੁੰਡੇ ਦੇ ਹੱਥ ਉੱਤੇ ਜਾਂ ਝੋਲੀ ਵਿੱਚ ਤੇ ਮੁੰਡੇ ਵਾਲਿਆਂ ਵੱਲੋਂ ਕੁੜੀ ਦੇ ਹੱਥ ਉੱਤੇ ਜਾਂ ਝੋਲੀ ਵਿੱਚ ਸ਼ਗਨ ਦੇ ਰੁਪਏ ਰੱਖੇ ਜਾਂਦੇ ਹਨ ਤੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ।ਫਿਰ ਸਾਰਿਆਂ ਨੂੰ ਹੀ ਵਧਾਈਆਂ ਦੇ ਨਾਲ ਨਾਲ ਮਿਠਾਈ ਵਰਤਾਈ ਜਾਂਦੀ ਹੈ।ਜੇ ਇਹ ਮਿਲਣੀ ਕਿਸੇ ਹੋਟਲ ਜਾਂ ਗੁਰਦੁਆਰੇ/ਮੰਦਿਰ ਆਦਿ ਵਿੱਚ ਹੋਵੇ ਤਾਂ ਉਥੋਂ ਹੀ ਖੰਡ,ਪਤਾਸੇ ਜਾਂ ਪ੍ਰਸ਼ਾਦ ਲੈ ਕੇ ਮੂੰਹ ਮਿੱਠਾ ਕਰ ਲਿਆ ਜਾਂਦਾ ਹੈ।ਇਸ ਦੇ ਨਾਲ ਹੀ ਵਰ/ਕੰਨਿਆ ਲਈ ਤਲਾਸ਼, ਭਟਕਣ, ਭੱਜ-ਦੌੜ ਖਤਮ ਹੋ ਜਾਂਦੀ ਹੈ,ਰਿਸ਼ਤਾ ਰੋਕ ਲਿਆ ਜਾਂਦਾ ਹੈ ਤੇ ਸਾਰੇ ਅੰਤਾਂ ਦੀ ਰਾਹਤ ਅਤੇ ਸ਼ਾਂਤੀ ਮਹਿਸੂਸ ਕਰਦੇ ਹਨ।

ਜਿੱਥੇ ਮਾਪਿਆਂ ਦੀ ਰਜ਼ਾਮੰਦੀ ਨਾਲ ਪ੍ਰੀਤ-ਵਿਆਹ ਹੁੰਦੇ ਹਨ,ਉਥੇ ਵੀ ਰਿਵਾਜ਼ਨ ਇਹ ਰਸਮ ਨਿਭਾਅ ਹੀ ਲਈ ਜਾਂਦੀ ਹੈ।

ਹਿੰਦੂ-ਪਰਿਵਾਰਾਂ ਵਿੱਚ ਪਹਿਲਾਂ ਦੋਵਾਂ ਦੇ ਟੇਵੇ ਮਿਲਾ ਕੇ ਗੁਣ ਮਿਲਾਏ ਜਾਂਦੇ ਹਨ, ਮੰਗਲੀਕ, ਨਾ-ਮੰਗਲੀਕ ਬਾਰੇ ਪਤਾ ਕੀਤਾ ਜਾਂਦਾ ਹੈ ਤੇ ਉਸ ਅਨੁਸਾਰ ਹੀ ਸ਼ਾਦੀ ਲਈ ਸਹਿਮਤੀ ਦਿੱਤੀ ਜਾਂਦੀ ਹੈ।

**ਠਾਕਾ:** ਇਹ ਰਸਮ 'ਰੋਕੇ' ਉੱਤੇ ਪੱਕੀ ਮੋਹਰ ਲਾਉਣ ਵਾਂਗ ਹੀ ਹੈ।ਲੜਕੇ ਦੇ ਸਾਕ-ਸਬੰਧੀ ਲੜਕੀ ਵਾਲਿਆਂ ਦੇ ਘਰ ਜਾਂਦੇ ਹਨ।ਲੜਕੀ ਦੀ ਮਾਂ ਉਹਨਾਂ ਨੂੰ ਬਦਾਮਾਂ-ਛੁਹਾਰਿਆਂ ਵਾਲਾ ਦੁੱਧ ਪੇਸ਼ ਕਰਦੀ ਹੈ,ਚਾਹ-ਪਾਣੀ,ਪ੍ਰਸ਼ਾਦੇ ਨਾਲ ਆਓ-ਭਗਤ ਕਰਦੀ ਹੈ।ਲੜਕੇ ਦਾ ਲੱਡੂਆਂ ਜਾਂ ਬਰਫ਼ੀ ਨਾਲ ਮੂੰਹ ਮਿੱਠਾ ਕਰਵਾ ਕੇ ਉਹਨੂੰ ਸ਼ਗਨ ਦੇ ਤੌਰ 'ਤੇ ਚਾਂਦੀ ਦਾ ਰੁਪਈਆ,ਕੁਝ ਹੋਰ ਨਕਦੀ,

ਕੱਪੜੇ ਆਦਿ ਦਿੱਤੇ ਜਾਂਦੇ ਹਨ। ਲੜਕੇ ਦੇ ਬਾਕੀ ਰਿਸ਼ਤੇਦਾਰਾਂ ਨੂੰ ਵੀ ਕੱਪੜੇ, ਰੁਪਏ,ਮਿਠਾਈ ਦੇ ਡੱਬੇ ਦਿੱਤੇ ਜਾਂਦੇ ਹਨ।

ਲੜਕੇ ਵਾਲੇ ਵੀ ਲੜਕੀ ਨੂੰ ਸ਼ਗਨ ਵਜੋਂ ਰੁਪਏ ਜਾਂ ਕੋਈ ਤੋਹਫ਼ਾ ਦਿੰਦੇ ਹਨ। ਇਸ ਵਕਤ ਵਿਆਹ ਦੇ ਬਾਕੀ ਪ੍ਰੋਗਰਾਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ ਤੇ ਸਾਰੇ ਇਕ ਮਨ ਹੋ ਕੇ ਵਿਆਹ ਦੀਆਂ ਤਿਆਰੀਆਂ ਵਿੱਚ ਜੁਟ ਜਾਂਦੇ ਹਨ।

**ਸਾਹਾ ਕਢਾਉਣਾ:** ਇਹ ਆਮ ਤੌਰ 'ਤੇ ਕੁੜਮਾਈ ਤੋਂ ਪਹਿਲਾਂ ਤੇ ਜੇ ਵਿਆਹ ਕਾਫੀ ਦੇਰ ਬਾਅਦ ਹੋਣਾ ਹੋਵੇ ਤਾਂ ਕੁੜਮਾਈ ਤੋਂ ਪਿਛੋਂ ਕੀਤਾ ਜਾਂਦਾ ਹੈ। ਸਿੱਖ-ਪਰਿਵਾਰਾਂ ਵਿੱਚ ਦੋਵੇਂ ਧਿਰਾਂ ਬੈਠ ਕੇ ਛੁੱਟੀ ਦਾ ਦਿਨ, ਬੱਚਿਆਂ ਦੇ ਇਮਤਿਹਾਨ, ਪਰਵਾਸੀ ਪਿਆਰਿਆਂ ਦੀ ਆਮਦ ਬਾਰੇ ਵਿਚਾਰ ਕੇ ਸ਼ਾਦੀ ਦੇ ਦਿਨ ਦਾ ਫੈਸਲਾ ਲੈ ਲੈਂਦੀਆਂ ਹਨ, ਜੋ ਅਕਸਰ ਸਨਿੱਚਰ-ਐਤਵਾਰ ਹੀ ਹੁੰਦਾ ਹੈ। ਇਥੇ ਤਾਰਾ ਡੁੱਬਣ ਜਾਂ ਸਰਾਧਾਂ ਆਦਿ ਦਾ ਕੋਈ ਵਿਚਾਰ ਨਹੀਂ ਕੀਤਾ ਜਾਂਦਾ, ਗੁਰਮਤਿ ਅਨੁਸਾਰ ਸਾਰੇ ਦਿਨ ਹੀ ਸ਼ੁਭ ਮੰਨੇ ਜਾਂਦੇ ਹਨ।

ਹਿੰਦੂ ਪਰਿਵਾਰਾਂ ਵਿੱਚ ਪਾਂਧੇ ਜਾਂ ਪੰਡਿਤ ਤੋਂ ਪੱਤਰੀ ਖੁਲ੍ਹਵਾ ਕੇ ਸ਼ੁਭ-ਮਹੂਰਤ ਅਨੁਸਾਰ ਵਿਆਹ ਦਾ ਦਿਨ ਮੁਕੱਰਰ ਕੀਤਾ ਜਾਂਦਾ ਹੈ। ਸਰਾਧ, ਤਾਰਾ-ਡੁੱਬਣਾ, ਅਮਾਵਸ, ਕੱਤਕ ਤੇ ਪੋਹ ਦੇ ਮਹੀਨੇ ਆਦਿ ਵਿੱਚ ਲਗਨ ਨਹੀਂ ਕੀਤਾ ਜਾਂਦਾ। ਸੰਗਰਾਂਦ,ਇਕਾਦਸ਼ੀ, ਪੂਰਨਮਾਸ਼ੀ ਨੂੰ ਸ਼ਾਦੀ ਲਈ ਸ਼ੁਭ ਮੰਨਿਆ ਜਾਂਦਾ ਹੈ।

**ਸਾਹਾ-ਚਿੱਠੀ:** ਇਹ ਚਿੱਠੀ ਲੜਕੀ ਦੇ ਪਿਤਾ,ਨਾਤੇਦਾਰਾਂ,ਪੰਚਾਇਤ ਵੱਲੋਂ ਲੜਕੀ ਦੇ ਸਹੁਰਾ ਪਰਿਵਾਰ ਨੂੰ ਘੱਲੀ ਜਾਂਦੀ ਹੈ। ਇਸ ਵਿੱਚ ਉਹਨਾਂ ਨੂੰ ਰਸਮੀ ਤੌਰ 'ਤੇ ਵਿਆਹ ਦੀ ਤਾਰੀਖ, ਦਿਨ, ਸਥਾਨ ਆਦਿ ਬਾਰੇ ਸੂਚਨਾ ਦਿੰਦਿਆਂ ਨਿਯਤ ਸਮੇਂ ਢੁੱਕਣ ਲਈ ਅਰਜ਼ ਗੁਜ਼ਾਰੀ ਜਾਂਦੀ ਹੈ। ਹੇਠਾਂ ਲੜਕੀ ਦੇ ਮਾਤਾ-ਪਿਤਾ/ਰਿਸ਼ਤੇਦਾਰਾਂ/ਪੰਚਾਇਤ/ ਜਾਂ ਮੁਹੱਲੇਦਾਰਾਂ ਦੇ ਨਾਮ, ਦਸਤਖ਼ਤ ਹੁੰਦੇ ਹਨ। ਇਹ ਚਿੱਠੀ ਪਾਂਧਾ ਕੇਸਰ ਦੀ ਸਿਆਹੀ ਨਾਲ ਲਿਖਦਾ ਹੈ, ਕਈ ਵਾਰ ਕਲਮ ਨਾਲ ਲਿਖ ਕੇ ਉੱਤੇ ਕੇਸਰ ਦੇ ਟਿੱਕੇ ਲਾ ਦਿੱਤੇ ਜਾਂਦੇ ਹਨ। ਅੱਜਕੱਲ੍ਹ ਤਾਂ ਵਿਆਹ ਦੇ ਕਾਰਡਾਂ ਵਾਂਗ ਸਾਹੇ-ਚਿੱਠੀਆਂ ਵੀ ਛਪਾ ਲਈਆਂ ਜਾਂਦੀਆਂ ਹਨ,ਜਿਹਨਾਂ ਨੂੰ ਸ਼ਨੀਲ, ਵੈਲਵਟ,ਤਿੱਲੇ ਆਦਿ ਨਾਲ ਸ਼ਿੰਗਾਰ ਦਿੱਤਾ ਜਾਂਦਾ ਹੈ। ਸਾਹੇ-ਚਿੱਠੀ ਦੇ ਨਾਲ ਮਿਸ਼ਰੀ,ਖੰਡ, ਚੌਲ,ਹਲਦੀ ਦੀ ਪੁੜੀ ਤੇ ਹਰੇਵਾਈ ਵਜੋਂ ਸਾਵੇ ਘਾਹ ਦੀਆਂ ਤਿੜਾਂ ਦੀ ਗੁੱਛੀ ਵੀ ਭੇਜੀ ਜਾਂਦੀ ਹੈ। ਆਮ ਤੌਰ 'ਤੇ ਇਹ ਚਿੱਠੀ ਲਾਗੀ ਹੱਥ ਹੀ ਭੇਜੀ ਜਾਂਦੀ ਹੈ, ਪਰ ਕਦੀ ਕਦੀ ਲੜਕੀ ਦਾ ਕੋਈ ਸਬੰਧੀ ਜਾਂ ਵਿਚੋਲਾ ਵੀ ਇਹਨੂੰ ਲੈ ਜਾਂਦਾ ਹੈ। ਸਾਹਾ-ਚਿੱਠੀ ਪਹੁੰਚਣ 'ਤੇ ਲੜਕੇ ਦਾ ਬਾਪ ਬਰਾਦਰੀ ਨੂੰ ਸੱਦ ਕੇ ਸਭ ਦੇ ਸਾਹਮਣੇ ਇਹਨੂੰ ਪੜ੍ਹਾਉਂਦਾ ਹੈ। ਸਾਰੇ ਵਧਾਈਆਂ ਦਿੰਦੇ ਹਨ, ਮੂੰਹ ਮਿੱਠਾ ਕਰਦੇ ਹਨ। ਚਿੱਠੀ ਲਿਆਉਣ ਵਾਲੇ ਨੂੰ ਲਾਗ, ਕੰਬਲ, ਨਕਦੀ ਆਦਿ ਦੇ ਕੇ ਵਾਪਿਸ ਤੋਰਿਆ ਜਾਂਦਾ ਹੈ।

**ਗੰਢਾਂ ਦੇਣੀਆਂ/ਸੱਦਾ-ਪੱਤਰ:** ਪਹਿਲੇ ਸਮਿਆਂ ਵਿੱਚ ਵਿਆਹ ਦੀ ਸੂਚਨਾ ਗੰਢਾਂ ਰਾਹੀਂ ਦਿੱਤੀ ਜਾਂਦੀ ਸੀ। ਖੰਮ੍ਹਣੀ ਨੂੰ ਸੱਤ ਗੰਢਾਂ ਦੇ ਕੇ ਲਾਗੀ ਹੱਥ ਭੇਜਿਆ ਜਾਂਦਾ ਸੀ, ਫਿਰ ਪੋਸਟ-ਕਾਰਡਾਂ ਉੱਤੇ ਵਿਆਹ ਦਾ ਵੇਰਵਾ ਲਿਖ ਕੇ ਉਹਨੂੰ ਹਲਦੀ ਜਾਂ ਕੇਸਰ ਲਗਾ ਕੇ ਭੇਜਿਆ ਜਾਣ ਲੱਗਿਆ ਜੋ ਅਜੋਕੇ ਕਾਰਡਾਂ ਦਾ ਰੂਪ ਧਾਰ ਗਿਆ ਹੈ। ਕੁੜਮਾਈ, ਪਾਠ, ਕਥਾ, ਭਜਨ-ਕੀਰਤਨ, ਸੁਹਾਗ-ਸੰਗੀਤ, ਵਿਆਹ, ਸਵਾਗਤੀ ਸਮਾਰੋਹ ਦੇ ਕਾਰਡ ਛਪਵਾ ਲਏ ਜਾਂਦੇ ਹਨ,ਜਿਹਨਾਂ ਵਿੱਚ ਸਬੰਧਤ ਪ੍ਰੋਗਰਾਮਾਂ ਦਾ ਵੇਰਵਾ ਹੁੰਦਾ ਹੈ। ਬਹੁਤੀ ਵਾਰ ਪ੍ਰਾਹੁਣਿਆਂ ਨੂੰ ਅਲੱਗ-ਅਲੱਗ ਸਮਾਗਮਾਂ 'ਤੇ ਸੱਦਿਆ ਜਾਂਦਾ ਹੈ ਤੇ ਉਹਨਾਂ ਨੂੰ ਉਹੀ ਸੱਦਾ-ਪੱਤਰ ਦਿੱਤਾ ਜਾਂਦਾ ਹੈ, ਜਿਸ 'ਤੇ ਬੁਲਾਉਣ ਦੀ ਇੱਛਾ ਹੋਵੇ। ਇਹ ਕਾਰਡ ਉਸੇ ਨਾਲ ਮੇਲ ਖਾਂਦੇ ਲਿਫਾਫੇ ਅੰਦਰ ਪਾ ਕੇ ਡਾਕ ਵਿੱਚ ਪਾਏ ਜਾਂਦੇ ਹਨ ਜਾਂ ਕਿਸੇ ਹੱਥ ਘੱਲੇ ਜਾਂਦੇ ਹਨ। ਹੱਥੀਂ ਘੱਲਣ ਵੇਲੇ ਨਾਲ ਮਿਠਾਈ, ਸੁੱਕੇ ਮੇਵਿਆਂ ਜਾਂ ਪੰਜੀਰੀ ਦਾ ਡੱਬਾ ਦਿੱਤਾ ਜਾਂਦਾ ਹੈ। ਅੱਜਕੱਲ੍ਹ ਤਾਂ ਇਸ ਡੱਬੇ ਵਿੱਚ ਹੀ ਇਕ ਜੇਬ ਬਣੀ ਹੁੰਦੀ ਹੈ,ਜਿਸ ਵਿੱਚ ਸੱਦਾ-ਪੱਤਰ ਪਾ ਦਿੱਤਾ ਜਾਂਦਾ ਹੈ ਤੇ ਡੱਬੇ ਉੱਤੇ ਵਿਆਹ ਵਾਲੀ ਜੋੜੀ ਅਤੇ ਮਾਤਾ-ਪਿਤਾ ਦਾ ਨਾਂ, ਪਤਾ, ਫੋਨ ਆਦਿ ਛਪਿਆ ਹੁੰਦਾ ਹੈ।

ਪਰ ਅਜੇ ਵੀ ਵਿਆਂਹਦੜ ਦੀ ਮਾਂ ਆਪਣੇ ਪੇਕਿਆਂ ਦੇ ਘਰ ਕਾਰਡ ਅਤੇ ਮਿਠਾਈ ਲੈ ਕੇ ਆਪ ਗੰਢ ਦੇਣ ਜਾਂਦੀ ਹੈ, ਅੱਗੋਂ ਉਹ ਉਹਨੂੰ ਸੂਟ ਤੇ ਰੁਪਏ ਦੇ ਕੇ ਵਿਦਾ ਕਰਦੇ ਹਨ। ਇਸ ਵੇਲੇ ਨਾਨਕੀਛੱਕ ਬਾਰੇ ਵੀ ਵਿਚਾਰ-ਵਟਾਂਦਰਾ ਕਰ ਲਿਆ ਜਾਂਦਾ ਹੈ।

**ਕੁੜਮਾਈ/ਰੋਪਨਾ/ਮੰਗਣਾ/ਸਗਾਈ (Engagement):** ਅਜੋਕੇ ਸਮਿਆਂ ਵਿੱਚ ਇਹ ਸ਼ਾਦੀ ਤੋਂ ਕੁਝ ਦਿਨ ਪਹਿਲਾਂ ਹੀ ਕੀਤੀ ਜਾਂਦੀ ਹੈ, ਪਰ ਕਿਤੇ ਕਿਤੇ ਕਈ ਮਹੀਨੇ, ਸਾਲ ਪਹਿਲਾਂ ਵੀ ਇਹ ਰੀਤ ਨਿਭਾਅ ਲਈ ਜਾਂਦੀ ਹੈ।ਕੁੜੀ ਦੇ ਸਾਕ-ਸਬੰਧੀ ਮੁੰਡੇ ਵਾਲਿਆਂ ਦੇ ਘਰ ਜਾਂ ਹੋਰ ਕਿਸੇ ਨਿਸਚਤ ਸਥਾਨ 'ਤੇ ਜੋ ਅਕਸਰ ਕੋਈ ਹੋਟਲ,ਪੈਲੇਸ ਜਾਂ ਬੈਂਕੁਇਟ ਹਾਲ ਹੁੰਦਾ ਹੈ, ਜਾਂਦੇ ਹਨ।ਇਸ ਸਮੇਂ ਮੁੰਡੇ ਵਾਲਿਆਂ ਦੇ ਰਿਸ਼ਤੇਦਾਰ ਵੀ ਹਾਜ਼ਿਰ ਹੁੰਦੇ ਹਨ।ਕੁੜੀ ਦਾ ਪਿਤਾ ਨਾਲ ਲਿਆਂਦੀ ਕੁੜਮਾਈ ਦੀ ਥਾਲੀ ਵਿਚੋਂ ਕੇਸਰ ਤੇ ਚਾਵਲ ਲੈ ਕੇ ਮੁੰਡੇ ਦੇ ਮੱਥੇ 'ਤੇ ਟਿੱਕਾ ਲਗਾਉਂਦਾ ਹੈ,ਫਿਰ ਉਸ ਦੇ ਮੂੰਹ ਨੂੰ ਛੁਹਾਰਾ ਲਾਉਂਦਾ ਹੈ ਤੇ ਝੋਲੀ ਵਿੱਚ ਸ਼ਗਨ ਵਜੋਂ ਕੁਝ ਰੁਪਏ ਪਾ ਦਿੰਦਾ ਹੈ।ਥੋੜ੍ਹਾ ਜਿਹਾ ਕੇਸਰ ਪਾਣੀ ਵਿੱਚ ਘੋਲ ਕੇ ਵਰ-ਪੱਖ ਦੇ ਲੋਕਾਂ ਦੇ ਕੱਪੜਿਆਂ 'ਤੇ ਵੀ ਤਰੌਂਕਿਆ ਜਾਂਦਾ ਹੈ।ਸਾਰੇ ਮਿਲ ਕੇ ਨੱਚਦੇ-ਗਾਉਂਦੇ ਹਨ,ਖਾਂਦੇ-ਪੀਂਦੇ ਹਨ ਤੇ ਜਾਣ ਵੇਲੇ ਮੁੰਡੇ ਵਾਲਿਆਂ ਨੂੰ ਮਿਠਾਈ ਦੇ ਡੱਬੇ ਦਿੱਤੇ ਜਾਂਦੇ ਹਨ।

ਆਪਣੀ ਆਪਣੀ ਸਹੂਲਤ ਮੁਤਾਬਿਕ ਇਹ ਰਸਮ ਪੁਰਾਣੇ ਤਰੀਕਿਆਂ ਨਾਲ ਵੀ ਮਨਾਈ ਜਾਂਦੀ ਹੈ।ਕੁੜੀ ਵਾਲੇ ਸ਼ਗਨਾਂ ਦੇ ਪੰਜ,ਸੱਤ ਜਾਂ ਗਿਆਰਾਂ ਥਾਲ ਲੈਕੇ ਮੁੰਡੇ ਦੇ ਘਰ ਜਾਂਦੇ ਹਨ।ਇਹਨਾਂ ਥਾਲਾਂ ਵਿੱਚ ਖੋਪਾ, ਛੁਹਾਰੇ, ਕੂਜਾ-ਮਿਸ਼ਰੀ, ਗੁੜ,ਮਿਠਾਈਆਂ, ਸੁੱਕੇ ਮੇਵੇ, ਫਲ, ਇਕ ਕਟੋਰੀ ਵਿੱਚ ਕੇਸਰ ਤੇ ਇਕ ਪੁੜੀ ਵਿੱਚ ਚੌਲ ਹੁੰਦੇ ਹਨ।ਬਰਾਦਰੀ ਅਤੇ ਪੰਚਾਇਤ ਦੇ ਸਾਹਮਣੇ ਮੁੰਡੇ ਨੂੰ ਚੌਂਕੀ ਉੱਤੇ ਬਿਠਾ ਕੇ ਕੁੜੀ ਦਾ ਪਿਤਾ ਉਹਦੇ ਕੇਸਰ ਦਾ ਤਿਲਕ ਲਾ ਕੇ ਮੂੰਹ ਨੂੰ ਛੁਹਾਰਾ ਲਾਉਂਦਾ ਹੈ ਤੇ ਫਿਰ ਲੱਡੂ ਜਾਂ ਮਿਸ਼ਰੀ ਨਾਲ ਮੂੰਹ ਮਿੱਠਾ ਕਰਾ ਕੇ ਸ਼ਗਨ ਵਜੋਂ ਰੁਪਏ ਦਿੰਦਾ ਹੈ।

ਇਸ ਮੌਕੇ ਹਿੰਦੂ-ਪਰਿਵਾਰਾਂ ਵਿੱਚ ਕੁੱਲ-ਪਰੋਹਤ ਜਾਂ ਪੰਡਿਤ ਨੂੰ ਸੱਦਿਆ ਜਾਂਦਾ ਹੈ ਜੋ ਹਵਨ ਕਰਕੇ ਮੰਤਰ ਉਚਾਰਦਾ ਹੈ ਤੇ ਫਿਰ ਲੜਕੇ ਨੂੰ ਤਿਲਕ ਲਗਾਇਆ ਜਾਂਦਾ ਹੈ।

ਸਿੱਖ-ਪਰਿਵਾਰਾਂ ਵਿੱਚ ਗੁਰਦੁਆਰੇ ਦੇ ਗ੍ਰੰਥੀ ਨੂੰ ਬੁਲਾ ਲਿਆ ਜਾਂਦਾ ਹੈ,ਜੋ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਪੜ੍ਹਕੇ ਅਰਦਾਸ ਕਰਦਾ ਹੈ ਤੇ ਫਿਰ ਮੁੰਡੇ ਦੇ ਮੱਥੇ 'ਤੇ ਟਿੱਕਾ ਲਾ ਕੇ ਸ਼ਗਨ ਕੀਤਾ ਜਾਂਦਾ ਹੈ।ਕਈ ਵਾਰ ਸ੍ਰੀ ਅਖੰਡ-ਪਾਠ,ਸਹਿਜ-ਪਾਠ ਜਾਂ ਸੁਖਮਨੀ ਸਾਹਿਬ ਦਾ ਭੋਗ ਪੁਆ ਕੇ ਵੀ ਇਹ



ਰਸਮ ਕੀਤੀ ਜਾਂਦੀ ਹੈ।ਅਗਾਂਹ ਵਧੂ ਸਿੱਖ-ਪਰਿਵਾਰਾਂ ਵਿੱਚ ਟਿੱਕਾ ਨਹੀਂ ਲਗਾਇਆ ਜਾਂਦਾ,ਬਾਕੀ ਰਸਮ ਉਵੇਂ ਹੀ ਕੀਤੀ ਜਾਂਦੀ ਹੈ।

ਮੁੰਡੇ ਵਾਲੇ ਉਸੇ ਦਿਨ ਕੁੜੀ ਲਈ ਸ਼ਗਨ ਵਜੋਂ ਖੰਡ,ਚਾਵਲ, ਛੁਹਾਰੇ, ਸੁੱਕੇ ਮੇਵੇ, ਕੋਈ ਗਹਿਣਾ, ਤਿਉਰ ਤੇ 'ਸੁਹਾਗ-ਪਟਾਰੀ' ਭੇਜ ਦਿੰਦੇ ਹਨ।ਇਸ ਸੁਹਾਗ-ਪਟਾਰੀ ਵਿੱਚ ਮਹਿੰਦੀ, ਖੰਮਣੀ, ਪਰਾਂਦੀ, ਬਿੰਦੀ-ਸੁਰਖੀ, ਨਹੁੰ-ਪਾਲਿਸ਼, ਲਾਲ-ਗੁਲਾਬੀ ਰਿਬਨ ਆਦਿ ਹੁੰਦੇ ਹਨ।ਕੁੜੀ ਵਾਲੇ ਕਿਸੇ ਸ਼ੁਭ-ਦਿਹਾੜੇ ਨੈਣ ਨੂੰ ਬੁਲਾਉਂਦੇ ਹਨ, ਕੁੜੀ ਨੂੰ ਇਸ਼ਨਾਨ ਪਿਛੋਂ ਸਹੁਰਿਆਂ ਤੋਂ ਆਏ ਕੱਪੜੇ ਗਹਿਣੇ ਪਹਿਨਾ ਕੇ, ਚੜ੍ਹਦੇ ਵੱਲ ਮੂੰਹ ਕਰਕੇ ਚੌਂਕੀ ਜਾਂ ਪੀਹੜੇ ਉੱਤੇ ਬਿਠਾ ਦਿੱਤਾ ਜਾਂਦਾ ਹੈ।ਸੁਹਾਗ-ਪਟਾਰੀ ਵਿਚੋਂ ਲੈ ਕੇ ਮਹਿੰਦੀ ਲਾਈ ਜਾਂਦੀ ਹੈ,ਹਾਰ-ਸ਼ਿੰਗਾਰ ਕੀਤਾ ਜਾਂਦਾ ਹੈ ਤੇ ਨੈਣ ਉਹਦੀ ਝੋਲੀ ਵਿੱਚ ਸਹੁਰਿਆਂ ਵੱਲੋਂ ਆਈਆਂ ਵਸਤਾਂ ਪਾ ਕੇ ਉਹਦੇ ਮੂੰਹ ਨੂੰ ਖੰਡ ਜਾਂ ਮਿਸ਼ਰੀ ਤੇ ਛੁਹਾਰੇ ਲਾਉਂਦੀ ਹੈ।

ਇਥੋਂ ਤੱਕ ਤਾਂ ਸਭ ਬਹੁਤ ਸੋਹਣਾ ਸੁਹਾਵਣਾ ਹੈ,ਪਰ ਅੱਜਕੱਲ੍ਹ ਕੁਝ ਕੁਰੀਤੀਆਂ ਨੇ ਇਸ ਰਿਵਾਜ਼ ਨੂੰ ਮਾਪਿਆਂ ਲਈ ਸਾਹ-ਸੂਤਵਾਂ ਬਣਾ ਦਿੱਤਾ ਹੈ,ਮੁੰਡੇ ਦੀ ਝੋਲੀ ਵਿੱਚ ਪਾਇਆ ਸ਼ਗਨ ਦਾ ਰੁਪੱਈਆ,ਜੋ ਕਦੀ ਸਿਰਫ ਇਕ ਰੁਪੱਈਆ ਜਾਂ ਵੱਧ ਤੋਂ ਵੱਧ ਸੌ ਰੁਪੱਈਆ ਹੁੰਦਾ ਸੀ,ਹੁਣ ਹਜ਼ਾਰਾਂ ਲੱਖਾਂ ਤੱਕ ਪਹੁੰਚ ਗਿਆ ਹੈ।ਇਸ ਦੇ ਨਾਲ ਨਾਲ ਮੁੰਡੇ ਲਈ ਕੜਾ, ਜ਼ੰਜੀਰੀ,ਛਾਪ,ਕੀਮਤੀ ਘੜੀ ਤੇ ਉਹਦੇ ਮਾਤਾ-ਪਿਤਾ ਤੇ ਹੋਰ ਰਿਸ਼ਤੇਦਾਰਾਂ ਲਈ,ਸੂਟ, ਕੰਬਲ,ਗਹਿਣੇ ਤੇ ਹੋਰ ਕੀਮਤੀ ਤੋਹਫ਼ੇ ਮਾਪਿਆਂ ਦੀ ਵਿਤੋਂ ਬਾਹਰ ਹੋਣ ਕਰਕੇ ਧੀਆਂ ਨੂੰ ਜੰਮਣੋਂ ਪਹਿਲਾਂ ਹੀ ਮਾਰ ਦੇਣ ਦਾ ਕਾਰਨ ਬਣ ਗਏ ਹਨ।

**ਮੁੰਦਰੀ ਦੀ ਰਸਮ (Ring ceremony):** ਇਹ ਰਿਵਾਜ਼ ਪੱਛਮੀ ਸੱਭਿਅਤਾ ਦੀ ਦੇਣ ਹੈ ਤੇ ਹੁਣ ਸਾਡੇ ਵਿਆਹਾਂ ਦਾ ਹਿੱਸਾ ਹੋ ਗਿਆ ਹੈ,ਜਿਸ ਵਿੱਚ ਮੰਗੇਤਰ ਇਕ ਦੂਜੇ ਨੂੰ ਮੁੰਦਰੀ ਪਾਉਂਦੇ ਹਨ।ਇਹ ਰਸਮ ਕੁੜਮਾਈ ਸਮਾਗਮ ਵਿੱਚ ਹੀ ਕਰ ਲਈ ਜਾਂਦੀ ਹੈ ਤੇ ਕਈ ਵਾਰ ਸਹੁਰੇ ਚੁੰਨੀ ਚੜ੍ਹਾਉਣ ਦੀ ਰਸਮ ਵੀ ਇਸੇ ਵੇਲੇ ਕਰ ਲੈਂਦੇ ਹਨ।

**ਚੁੰਨੀ-ਚੜ੍ਹਾਉਣਾ:**ਅਕਸਰ ਇਹ ਰਸਮ ਠਾਕੇ ਜਾਂ ਕੁੜਮਾਈ ਵਾਲੇ ਦਿਨ ਹੀ ਕਰ ਲਈ ਜਾਂਦੀ ਹੈ ਤੇ ਕਈ ਵਾਰ ਕੋਈ ਹੋਰ ਦਿਨ ਮਿਥ ਲਿਆ ਜਾਂਦਾ ਹੈ।ਮੁੰਡੇ ਵਾਲੇ ਕੁੜੀ ਦੇ ਘਰ ਆਉਂਦੇ ਹਨ,ਮੁੰਡੇ ਦੀ ਭੈਣ ਜਾਂ ਭਰਜਾਈ ਕੁੜੀ

ਦੇ ਸਿਰ 'ਤੇ ਗੋਟੇਦਾਰ ਸਿਲਮੇ-ਸਿਤਾਰਿਆਂ ਵਾਲੀ ਜਾਂ ਫੁਲਕਾਰੀ ਦੀ ਕਢਾਈ ਵਾਲੀ ਲਾਲ, ਗੁਲਾਬੀ, ਗੁਲਾਨਾਰੀ, ਸੰਦਲੀ ਜਾਂ ਸੁਨਹਿਰੀ ਚੁੰਨੀ ਦਿੰਦੀ ਹੈ, ਉਹਦੇ ਨਹੁੰ ਪਾਲਿਸ਼ ਲਾਉਂਦੀ ਹੈ, ਕੋਈ ਜ਼ੇਵਰ ਪਾਉਂਦੀ ਹੈ ਤੇ ਉਹਦੀ ਝੋਲੀ ਵਿੱਚ ਤਿਉਰ, ਮੌਲੀ, ਬਦਾਮ-ਛੁਹਾਰੇ ਜਾਂ ਹੋਰ ਸੁੱਕੇ ਮੇਵੇ ਪਾ ਕੇ ਸੁਹਾਗ-ਪਟਾਰੀ ਦੇ ਦਿੰਦੀ ਹੈ। ਕਈ ਵਾਰ ਕੁੜੀ ਨੂੰ ਪਹਿਲਾਂ ਸਹੁਰਿਆਂ ਵੱਲੋਂ ਲਿਆਂਦਾ ਤਿਉਰ ਪਹਿਨਾਇਆ ਜਾਂਦਾ ਹੈ ਤੇ ਫੇਰ ਬਾਕੀ ਸਭ ਕੁਝ ਕੀਤਾ ਜਾਂਦਾ ਹੈ।

ਇਹ ਰਵਾਇਤ ਕੁੜੀ ਨੂੰ ਮੁਹੱਬਤੀ ਸੁਫ਼ਨਿਆਂ ਤੇ ਸਤਰੰਗੀਆਂ ਸੱਧਰਾਂ ਦੇ ਹੁਲ੍ਹਾਰੇ ਬਖਸ਼ਣ ਵਾਲੀ ਤੇ ਉਸਦੇ ਪੇਕੜਿਆਂ ਨੂੰ ਆਪਣੀ ਧੀ ਲਈ ਸੋਹਣਾ ਵਰ-ਘਰ ਲੱਭ ਜਾਣ ਦਾ ਚਾਅ ਦੇਣ ਵਾਲੀ ਹੈ,ਪਰ ਲੋਭ-ਲਾਲਚ ਨੇ ਇਸ ਨੂੰ ਵੀ ਗ੍ਰਹਿਣ ਲਾ ਦਿੱਤਾ ਹੈ। ਜਿੰਨੇ ਵੀ ਰਿਸ਼ਤੇਦਾਰ ਚੁੰਨੀ ਚੜ੍ਹਾਉਣ ਲਈ ਆਉਂਦੇ ਨੇ,ਉਹਨਾਂ ਸਾਰਿਆਂ ਦੀ ਸੂਟ, ਤੋਹਫੇ ਆਦਿ ਲੈਣ ਦੀ ਤ੍ਰਿਸ਼ਨਾ ਨੇ ਮਾਪਿਆਂ ਦੇ ਸੀਰਮੇ ਪੀ ਲਏ ਹਨ।

ਇਹਨਾਂ ਸਭ ਰੀਤਾਂ ਤੋਂ ਬਾਅਦ ਵਿਆਹ ਦੇ ਕਾਰਜ ਅਰੰਭ ਹੋ ਜਾਂਦੇ ਹਨ:

**ਗੌਣ ਬਿਠਾਉਣਾ:** ਵਿਆਹ ਤੋਂ ਸੱਤ ਜਾਂ ਗਿਆਰਾਂ ਦਿਨ ਪਹਿਲਾਂ ਗੌਣ ਬਿਠਾਇਆ ਜਾਂਦਾ ਹੈ, ਜਿਸ ਜਿਸ ਨੂੰ ਬੁਲਾਉਣਾ ਹੋਵੇ, ਉਸ ਘਰ ਨੈਣ ਜਾਂ ਲਾਗਣ ਦੇ ਹੱਥ 'ਗੌਣ ਦੇ ਸੱਦੇ' ਦੇ ਨਾਲ ਗੁੜ ਘੱਲਿਆ ਜਾਂਦਾ ਹੈ। ਤਾਈਆਂ-ਚਾਚੀਆਂ, ਆਂਢਣਾਂ-ਗਵਾਂਢਣਾਂ ਇਕੱਠੀਆਂ ਹੋ ਕੇ ਗੀਤ ਗਾਉਂਦੀਆਂ ਹਨ,ਜਾਣ ਲੱਗੀਆਂ ਨੂੰ ਲੱਡੂ ਦਿੱਤੇ ਜਾਂਦੇ ਹਨ। ਉਹ ਵਿਆਹ ਦੇ ਦਿਨ ਤੱਕ ਹਰ ਰਾਤ ਨੂੰ ਗੀਤ ਗਾਉਣ ਆਉਂਦੀਆਂ ਹਨ। ਪਰ ਸ਼ਹਿਰੀ ਜੀਵਨ ਦੀ ਕਾਹਲ-ਭਰੀ ਜ਼ਿੰਦਗੀ ਨੇ ਫਿਜ਼ਾਵਾਂ ਵਿੱਚ ਸੰਗੀਤ ਛਿੜਕਦਾ ਇਹ ਪਿਆਰਾ ਰਿਵਾਜ਼ ਲਗਭਗ ਖਤਮ ਕਰ ਦਿੱਤਾ ਹੈ,ਇਸ ਨੂੰ ਫਿਰ ਤੋਂ ਸੁਰਜੀਤ ਕਰਕੇ ਮੋਹ ਦੀਆਂ ਸਾਂਝਾਂ ਪੁਆਣਾ ਸਮੇਂ ਦੀ ਲੋੜ ਹੈ।

**ਵਿਆਹ ਦੇ ਕੰਮ-ਕਾਜ:** ਉਪ੍ਰੋਕਤ ਗੌਣ ਵਾਲੇ ਦਿਨਾਂ ਵਿੱਚ ਹੀ ਸੁਆਣੀਆਂ ਵਿਆਹ ਵਾਲੇ ਘਰ ਦੇ ਛੋਟੇ-ਮੋਟੇ ਕੰਮਾਂ ਵਿੱਚ ਹੱਥ ਵਟਾਉਂਦੀਆਂ ਹਨ,ਇਹ ਸੱਤ-ਸੁਹਾਗਣਾਂ ਦੇ ਹੱਥੋਂ ਹੀ ਕਰਵਾਏ ਜਾਂਦੇ ਹਨ,ਜਿਹੜੀਆਂ ਤਾਈਆਂ-ਚਾਚੀਆਂ, ਆਂਢਣਾਂ-ਗਵਾਂਢਣਾਂ ਵਿਚੋਂ ਹੁੰਦੀਆਂ ਹਨ। ਮੁੱਖ ਤੌਰ 'ਤੇ ਅੱਗੇ ਲਿਖੇ ਕਾਰਜ ਹੁੰਦੇ ਹਨ:



**ਵੜੀਆਂ ਟੁੱਕਣਾ:** ਰਾਤ ਨੂੰ ਮਾਂਹ ਦਾ ਆਟਾ, ਨਮਕ-ਮਿਰਚ, ਜ਼ੀਰਾ, ਹਿੰਗ ਆਦਿ ਭਿਉਂ ਦਿੱਤੇ ਜਾਂਦੇ ਹਨ ਤੇ ਸਵੇਰੇ ਵੜੀਆਂ ਟੁਕੀਆਂ ਜਾਂਦੀਆਂ ਹਨ। ਸੁਕਾਈਆਂ ਗਈਆਂ ਵੜੀਆਂ ਦੀ ਸਬਜ਼ੀ ਵਿਆਹ ਵਾਲੇ ਦਿਨਾਂ ਵਿੱਚ ਇਕ ਡੰਗ ਜ਼ਰੂਰ ਬਣਾਈ ਜਾਂਦੀ ਹੈ,ਕੁਝ ਵੜੀਆਂ ਲਾੜੀ ਦੇ ਸਹੁਰੇ ਭੇਜੀਆਂ ਜਾਂਦੀਆਂ ਹਨ,ਆਂਢ-ਗਵਾਂਢ ਤੇ ਸਾਕ-ਸਬੰਧੀਆਂ ਵਿੱਚ ਵੰਡੀਆਂ ਜਾਂਦੀਆਂ ਹਨ। ਪੁਰਾਣੇ ਸਮਿਆਂ ਵਿੱਚ ਇਹਦਾ ਖਾਸ ਮਹੱਤਵ ਸੀ,ਕਿਉਂਕਿ ਉਦੋਂ ਅੱਜ ਵਾਂਗ ਤਰ੍ਹਾਂ ਤਰ੍ਹਾਂ ਦੀਆਂ ਸਬਜ਼ੀਆਂ ਨਹੀਂ ਬਣਾਈਆਂ ਜਾਂਦੀਆਂ ਸਨ ਤੇ ਆਲੂ ਵੜੀਆਂ ਦੀ ਸਬਜ਼ੀ ਵਿਸ਼ੇਸ਼ ਪ੍ਰਾਹੁਣਿਆਂ ਨੂੰ ਪਰੋਸੀ ਜਾਂਦੀ ਸੀ।

**ਚੱਕੀ-ਹੱਥ (ਗਲ਼ਾ-ਪਾਉਣਾ):** ਇਹ ਪੁਰਾਣੇ ਵਕਤਾਂ ਵਿੱਚ ਕੀਤਾ ਜਾਂਦਾ ਸੀ,ਤੀਵੀਂਆਂ ਚੱਕੀ ਵਿੱਚ ਕਣਕ ਦਾ ਗਲਾ ਪਾ ਕੇ ਪੀਂਹਦੀਆਂ ਸਨ। ਪਰ ਹੁਣ ਆਟੇ-ਚੱਕੀ ਤੋਂ ਮਿਲਦੇ ਜਾਂ ਪਿਹਾਏ ਜਾਂਦੇ ਆਟੇ ਕਰਕੇ ਇਹ ਰਸਮ ਕਿਤੇ ਕਿਤੇ ਇਕ ਚਿੰਨ ਵਾਂਗ ਹੀ ਮਨਾਈ ਜਾਂਦੀ ਹੈ,'ਕਣਕ ਛੱਟਣ' 'ਦਾਲ ਚੁਗਣ 'ਤੇ 'ਆਟਾ ਛਾਨਣ' ਦੇ ਕਾਰਜ ਅਜੇ ਵੀ ਕੀਤੇ ਜਾਂਦੇ ਹਨ।

**ਦਾਲ-ਦਲਣਾ:** ਇਹ ਪਿਰਤ ਵੀ ਦੂਰ-ਦੁਰਾਡੇ ਇਲਾਕਿਆਂ ਵਿੱਚ ਲੱਭਦੀ ਹੈ,ਚੱਕੀ ਨਾਲ ਦਾਲ ਦਲੀ ਜਾਂਦੀ ਹੈ। ਆਮ ਤੌਰ 'ਤੇ ਇਹ ਛੋਲਿਆਂ ਦੀ ਦਾਲ ਹੁੰਦੀ ਹੈ, ਜਿਸ ਨੂੰ ਪੀਹ ਕੇ ਵਿਆਹ ਵਿੱਚ ਵਰਤਣ ਲਈ ਵੇਸਣ ਬਣਾਇਆ ਜਾਂਦਾ ਹੈ।

**ਆਟੇ-ਪਾਣੀ:** ਆਮ ਤੌਰ 'ਤੇ ਇਹ ਪਿੰਡ ਨੂੰ 'ਰੋਟੀ' ਵਾਲੇ ਦਿਨ ਹੁੰਦਾ ਹੈ। ਸੱਤ ਸੁਹਾਗਣਾਂ ਵੱਲੋਂ ਗੀਤਾਂ ਦੇ ਨਾਲ ਨਾਲ ਵੱਡੀ ਪਰਾਂਤ ਵਿੱਚ ਆਟਾ ਪਾ ਕੇ ਗੁੰਨ੍ਹਿਆ ਜਾਂਦਾ ਹੈ, ਜਿਸਦੇ ਬਾਅਦ ਵਿੱਚ ਫੁਲਕੇ ਪਕਾਏ ਜਾਂਦੇ ਹਨ, ਪਹਿਲੀਆਂ ਵਿੱਚ ਮੰਡੇ ਪਕਾਏ ਜਾਂਦੇ ਸਨ।

ਇਸ ਦੇ ਨਾਲ ਹੀ ਉਹ ਰਜ਼ਾਈਆਂ ਨਗੰਦਦੀਆਂ, ਗੋਟਾ-ਕਿਨਾਰੀ ਲਾਉਂਦੀਆਂ, ਮਟਰ ਕੱਢਦੀਆਂ, ਸਬਜ਼ੀ ਚੀਰਦੀਆਂ ਹਨ। ਇਹ ਸਾਰੇ ਕਾਰਜ ਉਹ ਗੀਤ ਗਾਉਂਦੀਆਂ, ਹੱਸਦੀਆਂ-ਖੇਡਦੀਆਂ ਕਰਦੀਆਂ ਹਨ,ਕਿਸੇ ਨੂੰ ਕੰਮ ਦਾ ਬੋਝ ਵੀ ਮਹਿਸੂਸ ਨਹੀਂ ਹੁੰਦਾ ਤੇ ਵਿਆਹ ਵਾਲੇ ਪਰਿਵਾਰ ਦੀ ਬਹੁਤ ਵੱਡੀ ਸਹਾਇਤਾ ਹੋ ਜਾਂਦੀ ਹੈ। ਇਹ ਰਸਮਾਂ ਦੂਰ-ਦੁਰਾਡੇ ਪਿੰਡਾਂ ਵਿੱਚ ਅਜੇ ਵੀ ਪ੍ਰਚੱਲਿਤ ਹਨ ਪਰ ਸ਼ਹਿਰਾਂ, ਕਸਬਿਆਂ ਤੇ ਸ਼ਹਿਰਾਂ ਦੇ ਨੇੜਲੇ ਪਿੰਡਾਂ ਵਿੱਚ ਕੇਟਰਿੰਗ-ਸੇਵਾਵਾਂ ਉਪਲਬਧ ਹੋਣ ਕਰਕੇ ਇਹ ਹੁਣ ਕਿਤੇ ਨਹੀਂ ਦਿਸਦੀਆਂ।

**ਲੱਡੂ ਵੱਟਣੇ:** ਤਿੰਨ-ਚਾਰ ਦਿਨ ਪਹਿਲਾਂ ਵਿਆਹ ਵਾਲੇ ਘਰ ਹਲਵਾਈ ਬਿਠਾਏ ਜਾਂਦੇ ਹਨ, ਜਿਹੜੇ ਵਿਆਹ ਦੀ ਭਾਜੀ ਤੇ ਲੱਡੂਆਂ ਵਾਲੀ ਮਿੱਠੀ ਬੂੰਦੀ ਤਿਆਰ ਕਰਦੇ ਹਨ,ਸ਼ਰੀਕੇ ਕਬੀਲੇ ਦੇ ਮਰਦ ਇਕੱਠੇ ਬਹਿ ਕੇ ਹਾਸਾ-ਠੱਠਾ ਕਰਦੇ ਹੋਏ ਲੱਡੂ ਵੱਟਦੇ ਹਨ।

ਰਿਸ਼ਤਿਆਂ ਵਿੱਚ ਮਿੱਠਤ ਭਰਨ ਵਾਲੀ ਇਹ ਪਰੰਪਰਾ ਪਿੰਡਾਂ ਵਿੱਚ ਅਜੇ ਵੀ ਜਿਉਂਦੀ ਹੈ,ਪਰ ਸ਼ਹਿਰੀਏ ਇਸ ਤੋਂ ਪਾਸਾ ਵੱਟ ਗਏ ਹਨ।

**ਬਾਜਰਾ-ਚੂਰੀ:** ਤਿੰਨ ਕੁ ਦਿਨ ਪਹਿਲਾਂ ਰਾਤ ਨੂੰ ਸੱਤ ਜਣੀਆਂ,ਇਕ ਵਿਆਹੁਲੀ ਕੁੜੀ ਤੇ ਛੇ ਸੁਹਾਗਣਾਂ ਵੱਲੋਂ ਸੱਤ-ਸੱਤ ਮੁੱਠਾਂ ਪਾ ਕੇ ਇਕ ਗਾਗਰ ਜਾਂ ਘੜੇ ਵਿੱਚ ਬਾਜਰਾ ਭਿਉਂਇਆ ਜਾਂਦਾ ਹੈ।ਸਵੇਰੇ ਇਹਨੂੰ ਕੁੜੀ ਦੀ ਚੁੰਨੀ ਵਿੱਚ ਪਾ ਕੇ ਛਾਣਿਆ/ਨਿਚੋੜਿਆ ਜਾਂਦਾ ਹੈ, ਲਾਗਣ ਇਸ ਵਿਚ ਭੋਰਿਆ ਹੋਇਆ ਗੁੜ ਰਲਾ ਕੇ ਫਿਰ ਤੋਂ ਕੁੜੀ ਦੇ ਪੱਲੇ ਵਿੱਚ ਪਾ ਦਿੰਦੀ ਹੈ ਤੇ ਅੱਗੋਂ ਉਹ ਇਹ ਚੂਰੀ ਉੱਥੇ ਹਾਜ਼ਿਰ ਕੁਆਰੀਆਂ ਨੂੰ ਦਿੰਦੀ ਹੈ, ਜਿਹੜੀਆਂ ਇਸ ਆਸ ਨਾਲ ਇਹਨੂੰ ਖਾਂਦੀਆਂ ਹਨ ਕਿ ਹੁਣ ਉਹਨਾਂ ਦੀ ਸ਼ਾਦੀ ਵੀ ਛੇਤੀ ਹੋ ਜਾਏਗੀ।

ਇਹਨਾਂ ਦਿਨਾਂ ਵਿੱਚ ਕੁੜੀ ਨੂੰ ਨਾਨਕਿਆਂ,ਭੂਆ ਜਾਂ ਹੋਰ ਕਿਸੇ ਸਾਕ-ਸਕੀਰੀ ਵਲੋਂ ਆਈ ਬਦਾਮ, ਖੋਪਿਆਂ ਵਾਲੀ ਪੰਜੀਰੀ ਵੀ ਖੁਆਈ ਜਾਂਦੀ ਹੈ।ਇਹ ਸਭ ਉਹਨੂੰ ਵਿਆਹੁਤਾ-ਜੀਵਨ ਵਿੱਚ ਦਾਖਿਲ ਹੋਣ ਤੋਂ ਪਹਿਲਾਂ ਤਨੋ-ਮਨੋ ਤਕੜੀ ਕਰਨ ਦੇ ਚਾਰੇ ਹਨ।

**ਥਾਪਾ:**ਕੁਝ ਹਿੰਦੂ ਪਰਿਵਾਰਾਂ ਵਿੱਚ ਵਿਆਹ ਤੋਂ ਤਿੰਨ ਚਾਰ ਦਿਨ ਪਹਿਲਾਂ ਭਾਬੀ 'ਥਾਪਾ' ਤਿਆਰ ਕਰਦੀ ਹੈ,ਜੇ ਸਾਰੀਆਂ ਰਸਮਾਂ ਘਰ ਵਿੱਚ ਕਰਨੀਆਂ ਹੋਣ ਤਾਂ ਇਹ ਇਕ ਕੰਧ 'ਤੇ ਬਣਾਇਆ ਜਾਂਦਾ ਹੈ,ਪਰ ਕਿਉਂਕਿ ਅੱਜਕੱਲ੍ਹ ਵਿਆਹ ਮੈਰਿਜ-ਪੈਲੇਸ ਜਾਂ ਹੋਟਲ ਵਿੱਚ ਹੁੰਦੇ ਹਨ,ਇਸ ਲਈ ਇਹ ਕੈਲੰਡਰ ਉੱਤੇ ਬਣਾ ਕੇ ਉੱਥੇ ਲਿਜਾਇਆ ਜਾਂਦਾ ਹੈ।ਗਿੱਲੀ ਹਲਦੀ ਉੱਤੇ ਹੱਥ ਲਗਾ ਕੇ, ਕੰਧ ਉੱਤੇ ਥਾਪਾ ਲਗਾਇਆ ਜਾਂਦਾ ਹੈ, ਉਸ ਉੱਤੇ ਮਹਿੰਦੀ ਅਤੇ ਰੋਲੀ ਦੇ ਟਿੱਕੇ ਲਗਾਏ ਜਾਂਦੇ ਹਨ, ਦਵਾਲੇ ਸੱਤ ਚੱਕਰ ਖਿੱਚੇ ਜਾਂਦੇ ਹਨ।ਇਸ ਗੋਲ ਚੱਕਰ ਦੀਆਂ ਲੱਤਾਂ ਬਾਹਾਂ ਵਰਗੀਆਂ ਲਕੀਰਾਂ ਖਿੱਚ ਕੇ ਇਹਨੂੰ ਮਨੁੱਖੀ-ਆਕਾਰ ਦੇ ਦਿੱਤਾ ਜਾਂਦਾ ਹੈ।ਇਹ ਥਾਪਾ ਪਰਮ-ਸ਼ਕਤੀ ਦਾ ਪਰਤੀਕ ਮੰਨਿਆ ਜਾਂਦਾ ਹੈ,ਜਿਸਦੀ ਛਤਰ-ਛਾਇਆ ਹੇਠ ਸਾਰੇ ਕਾਰਜ ਸਿਰੇ ਚੜ੍ਹਦੇ ਹਨ।



**ਮਹਿੰਦੀ:**ਵਿਆਹ ਤੋਂ ਇਕ-ਦੋ ਦਿਨ ਪਹਿਲਾਂ,ਤੇ ਜੇ ਵਟਣਾ ਸ਼ਾਮ ਨੂੰ ਹੈ ਤਾਂ ਸਵੇਰੇ ਇਹ ਕਾਰਜ ਕਰ ਲਿਆ ਜਾਂਦਾ ਹੈ।ਪਹਿਲਾਂ ਤਾਂ ਲੜਕੀ ਦੇ ਸੁਹਰਿਆਂ ਤੋਂ ਆਈ ਮਹਿੰਦੀ ਸਖੀਆਂ-ਸਹੇਲੀਆਂ ਦਵਾਰਾ ਲਗਾਈ ਜਾਂਦੀ ਸੀ।ਅੱਜ-ਕੱਲ੍ਹ ਮਹਿੰਦੀ ਲਗਾਉਣ ਵਾਲੇ ਆ ਗਏ ਹਨ, ਜੋ ਆਪਣੇ ਕੋਲੋਂ ਹੀ ਸਾਰਾ ਸਮਾਨ ਵਰਤਦੇ ਹਨ ਤੇ ਵੱਖ-ਵੱਖ ਨਮੂਨਿਆਂ ਦੀਆਂ ਮਹਿੰਦੀਆਂ ਲਗਾ ਕੇ ਮੇਲਣਾਂ ਨੂੰ ਖੁਸ਼ ਕਰਦੇ ਹਨ।ਇਸ ਮੌਕੇ ਨੂੰ ਮਹਿੰਦੀ ਦੇ ਗੀਤ,ਸੁਹਾਗ, ਘੋੜੀਆਂ ਆਦਿ ਹੋਰ ਮਹਿਕਮਈ ਕਰਦੇ ਹਨ।ਸਿੱਖ ਪਰਿਵਾਰਾਂ ਵਿੱਚ ਅੱਵਲ ਤਾਂ ਮਰਦਾਂ ਦੇ ਮਹਿੰਦੀ ਨਹੀਂ ਲਾਉਂਦੇ,ਪਰ ਕਿਧਰੇ ਕਿਧਰੇ ਹਥੇਲੀ ਉੱਤੇ ਟਿੱਕਾ ਲਗਾ ਦਿੱਤਾ ਜਾਂਦਾ ਹੈ।

ਹਿੰਦੂ ਪਰਿਵਾਰਾਂ ਵਿੱਚ ਵਰ ਤੇ ਕੰਨਿਆ ਦੋਵਾਂ ਦੇ ਮਹਿੰਦੀ ਲਗਾਈ ਜਾਂਦੀ ਹੈ।ਵਿਆਂਹਦੜ ਨੂੰ ਚੌਂਕੀ ਉੱਤੇ ਬਿਠਾ ਕੇ ਤੇ ਚੜ੍ਹਦੇ ਵੱਲ ਮੂੰਹ ਕਰਕੇ ਮਹਿੰਦੀ ਲਾਉਂਦੇ ਹਨ,ਫਿਰ ਉਸ ਵੱਲੋਂ ਮਹਿੰਦੀ ਵਾਲੇ ਹੱਥਾਂ ਨਾਲ ਕੰਧ ਉੱਤੇ ਥਾਪਾ ਲਾਇਆ ਜਾਂਦਾ ਹੈ।ਪਰ ਅੱਜ ਕੱਲ੍ਹ ਮੁਟਿਆਰਾਂ ਮਹਿੰਦੀ ਦਾ ਨਮੂਨਾ ਖਰਾਬ ਹੋ ਜਾਣ ਦੇ ਡਰੋਂ ਇਹ ਥਾਪਾ ਨਹੀਂ ਲਗਾਉਂਦੀਆਂ ਜਾਂ ਹੱਥ ਧੋ ਕੇ ਦੁਬਾਰਾ ਮਹਿੰਦੀ ਲਗਵਾਉਂਦੀਆਂ ਹਨ ਤੇ ਗੱਭਰੂ ਵੀ ਇਕ ਜਾਂ ਪੰਜ ਟਿੱਕੇ ਹੀ ਲਵਾਉਂਦੇ ਹਨ।

**ਰਾਤ-ਜਗਾ/ਰੱਤ-ਜਗਾ:** ਕੁਝ ਹਿੰਦੂ ਸ਼ਾਦੀਆਂ ਵਿੱਚ ਮਹਿੰਦੀ ਰਾਤ-ਜਗਾ/ਰੱਤ-ਜਗਾ ਵੇਲੇ ਲਗਾਈ ਜਾਂਦੀ ਹੈ।ਸ਼ਾਦੀ ਤੋਂ ਤਿੰਨ ਚਾਰ ਦਿਨ ਪਹਿਲਾਂ ਇਕੋ ਗੋਤ/ਕਬੀਲੇ ਦੇ ਲੋਕ ਇਕੱਠੇ ਹੁੰਦੇ ਹਨ ਤੇ ਭਾਬੀ ਦੇ ਬਣਾਏ 'ਥਾਪੇ' ਨੂੰ ਮੱਥਾ ਟੇਕਦੇ ਹਨ,ਉਹਨਾਂ ਨੂੰ ਘੋਲੀ ਹੋਈ ਮਹਿੰਦੀ ਦਿੱਤੀ ਜਾਂਦੀ ਹੈ,ਜਾਂ ਹੱਥਾਂ ਉੱਤੇ ਲਗਾਈ ਜਾਂਦੀ ਹੈ।ਉਸੇ ਵੇਲੇ ਵਿਆਂਹਦੜ ਦੇ ਮਹਿੰਦੀ ਲਗਾ ਕੇ 'ਥਾਪਾ' ਲਗਵਾਇਆ ਜਾਂਦਾ ਹੈ, ਜਿਹੜਾ ਕਈ ਸਾਲਾਂ ਤੱਕ ਘਰ ਦੀ ਕੰਧ 'ਤੇ ਸ਼ੋਭਾ ਦਿੰਦਾ ਰਹਿੰਦਾ ਹੈ ਇਸੇ ਵਕਤ ਸਰੀਕੇ-ਕਬੀਲੇ ਨੂੰ 'ਰੋਟੀ' ਖੁਆ ਦਿੱਤੀ ਜਾਂਦੀ ਹੈ।

**ਗਾਨਾ-ਬੰਨ੍ਹਾਈ:** ਆਮ ਤੌਰ 'ਤੇ ਇਹ ਰਸਮ ਵਟਣਾ ਮਲਣ ਤੋਂ ਐਨ ਪਹਿਲਾਂ ਕੀਤੀ ਜਾਂਦੀ ਹੈ,ਪਰ ਕਈ ਵਾਰ ਕਿਸੇ ਹੋਰ ਦਿਨ ਵੀ ਕਰ ਲਈ ਜਾਂਦੀ ਹੈ।ਮੁੰਡੇ ਦੀ ਸੱਜੀ ਬਾਂਹ ਅਤੇ ਕੁੜੀ ਦੀ ਖੱਬੀ ਬਾਂਹ ਉੱਤੇ ਗਾਨਾ ਬੰਨ੍ਹਿਆ ਜਾਂਦਾ

ਹੈ।ਇਹ ਗਾਨਾ ਪਹਿਲਾਂ ਸਿਰਫ ਮੌਲੀ ਹੋਇਆ ਕਰਦੀ ਸੀ ਪਰ ਅੱਜ ਕੱਲ੍ਹ ਬਜ਼ਾਰ ਵਿੱਚ ਨਿੱਕੇ-ਨਿੱਕੇ ਘੁੰਗਰੂਆਂ ਵਾਲੇ ਰੰਗ-ਬਿਰੰਗੇ ਗਾਨੇ ਮਿਲਦੇ ਹਨ।

ਇਸ ਗਾਨੇ ਦੇ ਨਾਲ ਹੀ ਗੁੱਟ ਉੱਤੇ ਕੌਡੀਆਂ ਵਾਲਾ ਗਾਨਾ, ਲੋਹੇ ਦਾ ਕੜਾ ਜਾਂ ਪੁਰਾਣੇ ਕੰਬਲ ਵਿਚੋਂ ਇਕ ਪਤਲਾ ਫੀਤਾ ਕੱਟ ਕੇ ਬੰਨ੍ਹਿਆ ਜਾਂਦਾ ਹੈ ਤੇ ਕਈ ਜਗਾਹ ਇਕ ਟਾਕੀ ਵਿੱਚ ਚੌਲ,ਖੰਡ ਜਾਂ ਸ਼ੱਕਰ ਬੰਨ੍ਹ ਕੇ ਉਸ ਨੂੰ ਗੁੱਟ ਉੱਤੇ ਗੰਢ ਦੇ ਦਿੱਤੀ ਜਾਂਦੀ ਹੈ।ਇਹ ਇਕ ਤਰ੍ਹਾਂ ਦੀ 'ਰੱਖ' ਹੈ, ਜੋ ਵਿਆਂਹਦੜ ਨੂੰ ਪ੍ਰੇਤ ਆਤਮਾਵਾਂ, ਮਾੜੀਆਂ ਨਜ਼ਰਾਂ ਤੋਂ ਬਚਾਉਣ ਲਈ ਬੰਨ੍ਹੀ ਸਮਝੀ ਜਾਂਦੀ ਹੈ।

ਬਹੁਤੇ ਹਿੰਦੂ ਪਰਿਵਾਰਾਂ ਵਿੱਚ ਭਰਜਾਈ ਵੱਲੋਂ ਵਿਆਂਹਦੜ ਦੇ ਗੁੱਟ ਉੱਤੇ ਸੱਤ ਗੰਢਾਂ ਦੇ ਕੇ ਮੌਲੀ ਦਾ ਗਾਨਾ ਬੰਨ੍ਹਿਆ ਜਾਂਦਾ ਹੈ ਤੇ ਕੰਗਣਾ ਖੇਲ੍ਹਣ ਵੇਲੇ ਗੱਭਰੂ-ਵਹੁਟੀ ਇਕ ਦੂਜੇ ਦਾ ਗਾਨਾ ਖੋਲ੍ਹਦੇ ਹਨ।

**ਮਾਂਈਆਂ/ਵਟਣਾ/ਹਲਦੀ-ਹੱਥ:** ਵਿਆਹ ਤੋਂ ਇਕ-ਦੋ ਦਿਨ ਪਹਿਲਾਂ ਜਾਂ ਕਿਤੇ ਕਿਤੇ ਉਸੇ ਦਿਨ ਸਵੇਰੇ ਇਕ ਚੌਂਕੀ ਰੱਖ ਕੇ ਉਹਦੇ ਸਾਹਮਣੇ ਆਟੇ ਅਤੇ ਹੋਰ ਰੰਗਾਂ ਦੀ ਰੰਗੋਲੀ ਬਣਾਈ ਜਾਂਦੀ ਹੈ,ਵਿੱਚ ਦੀਵਾ ਜਗਾ ਕੇ ਰੱਖਿਆ ਜਾਂਦਾ ਹੈ,ਜਿਹੜਾ ਪਹਿਲਾਂ ਆਟੇ ਦਾ ਹੁੰਦਾ ਸੀ,ਪਰ ਹੁਣ ਮਿੱਟੀ ਦਾ ਹੀ ਰੱਖਣ ਲੱਗ ਪਏ ਹਨ।ਚੌਂਕੀ ਉੱਤੇ ਵਿਆਂਹਦੜ ਨੂੰ ਬਿਠਾ ਕੇ ਨੈਣ/ਲਾਗਣ ਜਾਂ ਕੋਈ ਭੈਣ-ਭਰਜਾਈ ਉਹਦੇ ਗਾਨਾ ਬੰਨ੍ਹਦੀ ਹੈ।ਵਿਆਂਹਦੜ ਦੀ ਮਾਂ ਅਤੇ ਹੋਰ ਮੇਲਣਾਂ ਦੇ ਵੀ ਗਾਨੇ ਬੰਨ੍ਹੇ ਜਾਂਦੇ ਹਨ, ਜਿਹਨਾਂ ਨੂੰ ਤੋੜਨਾ ਜਾਂ ਕੱਟਣਾ ਕੁਸ਼ਗਨੀ ਸਮਝਿਆ ਜਾਂਦਾ ਹੈ,ਇਸ ਲਈ ਇਹ ਵਿਆਹ ਤੋਂ ਕਾਫੀ ਦਿਨ ਪਿੱਛੋਂ ਤੱਕ ਇਸ ਜਸ਼ਨ ਦੀਆਂ ਦਿਲਕਸ਼ ਯਾਦਾਂ ਨੂੰ ਚੇਤੇ ਕਰਵਾਉਂਦੇ ਰਹਿੰਦੇ ਹਨ।

ਵਿਆਂਹਦੜ ਦੇ ਸਿਰ ਉੱਪਰ ਬਾਗ-ਫੁਲਕਾਰੀ ਤਾਣ ਕੇ ਮੇਲਣਾਂ ਵਟਣੇ ਦੇ ਗੀਤ ਛੋਂਹਦੀਆਂ ਵਾਰੀ ਨਾਲ ਵਟਣਾ ਮਲਦੀਆਂ ਹਨ ਤੇ ਨਾਲ ਮੌਲੀ ਵਿੱਚ ਬੰਨ੍ਹੀਆਂ ਘਾਹ ਦੀਆਂ ਤਿੜਾਂ ਨੂੰ ਸਰ੍ਹੋਂ ਦੇ ਤੇਲ ਵਿੱਚ ਭਿਉਂ ਕੇ ਉਹਦੇ ਵਾਲਾਂ ਨੂੰ ਲਾਉਂਦੀਆਂ ਹਨ।ਇਹ ਵਟਣਾ ਇਕ ਤਰ੍ਹਾਂ ਨਾਲ ਘਰ ਦਾ ਬਿਊਟੀ ਪਾਰਲਰ ਹੁੰਦਾ ਹੈ,ਜਿਸ ਨਾਲ ਵਿਆਂਹਦੜ ਲਿਸ਼ਕ-ਪੁਸ਼ਕ ਜਾਂਦਾ ਹੈ।ਵਟਣੇ ਪਿੱਛੋਂ ਸਿਰ ਉਤਲੀ ਫੁਲਕਾਰੀ ਉਸ ਦਵਾਲੇ ਲਪੇਟ ਕੇ ਮਾਮਾ ਉਹਨੂੰ ਚੌਂਕੀ ਤੋਂ ਲਾਹ ਲੈਂਦਾ ਹੈ।ਮਾਂ ਚੌਂਕੀ ਦੇ ਸੱਤ ਵਾਰ ਆਰ-ਪਾਰ ਜਾਂਦੀ ਹੈ ਤੇ ਬਾਕੀ ਬਚਿਆ ਵਟਣਾ ਰੰਗੋਲੀ ਵਿੱਚ ਰਲਾ ਕੇ ਉੱਥੇ ਪੋਚਾ ਫੇਰਦੀ ਹੈ ਤੇ ਇਹਨਾਂ ਹੱਥਾਂ ਨਾਲ ਕੰਧ ਉੱਤੇ



ਪੰਜਾ ਲਾਉਂਦੀ ਹੈ।ਇਸ ਮੌਕੇ ਪੀਲੇ ਮਿੱਠੇ ਚੌਲ ਬਣਾਏ ਜਾਂਦੇ ਹਨ,ਜੋ ਪਹਿਲਾਂ ਵਿਆਂਹਦੜ ਤੇ ਉਹਦੀਆਂ ਸਖੀਆਂ/ਦੋਸਤਾਂ ਨੂੰ ਦਿੱਤੇ ਜਾਂਦੇ ਹਨ ਤੇ ਫਿਰ ਸਾਰੇ ਪ੍ਰਾਹੁਣਿਆਂ ਨੂੰ ਵਰਤਾਏ ਜਾਂਦੇ ਹਨ।

ਮਾਂਈਂਏ ਤੋਂ ਪਿੱਛੋਂ ਵਿਆਂਹਦੜ ਨੂੰ ਘਰੋਂ ਬਾਹਰ ਨਹੀਂ ਜਾਣ ਦਿੱਤਾ ਜਾਂਦਾ,ਜੇ ਜਾਣਾ ਹੀ ਪਵੇ ਤਾਂ ਕੋਈ ਦੋਸਤ/ਸਖੀ ਹਮੇਸ਼ਾ ਨਾਲ ਹੁੰਦੀ ਹੈ।ਇਸ ਨੂੰ 'ਸਾਹੇ-ਪੈਣਾ' ਵੀ ਆਖਦੇ ਹਨ।ਕੁਝ ਥਾਵਾਂ 'ਤੇ 'ਸਾਹਾ-ਚਿੱਠੀ 'ਤੋਂ ਬਾਅਦ ਦਾ ਵਕਤ ਵਿਆਹੁਲੇ ਮੁੰਡੇ-ਕੁੜੀ ਲਈ 'ਸਾਹੇ-ਪੈਣਾ' ਮੰਨਿਆ ਜਾਂਦਾ ਹੈ।ਇਹ ਚੰਗੀ ਰੀਤ ਹੈ,ਇਸ ਤਰ੍ਹਾਂ ਦੁਰਘਟਨਾ, ਪ੍ਰਦੂਸ਼ਣ ਜਾਂ ਬੀਮਾਰੀ ਦੀ ਲਾਗ ਤੋਂ ਬਚਾਅ ਰਹਿੰਦਾ ਹੈ,ਪਰ ਅੱਜ ਕੱਲ੍ਹ ਦੇ ਰੁਝੇਂਵਿਆਂ ਵਿੱਚ ਇਹ ਰੀਤ ਵੀ ਪੇਤਲੀ ਪੈ ਗਈ ਹੈ।

**ਨਿਉਂਦਾ:**ਇਹ ਪਰੰਪਰਾ ਵੀ ਵਿਆਹ ਤੋਂ ਇਕ ਅੱਧ ਦਿਨ ਪਹਿਲਾਂ ਨਿਭਾਈ ਜਾਂਦੀ ਹੈ,ਜਿਸ ਵਿੱਚ ਸਰੀਕੇ-ਕਬੀਲੇ ਵਾਲੇ,ਵਿਆਂਹਦੜ ਦੇ ਤਾਏ ਚਾਚੇ ਆਦਿ ਨਕਦੀ ਦਿੰਦੇ ਹਨ।ਇਸ ਵੇਲੇ ਪਿਤਾ ਜਾਂ ਕੋਈ ਹੋਰ ਸਬੰਧੀ ਕਾਪੀ/ਡਾਇਰੀ ਲੈ ਕੇ ਹਰੇਕ ਦਾ ਨਾਂ ਲਿਖ ਕੇ ਉਹਦੇ ਅੱਗੇ ਉਸ ਵੱਲੋਂ ਦਿੱਤੇ ਰੁਪਿਆਂ ਦਾ ਵੇਰਵਾ ਲਿਖਦਾ ਹੈ।ਇਹ ਇਕ ਦੂਜੇ ਦੀ ਮੱਦਦ ਕਰਨ ਦੀ ਬਹੁਤ ਹੀ ਵਧੀਆ ਰਵਾਇਤ ਹੈ,ਜਦੋਂ ਨਿਉਂਦਾ ਪਾਉਣ ਵਾਲੇ ਦੇ ਘਰ ਸ਼ਾਦੀ ਹੋਵੇ ਤਾਂ ਇਸ ਕਾਪੀ/ਡਾਇਰੀ ਵਿਚੋਂ ਪੜ੍ਹ ਕੇ ਉਨੇ ਹੀ ਰੁਪਏ ਜਾਂ ਉਸ ਤੋਂ ਕੁਝ ਵੱਧ ਦੇ ਕੇ ਅਗਲੇ ਨੂੰ ਮੋੜਵਾਂ ਨਿਉਂਦਾ ਪਾ ਦਿੱਤਾ ਜਾਂਦਾ ਹੈ।

ਅੱਜ ਕੱਲ੍ਹ ਬਹੁਤੀ ਵਾਰ ਨਿਉਂਦਾ ਨਹੀਂ ਪਾਇਆ ਜਾਂਦਾ, ਵਿਆਹੁਤਾ ਜੋੜੇ ਨੂੰ ਹੀ ਸ਼ਗਨ ਵਾਲੇ ਲਿਫਾਫੇ ਵਿੱਚ ਰੁਪਏ ਪਾ ਕੇ ਤੇ ਉੱਤੇ ਆਪਣਾ ਨਾਮ-ਪਤਾ ਲਿਖ ਕੇ ਦੇ ਦਿੱਤੇ ਜਾਂਦੇ ਹਨ, ਜਿਸਨੂੰ ਘਰ ਵਾਲੇ ਬਾਅਦ ਵਿੱਚ ਖੋਲ੍ਹ ਕੇ ਡਾਇਰੀ ਵਿੱਚ ਉਤਾਰਦੇ ਜਾਂਦੇ ਹਨ ਤੇ ਅਗਲੇ ਦੇ ਵਿਆਹ ਵਿੱਚ ਉਸੇ ਹਿਸਾਬ ਨਾਲ ਸ਼ਗਨ ਪਾ ਦਿੰਦੇ ਹਨ।

**ਨਾਨਕਾ-ਮੇਲ਼:**ਵਿਆਹ ਵਿੱਚ ਨਾਨਕਾ-ਮੇਲ਼ ਦੀ ਵਿਸ਼ੇਸ਼ ਮਹੱਤਤਾ ਹੈ ਤੇ ਉਹਨਾਂ ਦੇ ਆਗਮਨ ਤੋਂ ਬਿਨਾਂ ਵਿਆਹ ਸਿਰੇ ਨਹੀਂ ਚੜ੍ਹ ਸਕਦਾ।ਜੇ ਕਿਸੇ ਮਜਬੂਰੀ ਵੱਸ ਉਹ ਹਾਜ਼ਿਰ ਨਾ ਹੋ ਸਕਦੇ ਹੋਣ ਤਾਂ ਹੋਰ ਕਿਸੇ ਨੂੰ ਉਹਨਾਂ ਦੀ ਭੂਮਿਕਾ ਨਿਭਾਉਣੀ ਪੈਂਦੀ ਹੈ।ਉਂਜ ਉਹ ਸੱਤ ਸਮੁੰਦਰ ਪਾਰ ਕਰਕੇ, ਹਰ

ਕਿਸਮ ਦੀ ਰੁਕਾਵਟ ਨੂੰ ਉਲੰਘ ਕੇ ਪਹੁੰਚ ਹੀ ਜਾਂਦੇ ਹਨ। ਨਾਨਕੀਆਂ ਹੇਕਾਂ ਲਾਉਂਦੀਆਂ ਦੂਰੋਂ ਹੀ ਆਪਣੀ ਪਹੁੰਚ ਦਾ ਹੋਕਾ ਦੇ ਦਿੰਦੀਆਂ ਹਨ ਤੇ ਧੀ ਦੇ ਦਰਵਾਜ਼ੇ 'ਤੇ ਖੜੋ ਕੇ ਬੰਬੀਹਾ ਬੁਲਾਉਂਦੀਆਂ ਹਨ।ਧੀ ਤੇਲ ਚੋ ਕੇ ਆਪਣੀ ਭਾਬੀ ਜਾਂ ਕਿਸੇ ਹੋਰ ਮੁਰੈਲ੍ਹਣ ਰਿਸ਼ਤੇਦਾਰਨ ਦੇ ਪੱਲੇ ਵਿੱਚ ਲੱਡੂ ਪਾ ਕੇ ਉਹਨਾਂ ਨੂੰ ਸ਼ਗਨਾਂ ਨਾਲ ਅੰਦਰ ਵਾੜਦੀ ਹੈ।

**ਮਢਾ ਬੰਨ੍ਹਣਾ:** ਇਹ ਨਾਨਕਿਆਂ ਦੀ ਰਸਮ ਹੈ,ਜੋ ਆਮ ਤੌਰ 'ਤੇ ਵਿਆਹ ਤੋਂ ਇਕ ਦਿਨ ਪਹਿਲਾਂ ਕੀਤੀ ਜਾਂਦੀ ਹੈ।ਵਿਆਂਹਦੜ ਦੀ ਮਾਂ ਭਾਈਚਾਰੇ ਵਿੱਚ ਮਢਾ ਬੰਨ੍ਹਣ ਦਾ ਸੱਦਾ ਭੇਜਦੀ ਹੈ।ਜਦੋਂ ਸਾਰੇ ਇਕੱਠੇ ਹੋ ਜਾਂਦੇ ਹਨ ਤਾਂ ਉਹ ਹਰੇਕ ਨਾਨਕੀ ਦੇ ਪੱਲੇ ਵਿੱਚ ਦੋ ਲੱਡੂ, ਇਕ ਮਹਿੰਦੀ ਦੀ ਪੁੜੀ, ਜਿਹਨੂੰ ਮੌਲੀ ਬੰਨ੍ਹੀ ਹੁੰਦੀ ਹੈ, ਤੇ ਕੁਝ ਰੁਪਏ ਪਾਉਂਦੀ ਹੈ।ਉਪਰੰਤ ਨਾਨਕੀਆਂ ਟਰੰਕ ਖੋਲ੍ਹ ਕੇ ਨਾਨਕੀ ਛੱਕ ਵਿੱਚ ਲਿਆਂਦੀ ਇਕ ਇਕ ਚੀਜ਼ ਵਸਤ ਦਿਖਾਉਂਦੀਆਂ ਹਨ,ਜਿਸ ਵਿੱਚ ਵਿਆਂਹਦੜ ਲਈ ਤਿਉਰ,ਗਹਿਣੇ,ਭਾਂਡੇ, ਬਿਸਤਰੇ ਜਾਂ ਘਰੇਲੂ ਵਰਤੋਂ ਦਾ ਹੋਰ ਸਮਾਨ ਹੁੰਦਾ ਹੈ।ਇਸ ਦੇ ਨਾਲ ਉਹਨਾਂ ਦੀ ਧੀ (ਵਿਆਂਹਦੜ ਦੀ ਮਾਂ),ਉਹਦੀ ਸੱਸ,ਦਰਾਣੀਆਂ-ਜਠਾਣੀਆਂ,ਨਣਾਨਾਂ ਤੇ ਉਹਨਾਂ ਦੇ ਪਤੀਆਂ ਲਈ ਕੱਪੜੇ-ਲੀੜੇ ਵੀ ਹੁੰਦੇ ਹਨ।

**ਸਾਂਤ:**ਇਹ ਹਿੰਦੂ ਪਰਿਵਾਰਾਂ ਵਿੱਚ ਹੁੰਦੀ ਹੈ, ਜੇ ਵਿਆਹ ਰਾਤ ਨੂੰ ਹੈ ਤਾਂ ਉਸੇ ਦਿਨ ਸਵੇਰੇ, ਜੇ ਦਿਨ ਵੇਲੇ ਹੈ ਤਾਂ ਉਸ ਤੋਂ ਪਹਿਲੀ ਰਾਤ ਨੂੰ ਕੀਤੀ ਜਾਂਦੀ ਹੈ।ਕਾਰਜ ਦੀ ਨਿਰਵਿਘਨ ਸਮਾਪਤੀ ਲਈ ਨੌਂ ਗ੍ਰਹਿਆਂ ਦੀ ਪੂਜਾ ਕਰਵਾਈ ਜਾਂਦੀ ਹੈ, ਹਵਨ ਕੀਤਾ ਜਾਂਦਾ ਹੈ ਤੇ ਪੰਡਿਤ ਜੀ ਵੱਲੋਂ ਮਾਮਾ-ਮਾਮੀ ਤੋਂ ਕੁਝ ਰਸਮਾਂ ਕਰਵਾਈਆਂ ਜਾਂਦੀਆਂ ਹਨ।ਇਸ ਵਿੱਚ ਮਾਮੇ-ਮਾਮੀ ਦਾ ਹਾਜ਼ਿਰ ਹੋਣਾ ਅਤੀ ਜ਼ਰੂਰੀ ਹੁੰਦਾ ਹੈ,ਉਂਜ ਲੜਕੀ ਦੇ ਮਾਤਾ-ਪਿਤਾ ਤੇ ਸਾਰੇ ਹੀ ਸਬੰਧੀ ਇਸ ਵਿੱਚ ਭਾਗ ਲੈਂਦੇ ਹਨ।

**ਚੂੜਾ-ਚੜ੍ਹਾਈ:**ਹਿੰਦੂਆਂ ਵਿੱਚ ਸਾਂਤ ਮੌਕੇ ਹੀ ਚੂੜਾ ਚੜ੍ਹਾਅ ਦਿੱਤਾ ਜਾਂਦਾ ਹੈ, ਜਦੋਂ ਕਿ ਸਿੱਖਾਂ ਵਿੱਚ ਸਹੂਲਤ ਮੁਤਾਬਿਕ ਵਟਣੇ ਵੇਲੇ, ਸੁਹਾਗ-ਸੰਗੀਤ ਵੇਲੇ, ਜਾਂ ਨ੍ਹਾਈ-ਧੋਈ ਤੋਂ ਬਾਅਦ ਚੂੜਾ ਚੜ੍ਹਾਇਆ ਜਾਂਦਾ ਹੈ।ਇਹ ਚੂੜਾ ਨਾਨਕਿਆਂ ਵੱਲੋਂ ਲਿਆਂਦਾ ਜਾਂਦਾ ਹੈ ਅਤੇ ਇਸ ਤੋਂ ਬਿਨਾਂ ਕੁੜੀ ਦਾ ਵਿਆਹ ਸੰਪੂਰਨ ਨਹੀਂ ਹੁੰਦਾ।



ਖੁੱਲ੍ਹੇ ਭਾਂਡੇ ਵਿੱਚ ਕੱਚੀ ਲੱਸੀ ਪਾ ਕੇ ਉਸ ਅੰਦਰ ਇਹ ਚੂੜਾ ਰੱਖ ਦਿੱਤਾ ਜਾਂਦਾ ਹੈ। ਮਾਮਾ,ਮਾਮੀ ਜਾਂ ਹੋਰ ਨਾਨਕੇ ਤੇ ਕਈ ਵਾਰ ਕੁੜੀ ਦੀਆਂ ਭਾਬੀਆਂ, ਸਖੀਆਂ ਸੁਹਾਗਾਂ ਤੇ ਹੋਰ ਗੀਤਾਂ ਦੀ ਛਾਂ ਹੇਠ ਇਹ ਚੂੜ੍ਹਾ ਚੜ੍ਹਾਉਂਦੀਆਂ ਹਨ।ਇਸ ਪਿਛੋਂ ਕਲ੍ਹੀਰੇ ਬੰਨ੍ਹ ਦਿੱਤੇ ਜਾਂਦੇ ਹਨ।ਕੁੜੀ ਦਾ ਮੂੰਹ ਲੱਡੂਆਂ ਨਾਲ ਮਿੱਠਾ ਕਰਾ ਕੇ ਉਹਨੂੰ ਸ਼ਗਨ ਦਿੱਤੇ ਜਾਂਦੇ ਹਨ,ਅਸੀਸਾਂ ਦਾ ਮੀਂਹ ਵਰਸਦਾ ਹੈ ਤੇ ਵਧਾਈਆਂ ਲਈਆਂ/ਦਿੱਤੀਆਂ ਜਾਂਦੀਆਂ ਹਨ।

**ਰੋਟੀ/ ਬ੍ਰਹਮਭੋਜ:** ਇਸ ਦਿਨ ਸਾਰੇ ਸਰੀਕੇ ਕਬੀਲੇ ਜਾਂ ਪੂਰੇ ਪਿੰਡ ਨੂੰ ਰੋਟੀ ਕੀਤੀ ਜਾਂਦੀ ਹੈ, ਜਿਹੜੀ ਆਮ ਤੌਰ ਤੇ ਸ਼ਾਦੀ ਤੋਂ ਇਕ ਦਿਨ ਪਹਿਲਾਂ ਜਾਂ ਸਾਂਤ ਵਾਲੇ ਦਿਨ ਹੁੰਦੀ ਹੈ ਤੇ ਜਿਹੜੇ ਘਰ ਰਾਤ-ਜਗਾ/ਰੱਤ-ਜਗਾ ਕਰਦੇ ਹਨ ਉਹ ਆਪਣੇ ਭਾਈਚਾਰੇ ਨੂੰ ਉਸੇ ਦਿਨ ਬ੍ਰਹਮਭੋਜ ਕਰਵਾ ਦਿੰਦੇ ਹਨ

**ਚੁੱਲ੍ਹੇ ਨਿਉਂਦ:** ਸਕੇ ਘਰਾਂ ਜਾਂ ਲਿਹਾਜ਼ੀਆਂ/ਗਵਾਂਢੀਆਂ ਨੂੰ ਵਿਆਹ ਦੇ ਕੁਝ ਦਿਨਾਂ ਲਈ ਚੁੱਲ੍ਹੇ ਨਿਉਂਦ ਕੀਤੀ ਜਾਂਦੀ ਹੈ।ਇਸ ਵਿੱਚ ਟੱਬਰ ਦੇ ਸਾਰੇ ਜੀਆਂ ਨੂੰ ਰੋਟੀ ਲਈ ਬੁਲਾਇਆ ਗਿਆ ਹੁੰਦਾ ਹੈ,ਜੇ ਅਗਲਿਆਂ ਦੇ ਕੋਈ ਪ੍ਰਾਹੁਣਾ ਆਇਆ ਹੋਵੇ ਉਸ ਨੂੰ ਵੀ, ਕਿਉਂਕ ਜਿਸ ਘਰ ਨੂੰ ਚੁੱਲ੍ਹੇ-ਨਿਉਂਦ ਹੁੰਦੀ ਹੈ,ਉਹਨਾਂ ਦਾ ਚੁੱਲ੍ਹਾ ਨਹੀਂ ਬਲਣਾ ਹੁੰਦਾ।ਇਹਨਾਂ ਦਿਨਾਂ ਵਿੱਚ ਉਹ ਵਿਆਹ ਵਾਲੇ ਘਰ ਹੀ ਮੇਲ੍ਹਦੇ ਫਿਰਦੇ ਕੰਮਾਂ-ਕਾਜਾਂ ਵਿੱਚ ਮੱਦਦ ਕਰਾਉਂਦੇ ਹਨ।ਇਹ ਇਕ ਦੂਜੇ ਨੂੰ ਸਹਿਯੋਗ ਦੇਣ ਦਾ ਬਹੁਤ ਕਮਾਲ ਦਾ ਰਿਵਾਜ਼ ਹੈ, ਜਿਸ ਨਾਲ ਵਿਆਹ ਦੇ ਜ਼ਰੂਰੀ ਕਾਰਜਾਂ ਵਿੱਚ ਰੁੱਝੇ ਘਰ ਦੇ ਜੀਅ ਤਨਾਅ-ਮੁਕਤ ਹੋ ਕੇ ਵਿਚਰਦੇ ਹਨ।

**ਸੁਹਾਗ-ਸੰਗੀਤ (Lady Sangeet)**: ਇਹ ਜਸ਼ਨ ਸਾਰੇ ਪੰਜਾਬੀ ਵਿਆਹਾਂ ਵਿੱਚ ਹੁੰਦਾ ਹੈ, ਵਿਆਹ ਤੋਂ ਇਕ ਦੋ ਦਿਨ ਪਹਿਲਾਂ ਆਮ ਤੌਰ 'ਤੇ ਰਾਤ ਨੂੰ,ਤੇ ਕਦੀ ਕਦੀ ਦਿਨ ਵੇਲੇ ਵੀ। ਕੁੜੀ ਦੇ ਵਿਆਹ ਸਮੇਂ ਸੁਹਾਗ, ਅਤੇ ਮੁੰਡੇ ਦੇ ਵਿਆਹ ਸਮੇਂ ਘੋੜੀਆਂ ਗਾਈਆਂ ਜਾਂਦੀਆਂ ਹਨ।ਢੋਲਕੀ ਦੇ ਗੀਤ, ਗਿੱਧਾ, ਡੀ.ਜੇ ਦੇ ਗੀਤ ਤੇ ਭੰਗੜਾ ਇਸ ਸਮਾਰੋਹ ਦੀ ਰੌਣਕ ਹੁੰਦੇ ਹਨ।ਇਸ ਸਮੇਂ ਨਾਨਕੀਆਂ ਵੱਲੋਂ 'ਜਾਗੋ' ਵੀ ਕੱਢੀ ਜਾਂਦੀ ਹੈ ਤੇ ਨਾਲ 'ਬੰਬੀਹਾ' ਵਜਾਇਆ ਜਾਂਦਾ ਹੈ।ਕਈ ਵਾਰ ਇਸ ਸਮੇਂ ਕੋਈ ਰਕਾਨ 'ਗੱਡੀਆਂ ਵਾਲੀ', 'ਸਾਧ', 'ਚੁੜੇਲ' ਜਾਂ ਹੋਰ ਕੋਈ ਸਵਾਂਗ ਰਚਾ ਕੇ ਸਭ ਦਾ ਦਿਲ-ਪਰਚਾਵਾ ਕਰਦੀ ਹੈ।

**'ਜਾਗੋ':** ਇਹ ਸੁਹਾਗ-ਸੰਗੀਤ ਵਾਲੀ ਰਾਤ ਨੂੰ ਜਾਂ ਕਦੀ ਕਦੀ ਇਸ ਤੋਂ ਪਹਿਲਾਂ ਜਾਂ ਪਿਛੋਂ ਵੀ ਕੱਢੀ ਜਾਂਦੀ ਹੈ। 'ਜਾਗੋ' ਮੁੱਖ ਤੌਰ 'ਤੇ ਮਾਮੀ ਚੁੱਕਦੀ ਹੈ, ਪਰ ਅੱਜ ਕੱਲ੍ਹ ਸਾਰੇ ਹੀ ਚੁੱਕ ਲੈਂਦੇ ਹਨ ਤੇ ਢੋਲ ਵਜਾਉਂਦੇ, ਬੋਲੀਆਂ ਪਾਉਂਦੇ, ਬੰਬੀਹਾ ਖੜਕਾਉਂਦੇ ਪਿੰਡ ਵਿੱਚ ਜਾਂ ਸ਼ਹਿਰੀ ਮੁਹੱਲੇ ਵਿੱਚ ਗੇੜਾ ਦਿੰਦੇ ਹਨ,ਜਿਹਨਾਂ ਘਰਾਂ ਨਾਲ ਮੋਹ ਦੇ ਸਬੰਧ ਹੁੰਦੇ ਹਨ, ਉਹਨੀਂ ਘਰੀਂ ਜਾ ਕੇ ਗਿੱਧਾ ਪਾਇਆ ਜਾਂਦਾ ਹੈ,ਉਹ ਘਰ 'ਜਾਗੋ' ਵਿੱਚ ਤੇਲ ਪਾਉਂਦੇ ਹਨ, ਸ਼ਗਨ ਦਿੰਦੇ ਹਨ।

ਜਾਗੋ ਦੇ ਕਈ ਮੰਤਵ ਹੁੰਦੇ ਹਨ,ਇਕ ਤਾਂ ਸਾਰੇ ਪਿੰਡ ਜਾਂ ਮੁਹੱਲੇ ਵਿੱਚ ਵਿਆਹ ਦਾ ਹੋਕਾ ਫਿਰ ਜਾਂਦਾ ਹੈ,ਦੂਜਾ ਛੋਟੇ-ਮੋਟੇ ਗਿਲੇ-ਸ਼ਿਕਵੇ ਵੀ ਦੂਰ ਹੋ ਜਾਂਦੇ ਹਨ,ਘਰ ਅੱਗੋਂ ਜਾਗੋ ਨਿੱਕਲਦੀ ਦੇਖ ਰੁੱਸਿਆ ਸਬੰਧੀ ਪਿਘਲ ਜਾਂਦਾ ਹੈ,ਤੇ ਜੇ ਕਦੀ ਮੇਲਣਾਂ ਮਾੜਾ ਜਿਹਾ ਪੈਰ ਮਲ਼ ਕੇ ਉਸ ਸਬੰਧੀ ਦਾ ਨਾਂ ਲੈ ਕੇ ਹੇਕ ਲਾ ਦੇਣ,ਤਾਂ ਉਹ ਰੋਸੇ ਦੀ ਪੌੜੀ ਤੋਂ ਹੇਠਾਂ ਉੱਤਰ ਕੇ ਬੂਹਾ ਖੋਲ੍ਹ ਦਿੰਦਾ ਹੈ,ਜਾਗੋ ਉਹਦੇ ਵਿਹੜੇ ਜਗਮਗਾਉਂਦੀ ਹੈ,ਜੱਫੀਆਂ ਪੈ ਜਾਂਦੀਆਂ ਹਨ ਤੇ ਉਹ ਪੂਰੇ ਉਤਸ਼ਾਹ ਨਾਲ ਵਿਆਹ ਵਿੱਚ ਸ਼ਾਮਿਲ ਹੋ ਜਾਂਦਾ ਹੈ। ਪਿੰਡ ਜਾਂ ਸ਼ਹਿਰੀ ਮੁਹੱਲੇ ਦੇ ਉਭੜ-ਖਾਭੜ ਹਨ੍ਹੇਰੇ ਰਾਹਾਂ ਵਿੱਚ ਇਹ ਜਾਗੋ ਚਾਨਣ ਕਰਦੀ ਜਾਂਦੀ ਹੈ ਤੇ ਲੋਕਗੀਤ, ਬੋਲੀਆਂ ਫਿਜ਼ਾਵਾਂ ਵਿੱਚ ਮਿਸ਼ਰੀ ਘੋਲਦੇ ਹੋਏ ਮੇਲੀਆਂ ਦਾ ਤੇ ਪਿੰਡ ਵਾਲਿਆਂ ਦਾ ਮਨੋਰੰਜਨ ਕਰਕੇ ਉਹਨਾਂ ਵਿੱਚ ਨਵੀਂ ਰੂਹ ਫੂਕ ਦਿੰਦੇ ਹਨ।

**ਘੜੋਲੀ ਭਰਨਾ:**ਕਈ ਪਿੰਡਾਂ ਵਿੱਚ ਕੁੜੀ/ਮੁੰਡੇ ਦੇ ਮਾਮਾ-ਮਾਮੀ ਤੇ ਬਾਕੀ ਨਾਨਕੇ ਅਤੇ ਕਈ ਪਿੰਡਾਂ ਵਿੱਚ,ਸਖੀਆਂ, ਭਾਬੀਆਂ,ਦਾਦਕੀਆਂ ਗੀਤਾਂ ਦੀਆਂ ਹੇਕਾਂ ਲਾਉਂਦੀਆਂ ਗੁਰਦੁਆਰੇ/ਮੰਦਿਰ/ਬਾਉਲੀ ਜਾਂ ਕਿਸੇ ਹੋਰ ਮੁਕੱਰਰ ਥਾਂ ਤੋਂ ਪਾਣੀ ਦਾ ਘੜਾ ਭਰ ਕੇ ਲਿਆਉਂਦੀਆਂ ਹਨ ਜਿਸ ਨਾਲ ਵਿਆਹੁਲੇ ਮੁੰਡੇ-ਕੁੜੀ ਨੂੰ ਨੁਹਾਇਆ ਜਾਦਾ ਹੈ।

**ਨ੍ਹਾਈ-ਧੋਈ/ਖਾਰੇ ਚੜ੍ਹਨਾ:** ਇਹ ਵਿਆਹ ਵਾਲੇ ਦਿਨ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਹੁੰਦੀ ਹੈ। ਪਹਿਲੇ ਜ਼ਮਾਨੇ ਵਿੱਚ ਵਿਹੜੇ ਵਿਚਾਲੇ ਰੱਖੇ ਪਟੜੇ ਉੱਤੇ ਬੰਨੇ ਨੂੰ ਬਿਠਾ ਕੇ ਨਾਈ ਜਾਂ ਕਿਸੇ ਹੋਰ ਲਾਗੀ ਦਵਾਰਾ ਨੁਹਾਇਆ ਜਾਂਦਾ ਸੀ ਤੇ ਆਲੇ-ਦਵਾਲੇ ਖੜ੍ਹੀਆਂ ਮੇਲਣਾਂ ਗੀਤ, ਦੋਹੇ ਆਦਿ ਗਾਉਂਦੀਆਂ ਸਨ। ਫਿਰ ਉਸ ਦਵਾਲੇ ਬਾਗ,ਫੁਲਕਾਰੀ ਲਪੇਟ ਕੇ ਮਾਮਾ ਚੁੱਕ ਕੇ ਪਟੜੇ ਤੋਂ



ਉਤਾਰਦਾ ਸੀ, ਦੂਰ-ਦੁਰਾਡੇ ਇਲਾਕਿਆਂ ਵਿੱਚ ਅਜੇ ਵੀ ਇਉਂ ਹੁੰਦਾ ਹੈ। ਇਸੇ ਪਟੜੇ ਨੂੰ 'ਖਾਰਾ' ਕਹਿੰਦੇ ਹਨ। ਇਸ ਵੇਲੇ ਮਾਮੇ, ਬਾਪ ਜਾਂ ਹੋਰ ਸਕੇ ਸੋਧਰਿਆਂ ਵੱਲੋਂ ਰੁਪੈ ਵਾਰ ਕੇ ਲਾੜੇ ਤੇ ਲਾਗੀ/ਨਾਈ ਨੂੰ ਦਿੱਤੇ ਜਾਂਦੇ ਸਨ। ਪਰ ਅੱਜਕੱਲ੍ਹ ਮੁੰਡਾ ਕੁੜੀ ਗੁਸਲਖਾਨੇ ਵਿਚੋਂ ਹੀ ਨਹਾ ਕੇ ਆਉਂਦੇ ਹਨ ਤੇ ਖਾਰੇ ਦੇ ਰੂਪ ਵਿੱਚ ਬਾਹਰ ਪਰਾਂਤ ਮੂਧੀ ਮਾਰ ਕੇ ਰੱਖੀ ਹੁੰਦੀ ਹੈ,ਜਿਸ ਉੱਤੇ ਵਿਆਂਹਦੜ ਨੇ ਨਿੱਕਲ ਕੇ ਖੜ੍ਹਨਾ ਹੁੰਦਾ ਹੈ, ਮਾਮਾ ਇਸ ਵੇਲੇ ਉਹਨੂੰ ਬਾਗ ਜਾਂ ਫੁਲਕਾਰੀ ਵਿੱਚ ਲਪੇਟ ਦਿੰਦਾ ਹੈ, ਪਹਿਲੀਆਂ ਵਿੱਚ ਕੁੜੀ ਵਾਸਤੇ ਨਾਨਕਿਆਂ ਵੱਲੋਂ ਸੁੱਭਰ ਲਿਆਂਦਾ ਜਾਂਦਾ ਸੀ। ਇਸ ਪਿੱਛੋਂ ਮਾਮਾ ਲੱਡੂ ਖੁਆ ਕੇ ਸ਼ਗਨ ਦਿੰਦਾ ਹੈ, ਤੇ ਉਹਨੂੰ ਚੁੱਕ ਕੇ ਖਾਰੇ ਤੋਂ ਹੇਠਾਂ ਰੱਖੀਆਂ ਸੱਤ ਚੱਪਣੀਆਂ/ਠੂਠੀਆਂ ਛਾਲ ਮਾਰ ਕੇ ਤੋੜਦਾ ਹੈ। ਕਈ ਥਾਈਂ ਮਾਮਾ ਲੱਡੂ ਖੁਆ ਕੇ ਪਾਸੇ ਹਟ ਜਾਂਦਾ ਹੈ ਤੇ ਵਿਆਂਹਦੜ ਨੂੰ ਆਪ ਹੀ ਛਾਲ ਮਾਰ ਕੇ ਇਹਨਾਂ ਨੂੰ ਤੋੜਨਾ ਪੈਂਦਾ ਹੈ।

ਚੱਪਣੀਆਂ/ਠੂਠੀਆਂ ਤੋੜਨ ਦਾ ਅਰਥ ਪਹਿਲੇ ਜੀਵਨ ਨਾਲੋਂ ਨਾਤਾ ਤੋੜ ਕੇ ਗ੍ਰਹਿਸਤ ਜੀਵਨ ਵਿੱਚ ਪ੍ਰਵੇਸ਼ ਕਰਨਾ ਤੇ ਕੁੜੀਆਂ ਲਈ ਮਾਪਿਆਂ ਨਾਲੋਂ ਮੋਹ ਤੋੜ ਕੇ ਅਗਲੇ ਘਰ ਜਾਣ ਦਾ ਸੂਚਕ ਹੁੰਦਾ ਹੈ।

**ਸਿਹਰਾਬੰਦੀ:** ਨ੍ਹਾਈ ਧੋਈ ਤੋਂ ਬਾਅਦ ਹਿੰਦੂ ਪਰਿਵਾਰਾਂ ਵਿੱਚ ਲਾੜੇ ਦੇ ਟਿੱਕਾ ਲਾਇਆ ਜਾਂਦਾ ਹੈ,ਭੈਣਾਂ ਤੇ ਜੀਜੇ ਸਿਹਰਾ ਬੰਨ੍ਹਦੇ ਹਨ ਤੇ ਸਾਰੇ ਰਿਸ਼ਤੇਦਾਰ ਉਸਦੇ ਗਲ ਵਿੱਚ ਨੋਟਾਂ ਦੇ ਹਾਰ ਪਾਉਂਦੇ ਹਨ, ਨਾਲ ਬੈਠੇ ਸਰਵ੍ਹਾਲੇ ਨੂੰ ਵੀ ਸ਼ਗਨ ਦੇ ਰੁਪੈ ਦਿੱਤੇ ਜਾਂਦੇ ਹਨ।

ਸਿੱਖ ਪਰਿਵਾਰਾਂ ਵਿੱਚ ਭੈਣਾਂ ਲਾੜੇ ਦੇ ਸਿਹਰਾ ਬੰਨ੍ਹਦੀਆਂ ਹਨ,ਕਲਗੀ ਲਾਉਂਦੀਆਂ ਹਨ ਤੇ ਰਿਸ਼ਤੇਦਾਰ ਉਸ ਦੀ ਝੋਲੀ ਵਿੱਚ ਨੋਟ ਪਾਉਂਦੇ ਹਨ। ਛੋਟੇ ਨੋਟ ਸਰਵ੍ਹਾਲੇ ਦੀ ਝੋਲੀ ਵਿੱਚ ਵੀ ਪੈ ਜਾਂਦੇ ਹਨ। ਇਸ ਵੇਲੇ ਭਾਬੀ ਲਾੜੇ ਦੇ ਸੁਰਮਾ ਪਾਉਂਦੀ ਹੈ,ਸਿਹਰੇ ਦੇ ਗੀਤ ਗਾਏ ਜਾਂਦੇ ਹਨ,ਦੋਹੇ ਲਾਏ ਜਾਂਦੇ ਹਨ।

ਸਿਹਰਾ ਲਾੜੇ ਦੀ ਖੂਬਸੂਰਤੀ ਵਿੱਚ ਵਾਧਾ ਕਰਦਾ ਹੈ,ਨਾਲ ਹੀ ਉਹਦੇ ਚਿਹਰੇ ਨੂੰ ਧੁੱਪ, ਮਿੱਟੀ-ਘੱਟੇ ਆਦਿ ਤੋਂ ਬਚਾਉਂਦਾ ਹੈ।

**ਜੰਝ/ਜੰਨ ਦਾ ਚੜ੍ਹਾਅ/ਬਰਾਤ ਚੜ੍ਹਨੀ :** ਲਾੜੇ ਦੇ ਸਿਰ 'ਤੇ ਬਾਗ-ਫੁਲਕਾਰੀ ਜਾਂ ਤਿੱਲੇਦਾਰ ਲਾਲ ਦੁਪੱਟਾ ਤਾਣ ਕੇ ਜੰਨ-ਚੜ੍ਹਾਈ ਦੇ ਗੀਤ/ਸਿਹਰੇ ਗਾਉਂਦਿਆਂ ਮੇਲੀ-ਮੇਲਣਾਂ ਨੇੜੇ ਦੇ ਮੰਦਿਰ ਜਾਂ ਗੁਰਦੁਆਰੇ ਤੱਕ

ਪੈਦਲ ਜਾਂਦੇ ਹਨ,ਇਸ ਦੌਰਾਨ ਲਾੜਾ ਆਪਣੀ ਕਿਰਪਾਨ ਨਾਲ ਫੁਲਕਾਰੀ ਨੂੰ ਉੱਚੀ ਕਰੀ ਰੱਖਦਾ ਹੈ,ਕੁਝ ਹਿੰਦੂ ਪਰਿਵਾਰ ਇਸੇ ਤਰ੍ਹਾਂ ਲਾੜੇ ਨੂੰ ਲਿਜਾਂਦੇ ਹਨ ਪਰ ਬਹੁਤਿਆਂ ਵਿੱਚ ਲਾੜੇ ਦੇ ਸਿਰ ਉੱਤੇ ਛਤਰ ਤਾਣਿਆ ਹੁੰਦਾ ਹੈ।ਹਿੰਦੂ ਮੰਦਿਰ ਵਿੱਚ ਮੱਥਾ ਟੇਕਦੇ ਹਨ,ਚੁਰਾਹੇ ਵਿੱਚ ਲੱਡੂ ਅਤੇ ਚਾਵਲ ਰੱਖਦੇ ਹਨ,ਜਿਸ ਦਾ ਆਸ਼ਾ ਇਹ ਸਮਝਿਆ ਜਾਂਦਾ ਹੈ ਕਿ ਪਸ਼ੂ-ਪੰਛੀ ਖਾਣਗੇ ਅਤੇ ਖੁਸ਼ ਹੋਣਗੇ ਤੇ ਇੰਜ ਵਿਆਹ ਸੁੱਖੀ-ਸਾਂਦੀ ਨੇਪਰੇ ਚੜ੍ਹੇਗਾ।ਲਾੜਾ ਘੋੜੀ ਚੜ੍ਹਦਾ ਹੈ,ਸਰ੍ਹਵਾਲਾ ਉਸਦੇ ਅੱਗੇ ਜਾਂ ਪਿੱਛੇ ਬੈਠਦਾ ਹੈ,ਭੈਣਾਂ ਘੋੜੀ ਦੀਆਂ ਵਾਗਾਂ ਫੜ ਲੈਂਦੀਆਂ ਹਨ ਤੇ ਸ਼ਗਨ ਲੈ ਕੇ ਛੱਡਦੀਆਂ ਹਨ,ਪੀਲੀ ਦਾਲ ਚਾਰਦੀਆਂ ਹਨ।

ਦਾਲ ਚਾਰਨ ਦਾ ਮੰਤਵ ਹੁੰਦਾ ਹੈ ਕਿ ਘੋੜੀ ਰੱਜੀ ਰਹੇ ਤੇ ਉਨ੍ਹਾਂ ਦੇ ਵੀਰ ਨੂੰ ਪੂਰੀ ਚੁਸਤੀ-ਫੁਰਤੀ ਨਾਲ ਭਾਬੀ ਦੇ ਦਰ ਤੱਕ ਲਿਜਾਵੇ।ਕਈ ਥਾਈਂ ਲਾੜੇ ਨੂੰ ਰਥ ਵਿੱਚ ਚੜ੍ਹਾਅ ਕੇ ਵੀ ਲਿਜਾਣ ਲੱਗ ਪਏ ਹਨ।

ਸਿੱਖ ਗੁਰਦੁਆਰੇ ਜਾਂਦੇ ਹਨ,ਅਰਦਾਸ ਕਰਾਉਂਦੇ ਹਨ,ਬਾਹਰ ਆ ਕੇ ਲਾੜਾ ਡੋਲੀ ਵਾਲੀ ਕਾਰ ਵਿੱਚ ਬਹਿ ਜਾਂਦਾ ਹੈ।ਭੈਣਾਂ ਇਸ ਕਾਰ ਨੂੰ ਵਾਗਾਂ ਬੰਨ੍ਹਦੀਆਂ ਹਨ।ਲਾੜਾ ਭੈਣਾਂ ਨੂੰ ਸ਼ਗਨ ਵਜੋਂ ਰੁਪਏ ਦਿੰਦਾ ਹੈ ਤੇ ਵਾਜਿਆਂ-ਗਾਜਿਆਂ ਦੀ ਗੂੰਜ ਵਿੱਚ ਭੰਗੜਾ ਪਾਉਂਦੀ ਜੰਨ ਕੁੜੀ ਦੇ ਘਰ ਨੂੰ ਰਵਾਨਾ ਹੋ ਜਾਂਦੀ ਹੈ।

ਕਿਧਰੇ ਕਿਧਰੇ ਜੰਡੀ ਵੱਢਣ ਦੀ ਪਰੰਪਰਾ ਵੀ ਜਾਰੀ ਹੈ,ਇਸ ਅਨੁਸਾਰ ਲਾੜਾ ਤਲਵਾਰ ਨਾਲ ਜੰਡੀ ਦੇ ਰੁੱਖ ਨੂੰ ਟੱਕ ਲਾਉਂਦਾ ਹੈ, ਕੁਝ ਟਾਹਣੀਆਂ ਵੱਢਦਾ ਹੈ।ਇਹ ਉਹਦੀ ਬੀਰਤਾ ਅਤੇ ਜਿੱਤ ਦਾ ਚਿੰਨ੍ਹ ਮੰਨਿਆ ਜਾਂਦਾ ਹੈ।ਲਾੜੇ ਨੂੰ ਤਲਵਾਰ ਤੇ ਬਾਕੀ ਜਾਨੀਆਂ/ਜਾਂਞੀਆਂ ਨੂੰ ਹਥਿਆਰ ਦੇਣ ਦੀ ਪਿਰਤ ਵੀ ਸਫਰ ਵਿੱਚ ਭੈੜੇ ਅਨਸਰਾਂ ਦਾ ਟਾਕਰਾ ਕਰਨ ਲਈ ਪਈ ਸੀ।

**ਮਿਲਣੀ:** ਜੰਨ ਢੁੱਕਣ ਸਮੇਂ ਕੁੜੀ ਦੇ ਸਾਕ-ਸਕੀਰੀ ਤੇ ਜੇ ਵਿਆਹ ਪਿੰਡ ਵਿੱਚ ਹੈ ਤਾਂ ਨਾਲ ਪੰਚਾਇਤ ਵੀ,ਜੰਨ ਦੇ ਸਵਾਗਤ ਲਈ ਖੜ੍ਹੇ ਹੁੰਦੇ ਹਨ। ਸਿੱਖ-ਵਿਆਹਾਂ ਵਿੱਚ ਅਰਦਾਸ ਕਰਾ ਕੇ ਤੇ ਹਿੰਦੂ ਵਿਆਹਾਂ ਵਿੱਚ ਲਾੜੀ ਦੇ ਭਰਾ ਵੱਲੋਂ ਲਾੜੇ ਨੂੰ ਘੋੜੀ ਜਾਂ ਰਥ ਤੋਂ ਉਤਾਰਨ ਪਿਛੋਂ ਕੁੜਮਾਂ ਨਾਲ ਮਿਲਣੀ ਕੀਤੀ ਜਾਂਦੀ ਹੈ,ਜਿਸ ਵਿੱਚ ਦੋਹਾਂ ਧਿਰਾਂ ਦੇ ਬਰਾਬਰ ਦੇ ਸਾਕ ਇਕ ਦੂਜੇ ਦੇ ਗਲ ਹਾਰ ਪਾ ਕੇ ਜੱਫੀਆਂ ਪਾਉਂਦੇ ਹਨ।ਲਾੜੇ ਦੇ ਸਬੰਧੀਆਂ ਨੂੰ ਕੰਬਲ, ਛਾਪਾਂ



ਆਦਿ ਭੇਟ ਕੀਤੀਆਂ ਜਾਂਦੀਆਂ ਹਨ। ਇਹ ਰਸਮ ਬਹੁਤ ਪਿਆਰੀ ਹੈ, ਸਾਕਾਂ-ਸਬੰਧੀਆਂ ਦੀ ਇਕ ਦੂਜੇ ਨਾਲ ਮੋਹ-ਭਿੱਜੀ ਜਾਣ-ਪਛਾਣ ਕਰਵਾਉਂਦੀ ਹੈ,ਪਰ ਇਸ ਮਿੱਠਤ ਵਿੱਚ ਵਧੀਆ ਕੰਬਲਾਂ, ਛਾਪਾਂ ਤੇ ਨਕਦੀ ਦੇ ਲੋਭ ਨੇ ਫਿੱਕਾਪਨ ਭਰ ਦਿੱਤਾ ਹੈ,ਜਿਸ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸ਼ਾਦੀ ਅਸਲੀ ਅਰਥਾਂ ਵਿੱਚ ਦਿਲਾਂ ਨੂੰ ਸ਼ਾਦ ਕਰ ਸਕੇ।

ਪਿੰਡਾਂ ਵਿੱਚ ਮਿਲਣੀ ਸਮੇਂ ਮਸ਼ਕਰੀਆਂ ਭਰੀਆਂ ਸਿੱਠਣੀਆਂ ਦੇ ਕੇ ਰੰਗ ਹੋਰ ਗੂੜ੍ਹਾ ਕੀਤਾ ਜਾਂਦਾ ਹੈ,ਇਹਨਾਂ ਦਾ ਕੋਈ ਗੁੱਸਾ ਨਹੀਂ ਮਨਾਉਂਦਾ,ਸਾਰੇ ਹੀ ਰਸ ਲੈਂਦੇ ਹਨ,ਅਪਣੱਤ ਮਹਿਸੂਸ ਕਰਦੇ ਹਨ,ਪਰ ਬਹੁਤੀ ਵਾਰ ਇਹਨਾਂ ਦੀ ਥਾਂ ਬੈਂਡ-ਵਾਜੇ ਦਾ ਸ਼ੋਰ ਲੈ ਲੈਂਦਾ ਹੈ।

**ਸਾਲੀਆਂ ਦਾ ਨਾਕਾ/ਰਿਬਨ-ਕਟਾਈ:**ਕੁੜੀ ਦੀਆਂ ਸਖੀਆਂ ਸਹੇਲੀਆਂ ਰਿਬਨ ਬੰਨ੍ਹ ਕੇ ਜੰਨ ਦਾ ਰਾਹ ਰੋਕ ਲੈਂਦੀਆਂ ਹਨ ਤੇ ਕਾਫੀ ਮੁੱਲ-ਭਾਅ ਕਰਨ ਤੋਂ ਬਾਅਦ ਮਨਚਾਹੇ ਰੁਪਿਆਂ ਦਾ ਸ਼ਗਨ ਲੈ ਕੇ ਹੀ ਲਾੜੇ ਤੋਂ ਰਿਬਨ ਕਟਾ ਕੇ ਰਾਹ ਖੋਲ੍ਹਦੀਆਂ ਹਨ।

**ਮਿਣਤੀ:** ਕੁਝ ਹਿੰਦੂ-ਵਿਆਹਾਂ ਵਿੱਚ ਮੁੰਡੇ ਵਾਲੇ ਇਕ ਸਾੜ੍ਹੀ ਲਿਆ ਕੇ ਕੁੜੀ ਦੀ ਭਾਬੀ ਨੂੰ ਦਿੰਦੇ ਹਨ ਤੇ ਭਾਬੀ ਮੁੰਡੇ ਨੂੰ ਚੌਕੀ 'ਤੇ ਖੜ੍ਹਾ ਕਰਕੇ ਉਸ ਸਾੜ੍ਹੀ ਨਾਲ ਉਹਦੀ ਮਿਣਤੀ ਕਰਦੀ ਹੈ ਤੇ ਮੁੰਡਾ ਕੁੜੀ ਦੀ ਭਾਬੀ ਨੂੰ ਸ਼ਗਨ ਦਿੰਦਾ ਹੈ।

**ਜੈਮਾਲਾ/ਵਰਮਾਲਾ:**ਕੁੜੀ ਨੂੰ ਬਾਗ-ਫੁਲਕਾਰੀ ਜਾਂ ਫੁੱਲਾਂ ਦੇ ਜਾਲ ਹੇਠਾਂ ਸਟੇਜ ਉੱਤੇ ਜਾਂ ਮੰਡਪ ਵਿੱਚ ਲਿਆਂਦਾ ਜਾਂਦਾ ਹੈ।ਮੁੰਡਾ-ਕੁੜੀ ਇਕ ਦੂਜੇ ਨੂੰ ਅਸਲੀ/ਨਕਲੀ ਫੁੱਲਾਂ ਦੇ ਹਾਰ ਪਾਉਂਦੇ ਹਨ।ਇਸ ਸਮੇਂ ਕਾਫੀ ਹਾਸਾ-ਮਖ਼ੌਲ ਤੇ ਛੇੜ-ਛਾੜ ਹੁੰਦੀ ਹੈ।ਇਹ ਆਮ ਕਰਕੇ ਹਿੰਦੂ-ਪਰੰਪਰਾ ਹੈ,ਪਰ ਟਾਵੇਂ ਟਾਵੇਂ ਸਿੱਖਾਂ ਵਿੱਚ ਵੀ ਕੀਤੀ ਜਾਂਦੀ ਹੈ।

**ਅਨੰਦ-ਕਾਰਜ:** ਸਿੱਖਾਂ ਵਿੱਚ ਵਿਆਹ ਅਨੰਦ-ਕਾਰਜ ਨਾਲ ਸੰਪੂਰਨ ਹੁੰਦੇ ਹਨ, ਜਿਹੜੇ ਕਿ ਪੁਰਾਣੇ ਵਕਤਾਂ ਵਿੱਚ ਅੰਮ੍ਰਿਤ ਵੇਲੇ,ਖਾਸ ਕਰਕੇ ਬਾਰਾਂ ਵਜੇ ਤੋਂ ਪਹਿਲਾਂ ਕਰਨ ਦਾ ਰਿਵਾਜ਼ ਸੀ।ਅੱਜ ਕੱਲ੍ਹ ਜੰਨ ਉਸੇ ਦਿਨ ਢੁਕਦੀ ਹੈ ਤੇ ਅਕਸਰ ਦੇਰ ਹੋ ਜਾਂਦੀ ਹੈ, ਇਸ ਲਈ ਲਾਵਾਂ ਬਾਰਾਂ ਵਜੇ ਤੋਂ ਬਾਅਦ ਵੀ ਕਰਵਾਈਆਂ ਜਾਣ ਲੱਗੀਆਂ ਨੇ,ਪਰ ਕੋਸ਼ਿਸ਼ ਪਹਿਲਾਂ ਕਰਵਾਉਣ ਦੀ ਹੀ ਹੁੰਦੀ ਹੈ।ਲਾੜਾ-ਲਾੜੀ ਨੇੜਲੇ ਗੁਰਦਾਵਾਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ

ਬੈਠਦੇ ਹਨ,ਲੜਕੀ ਦਾ ਪਿਤਾ ਲਾੜੇ ਦਾ ਸਿਹਰਾ ਵਧਾਉਂਦਾ ਹੈ, ਕੀਰਤਨ-ਪਰਵਾਹ ਮਾਹੌਲ ਨੂੰ ਵਿਸਮਾਦੀ ਕਰਦਾ ਹੈ।ਸੁਭਾਗ-ਜੋੜੀ ਨੂੰ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਖੜ੍ਹੇ ਕਰਕੇ ਅਰਦਾਸ ਹੁੰਦੀ ਹੈ, ਪਿਤਾ ਬੇਟੀ ਦਾ ਪੱਲਾ ਲਾੜੇ ਨੂੰ ਫੜਾਉਂਦਾ ਹੈ, 'ਪੱਲੇ ਤੈਂਡੇ ਲਾਗੀ' ਦਾ ਸ਼ਬਦ ਗਾਇਆ ਜਾਂਦਾ ਹੈ।ਫਿਰ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ,ਹਰ ਵਾਰ ਲਾਵ ਸੁਣਨ ਪਿੱਛੋਂ ਲਾੜਾ-ਲਾੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਵਾਲੇ ਪਰਿਕਰਮਾ ਕਰਕੇ ਮੱਥਾ ਟੇਕਦੇ ਹਨ, ਸਾਰੀਆਂ ਲਾਵਾਂ ਵਿੱਚ ਲਾੜਾ ਅੱਗੇ ਹੁੰਦਾ ਹੈ,ਇਸ ਦੌਰਾਨ ਰਾਗੀ ਸਿੰਘ ਲਾਵ ਗਾਉਂਦੇ ਰਹਿੰਦੇ ਹਨ। ਉਪਰੰਤ 'ਵਿਆਹ ਹੋਆ ਮੇਰੇ ਬਾਬਲਾ' ਦਾ ਸ਼ਬਦ ਪੜ੍ਹਿਆ ਜਾਂਦਾ ਹੈ ਤੇ ਸ੍ਰੀ ਅਨੰਦ-ਸਾਹਿਬ ਦੇ ਪਾਠ ਤੋਂ ਬਾਅਦ ਸਾਰੀ ਸੰਗਤ ਵੱਲੋਂ ਅਰਦਾਸ ਕੀਤੀ ਜਾਂਦੀ ਹੈ ਅਤੇ ਗੁਰੂ ਦਾ ਵਾਕ ਲਿਆ ਜਾਂਦਾ ਹੈ।

**ਫੇਰੇ/ਕੰਨਿਆ-ਦਾਨ:** ਹਿੰਦੂ ਵਿਆਹਾਂ ਵਿੱਚ ਫੇਰੇ ਆਮ ਤੌਰ 'ਤੇ ਤਾਰਿਆਂ ਦੀ ਛਾਵੇਂ ਹੀ ਹੁੰਦੇ ਹਨ,ਪਰ ਹੁਣ ਕਿਤੇ ਕਿਤੇ ਦਿਨ ਵੇਲੇ ਵੀ ਹੋਣ ਲੱਗ ਪਏ ਹਨ।ਇਹ ਘਰ ਵਿੱਚ,ਮੰਦਿਰ ਜਾਂ ਮੈਰਿਜ-ਪੈਲੇਸ ਵਿੱਚ ਹੁੰਦੇ ਹਨ।ਘਰ ਦੇ ਕਿਸੇ ਖੂੰਜੇ ਚਾਰ ਬਾਂਸ ਗੱਡ ਕੇ, ਫੁੱਲ-ਪੱਤੇ ਟੰਗ ਕੇ 'ਵੇਦੀ' ਬਣਾ ਲਈ ਜਾਂਦੀ ਹੈ, ਮੰਦਿਰ ਵਿੱਚ ਪਹਿਲਾਂ ਹੀ ਬਣੀ ਹੁੰਦੀ ਹੈ ਤੇ ਮੈਰਿਜ ਪੈਲੇਸ ਵਾਲਿਆਂ ਨੇ ਤਾਂ ਵਿਸ਼ੇਸ਼ ਸਜਾਵਟਾਂ ਨਾਲ ਬਣਾਈ ਹੁੰਦੀ ਹੈ।ਪੰਡਿਤ ਜਾਂ ਕੁੱਲ-ਪਰੋਹਤ ਆਟੇ ਨਾਲ ਚੌਂਕ ਪੂਰਦਾ ਹੈ।ਵਰ ਤੇ ਕੰਨਿਆ ਨੂੰ ਪੂਰਬ ਵੱਲ ਮੂੰਹ ਕਰਾ ਕੇ ਬਿਠਾਇਆ ਜਾਂਦਾ ਹੈ, ਹਵਨ ਹੁੰਦਾ ਹੈ, ਦੋਵਾਂ ਧਿਰਾਂ ਦੇ ਪਰੋਹਤ ਆਪਣੀ ਧਿਰ ਦਾ ਗੋਤਾਚਾਰ ਪੜ੍ਹਦੇ ਹਨ, ਫਿਰ 'ਕੰਨਿਆ-ਦਾਨ' ਹੁੰਦਾ ਹੈ,ਜਿਸ ਵਿੱਚ ਕੰਨਿਆ ਦਾ ਪਿਤਾ ਵੇਦ-ਮੰਤਰਾਂ ਦੇ ਨਾਲ ਨਾਲ ਕੰਨਿਆ ਦਾ ਹੱਥ ਵਰ ਦੇ ਹੱਥਾਂ ਵਿੱਚ ਫੜਾਉਂਦਾ ਹੈ,ਦੋਵਾਂ ਦੇ ਪੱਲਿਆਂ ਨੂੰ ਗੰਢ ਦਿੱਤੀ ਜਾਂਦੀ ਹੈ,ਫਿਰ ਉਹ ਅਗਨੀ ਦਵਾਲੇ ਚਾਰ ਜਾਂ ਕਿਧਰੇ ਕਿਧਰੇ ਸੱਤ ਫੇਰੇ ਲੈਂਦੇ ਹਨ,ਆਖਰੀ ਫੇਰੇ ਵਿੱਚ ਲਾੜੀ ਅੱਗੇ ਹੁੰਦੀ ਹੈ,ਇਸ ਦੌਰਾਨ ਪੰਡਿਤ ਮੰਤਰ/ਜਾਪ ਆਦਿ ਕਰਦਾ ਕੁਝ ਰਸਮਾਂ ਵੀ ਕਰਵਾਉਂਦਾ ਰਹਿੰਦਾ ਹੈ।ਇਹ ਕੰਨਿਆ-ਦਾਨ ਮਾਤਾ-ਪਿਤਾ ਵੱਲੋਂ ਹੁੰਦਾ ਹੈ,ਇਸ ਲਈ ਇਸ ਸਮੇਂ ਉਹਨਾਂ ਦੀ ਹਾਜ਼ਰੀ ਅਤਿ ਜ਼ਰੂਰੀ ਹੁੰਦੀ ਹੈ।

ਮਾਮਾ-ਮਾਮੀ ਜਾਂ ਹੋਰ ਨੇੜਲੇ ਸਬੰਧੀ ਵੀ ਮੌਜੂਦ ਰਹਿੰਦੇ ਹਨ।ਕੁਝ ਇਲਾਕਿਆਂ ਵਿੱਚ ਜਿਸ ਥਾਂ 'ਤੇ ਵਰ-ਕੰਨਿਆ ਨੂੰ ਬਿਠਾਇਆ ਹੁੰਦਾ ਹੈ,ਉਸੇ



ਨੂੰ 'ਖਾਰਾ' ਕਹਿੰਦੇ ਹਨ।ਫੇਰਿਆਂ ਤੋਂ ਬਾਅਦ ਕੁੜੀ ਦਾ ਮਾਮਾ ਉਹਨੂੰ ਖਾਰੇ ਤੋਂ ਲਾਹ ਕੇ ਅੰਦਰ ਲੈ ਜਾਂਦਾ ਹੈ।

**ਜੁੱਤੀ-ਲੁਕਾਈ:** ਲਾਵਾਂ/ਫੇਰਿਆਂ ਵੇਲੇ,ਜਾਂ ਜਦੋਂ ਵੀ ਮੌਕਾ ਮਿਲੇ, ਸਾਲੀਆਂ ਜੀਜੇ ਦੀ ਜੁੱਤੀ ਚੁੱਕ ਕੇ ਲੁਕਾਅ ਲੈਂਦੀਆਂ ਹਨ, ਇਥੇ ਵੀ ਕਾਫੀ ਸੌਦੇਬਾਜ਼ੀ ਤੇ ਸ਼ੁਗਲ-ਮੇਲਾ ਹੁੰਦਾ ਹੈ, ਆਖਿਰ ਉਹ ਮਨ-ਮਰਜ਼ੀ ਦੀ ਰਕਮ ਲੈ ਕੇ ਜੁੱਤੀ ਮੋੜ ਦਿੰਦੀਆਂ ਹਨ।

**ਵਿਖਾਲਾ:** ਵਿਆਹ ਪਿੱਛੋਂ ਪਿੰਡਾਂ ਵਿੱਚ ਅਕਸਰ ਤੇ ਸ਼ਹਿਰਾਂ ਵਿੱਚ ਕਿਤੇ ਕਿਤੇ ਇਸ ਵਿਖਾਲੇ ਦਾ ਰਿਵਾਜ਼ ਹੈ,ਜਿਸ ਵਿੱਚ ਸਭ ਨੂੰ ਵਰੀ ਅਤੇ ਦਾਜ ਦਿਖਾਏ ਜਾਂਦੇ ਹਨ:

**ਵਰੀ/ਖੱਟ**:ਇਹ ਲੜਕੇ ਵਾਲੇ ਢੋਂਦੇ ਹਨ,ਜਿਹਨਾਂ ਵਿੱਚ ਵਹੁਟੀ ਲਈ ਸੂਟ,ਗਹਿਣੇ,ਜੁੱਤੀ ਤੇ ਹਾਰ-ਸ਼ਿੰਗਾਰ ਦਾ ਸਮਾਨ ਹੁੰਦਾ ਹੈ।

**ਦਾਜ/ਦਹੇਜ:**ਇਹ ਲੜਕੀ ਦੇ ਮਾਪਿਆਂ ਵੱਲੋਂ ਦਿੱਤਾ ਜਾਂਦਾ ਸਮਾਨ ਹੁੰਦਾ ਹੈ ਜਿਸ ਵਿੱਚ ਧੀ ਲਈ ਸੂਟ, ਗਹਿਣੇ, ਭਾਂਡੇ, ਬਿਸਤਰੇ,ਫਰਨੀਚਰ ਤੇ ਹੋਰ ਵਰਤੋਂ ਦੀਆਂ ਚੀਜ਼ਾਂ ਹੁੰਦੀਆਂ ਹਨ, ਇਸ ਵਿੱਚ ਲਾੜੇ ਦੇ ਸਬੰਧੀਆਂ ਨੂੰ ਸੂਟ/ਕੰਬਲ, ਗਹਿਣੇ ਆਦਿ ਵੀ ਸ਼ਾਮਿਲ ਹੁੰਦੇ ਹਨ।

ਕਦੀ ਇਹ ਚੰਗੀ ਰੀਤ ਸੀ,ਜਿਸ ਵਿੱਚ ਮਾਪੇ ਆਪਣੀ ਵਿਦਾ ਹੋ ਰਹੀ ਲਾਡਲੀ ਨੂੰ ਪੁੱਜਤ ਅਨੁਸਾਰ ਸੁਗਾਤਾਂ ਦਿੰਦੇ ਸਨ ਤੇ ਲੜਕੀ ਨੂੰ ਆਪਣੀ ਘਰ ਗ੍ਰਹਿਸਤੀ ਚਲਾਉਣ ਲਈ ਸਹਾਰਾ ਮਿਲਦਾ ਸੀ,ਪਰ ਹੁਣ ਇਸ 'ਦਾਜ' ਨੇ ਭਿਆਨਕ ਰੂਪ ਧਾਰ ਲਿਆ ਹੈ,ਕਿਉਂਕਿ ਸਹੁਰੇ ਹੁਣ ਲਾਲਚ ਵੱਸ ਜਾਂ ਫੋਕੀ ਸ਼ਾਨ ਦਿਖਾਉਣ ਲਈ ਕੀਮਤੀ ਗਹਿਣੇ, ਅੱਤ ਮਹਿੰਗੀਆਂ ਚੀਜ਼ਾਂ, ਸਕੂਟਰ, ਮੋਟਰ-ਸਾਈਕਲ, ਫਰਿੱਜ, ਵੱਡੀਆਂ ਵੱਡੀਆਂ ਕਾਰਾਂ,ਇਥੋਂ ਤੱਕ ਕਿ ਲੱਖਾਂ ਵਿੱਚ ਨਕਦੀ,ਪਲਾਟ ਜਾਂ ਕੋਠੀ ਆਦਿ ਵੀ ਮੰਗਣ ਲੱਗ ਪਏ ਹਨ ਤੇ ਇਹ ਲੋਭ ਬਹੁਤ ਸਾਰੀਆਂ ਮਾਸੂਮ ਧੀਆਂ ਦੀ ਮੌਤ ਜਾਂ ਮੌਤ ਵਰਗੀ ਜ਼ਿੰਦਗੀ ਦਾ ਕਾਰਨ ਬਣ ਰਿਹਾ ਹੈ।ਮਾਪੇ ਇਸ ਦਾਜ ਦੇ ਦੈਂਤ ਤੋਂ ਡਰਦੇ ਉਹਨਾਂ ਨੂੰ ਕੁੱਖ ਵਿੱਚ ਹੀ ਮਾਰ ਦਿੰਦੇ ਹਨ,ਜਾਂ ਨਵ-ਜੰਮੀਆਂ ਨੂੰ ਸੜਕਾਂ/ਰੂੜੀਆਂ 'ਤੇ ਸੁੱਟ ਦਿੰਦੇ ਹਨ।ਜਿਹੜੀਆਂ ਬਚ ਜਾਂਦੀਆਂ ਹਨ,ਜੇ ਉਹਨਾਂ ਦੇ ਮਾਪੇ ਸਹੁਰਿਆਂ ਦੀ ਮੰਗ ਪੂਰੀ ਨਾ ਕਰ ਸਕਣ ਤਾਂ ਉਹਨਾਂ ਨੂੰ ਸਹੁਰੇ ਮਾਰ ਦਿੰਦੇ ਹਨ ਜਾਂ

ਆਤਮ-ਹੱਤਿਆ ਲਈ ਮਜਬੂਰ ਕਰ ਦਿੰਦੇ ਹਨ। ਸਮੇਂ ਦੀ ਕੂਕ ਹੈ ਕਿ ਹਰ ਕੋਈ ਦਾਜ ਨੂੰ ਬਿਲਕੁਲ ਹੀ ਮਨਫੀ ਕਰਕੇ ਸ਼ਾਦੀ ਨੂੰ ਖੁਸ਼ਹਾਲ ਜ਼ਿੰਦਗੀ ਦਾ ਵਸੀਲਾ ਬਣਾਵੇ, ਮੌਤ ਦਾ ਨਹੀਂ। ਨਹੀਂ ਤਾਂ ਜਿਹੜੇ ਕੁੜੀ ਨਾਲ ਲੱਖਾਂ ਕਰੋੜਾਂ ਦਾ ਦਾਜ ਭਾਲਦੇ ਹਨ, ਕੱਲ੍ਹ ਉਹਨਾਂ ਦੇ ਪੋਤਰਿਆਂ-ਦੋਹਤਰਿਆਂ ਜਾਂ ਅਗਲੀਆਂ ਨਸਲਾਂ ਨੂੰ ਸ਼ਾਦੀ ਲਈ ਕੁੜੀ ਵੀ ਨਹੀਂ ਮਿਲੇਗੀ।

**ਥਾਪਾ ਛੰਦ-ਸੁਣਾਈ:** ਇਹ ਰਹੁ-ਰੀਤ ਆਮ ਤੌਰ 'ਤੇ ਹਿੰਦੂ-ਵਿਆਹ ਵਿੱਚ ਹੁੰਦੀ ਹੈ। ਸ਼ਾਦੀ ਪਿੱਛੋਂ ਲਾੜੇ-ਲਾੜੀ ਨੂੰ ਘਰ ਲਿਆ ਕੇ ਉਸ 'ਥਾਪੇ' ਦੇ ਸਾਹਮਣੇ ਬਿਠਾਇਆ ਜਾਂਦਾ ਹੈ,ਜੋ ਲਾੜੀ ਦੀ ਭਾਬੀ ਨੇ ਬਣਾਇਆ ਹੁੰਦਾ ਹੈ,ਜਦੋਂ ਇਹ ਰਸਮ ਮੈਰਿਜ-ਪੈਲੇਸ ਵਿੱਚ ਹੀ ਹੋਣੀ ਹੋਵੇ ਤਾਂ ਥਾਪੇ ਵਾਲਾ ਕੈਲੰਡਰ ਉੱਥੇ ਲਿਆ ਕੇ ਟੰਗ ਦਿੱਤਾ ਜਾਂਦਾ ਹੈ। ਇਸ ਸਮੇਂ ਲਾੜਾ ਉਸ ਥਾਪੇ ਨੂੰ ਮੱਥਾ ਟੇਕਦਾ ਹੈ,ਛੰਦ ਸੁਣਾਉਂਦਾ ਹੈ ਤੇ ਸਾਲੀਆਂ ਨੂੰ ਕਲੀਚੜੀਆਂ ਦਿੰਦਾ ਹੈ। ਲਾੜੇ-ਲਾੜੀ ਨੂੰ ਮੂੰਹ ਮਿੱਠਾ ਕਰਾ ਕੇ ਸ਼ਗਨ ਦਿੱਤੇ ਜਾਂਦੇ ਹਨ ਤੇ ਲਾੜੇ ਦਾ ਬਾਪ ਲਾੜੀ ਦੀ ਮਾਂ ਨੂੰ ਭਾਨ ਦੀ ਥੈਲੀ ਦਿੰਦਾ ਹੈ। ਇਸ ਤੋਂ ਬਾਅਦ ਡੋਲੀ ਤੋਰ ਦਿੱਤੀ ਜਾਂਦੀ ਹੈ।

**ਸਲਾਮੀ/ਮੱਠਰੀਆਂ /ਛੰਦ-ਸੁਣਾਈ:** ਇਹ ਰਸਮ ਆਮ ਤੌਰ 'ਤੇ ਸਿੱਖ-ਵਿਆਹਾਂ ਵਿੱਚ ਹੁੰਦੀ ਹੈ,ਵਿਆਹ ਸੰਪੂਰਨ ਹੋਣ ਤੋਂ ਬਾਅਦ ਲਾੜੇ-ਲਾੜੀ ਨੂੰ ਲਾੜੀ ਦੇ ਘਰ ਲਿਆ ਕੇ ਇਕੱਠੇ ਬਿਠਾਇਆ ਜਾਂਦਾ ਹੈ, ਜਾਂ ਇਹ ਰਸਮ ਮੈਰਿਜ ਪੈਲੇਸ ਵਿੱਚ ਹੀ ਕਰ ਲਈ ਜਾਂਦੀ ਹੈ। ਲਾੜੀ ਦੀ ਮਾਂ ਸਿਰ 'ਤੇ ਦੋਸੜਾ ਲੈ ਕੇ ਥਾਲੀ ਵਿੱਚ ਮੌਲੀ ਵਾਲੀ ਨਰੇਲ ਅਤੇ ਲੱਡੂ ਰੱਖ ਕੇ ਲਿਆਉਂਦੀ ਹੈ,ਇਸ ਨਰੇਲ ਨੂੰ ਲਾੜੇ ਦੇ ਸਿਰ ਤੋਂ ਸੱਤ ਵਾਰੀ ਵਾਰ ਕੇ ਉਹਦੀ ਝੋਲੀ ਪਾ ਦਿੰਦੀ ਹੈ, ਲੱਡੂਆਂ ਨਾਲ ਮੂੰਹ ਮਿੱਠਾ ਕਰਾਉਂਦੀ ਹੈ। ਇਸ ਵੇਲੇ ਉਹ ਲਾੜੇ ਦੀ ਝੋਲੀ ਵਿੱਚ ਲਾਲ ਗੁਥਲੀ ਵੀ ਪਾਉਂਦੀ ਹੈ,ਜਿਸ ਅੰਦਰ ਮਖਾਣੇ, ਖੋਪੇ, ਛੁਹਾਰੇ, ਬਦਾਮ, ਫੁੱਲੀਆਂ, ਪਤਾਸੇ ਆਦਿ ਹੁੰਦੇ ਹਨ। ਕਿਤੇ ਕਿਤੇ ਇਹ ਗੁਥਲੀ ਕੁੜਮਾਈ ਵੇਲੇ ਹੀ ਪਾ ਦਿੱਤੀ ਜਾਂਦੀ ਹੈ। ਲਾੜੇ ਤੋਂ ਛੰਦ ਸੁਣੇ ਜਾਂਦੇ ਹਨ, ਉਹ ਸਾਲੀਆਂ ਨੂੰ ਕਲੀਚੜੀਆਂ ਦਿੰਦਾ ਹੈ, ਸਾਲੀਆਂ ਉਹਨੂੰ ਮੱਠਰੀਆਂ ਚਬਾਉਂਦੀਆਂ ਹਨ, ਦੁੱਧ ਪਿਆਉਂਦੀਆਂ ਹਨ ਤੇ ਕਿਤੇ ਕਿਤੇ ਲਾੜੇ ਦੇ ਹੱਥ 'ਤੇ ਮਹਿੰਦੀ ਦਾ ਟਿੱਕਾ ਜਾਂ ਚੀਚੀ 'ਤੇ ਨੇਲ-ਪਾਲਿਸ਼ ਵੀ ਲਾਉਂਦੀਆਂ ਹਨ।



**ਡੋਲੀ:**ਕੁਝ ਹਿੰਦੂ ਪਰਿਵਾਰਾਂ ਵਿੱਚ ਵਿਦਾ ਹੋਣ ਤੋਂ ਪਹਿਲਾਂ ਲਾੜੀ ਆਪਣੇ ਦੋਵੇਂ ਹੱਥ ਰੋਲੀ ਜਾਂ ਸੰਧੂਰ ਨਾਲ ਲਾਲ ਕੀਤੇ ਪਾਣੀ ਵਿੱਚ ਡੁਬੋਂਦੀ ਹੈ ਤੇ ਫਿਰ ਕੰਧ ਉੱਤੇ ਪੰਜ ਵਾਰ ਥਾਪਾ ਲਾਉਂਦੀ ਹੈ ਤੇ ਇੰਜ ਉੱਥੇ ਦਸ ਹੱਥਾਂ ਦੇ ਨਿਸ਼ਾਨ ਛਪ ਜਾਂਦੇ ਹਨ।

ਹਿੰਦੂ-ਸਿੱਖ ਦੋਵਾਂ ਵਿਆਹਾਂ ਵਿੱਚ ਲਾੜੀ ਬਾਬਲ ਦੇ ਬੂਹੇ ਵਿਚੋਂ ਬਾਹਰ ਨਿੱਕਲਣ ਵੇਲੇ ਦੋਵਾਂ ਹੱਥਾਂ ਨਾਲ ਚੌਲਾਂ,ਖਿੱਲਾਂ ਜਾਂ ਕਣਕ ਦੇ ਬੁੱਕ ਭਰ ਕੇ ਆਪਣੇ ਸਿਰ ਦੇ ਉੱਤੋਂ ਪਿੱਛੇ ਵੱਲ ਸੁੱਟਦੀ ਹੈ,ਜਿਹਨਾਂ ਨੂੰ ਉਹਦੀ ਮਾਂ ਜਾਂ ਘਰ ਦਾ ਕੋਈ ਹੋਰ ਜੀਅ ਆਪਣੀ ਬੁੱਕਲ ਵਿੱਚ ਬੋਚਦਾ ਹੈ। ਇਹ ਸ਼ਗਨ ਆਪਣੇ ਅੰਮੀ-ਬਾਬਲ ਦਾ ਘਰ ਅਨਾਜ ਤੇ ਖੁਸ਼ੀਆਂ ਨਾਲ ਭਰਿਆ ਭਕੁੰਨਾ ਰਹਿਣ ਦੀ ਚਾਹ ਦਾ ਪ੍ਰਤੀਕ ਹੁੰਦਾ ਹੈ,ਇਸ ਨੂੰ 'ਘਰ ਵਧਾਣਾ' ਆਖਦੇ ਹਨ। ਕਈ ਘਰਾਂ ਵਿੱਚ ਵਿਦਾ ਹੋਣ ਤੋਂ ਪਹਿਲਾਂ ਲੜਕੀ ਵੱਲੋਂ ਦੀਵਾ ਬਾਲਣ ਦੀ ਵੀ ਰੀਤ ਹੈ,ਜਿਸ ਅਨੁਸਾਰ ਉਹ ਆਪਣੇ ਪੇਕੇ-ਘਰ ਲਈ ਸੁੱਖਾਂ ਦਾ ਚਾਨਣ ਮੰਗਦੀ ਹੈ।

ਸ਼ਗਨਾਂ ਤੋਂ ਬਾਅਦ ਸਾਰੇ ਲੜਕੀ ਨੂੰ ਵਾਰੀ-ਵਾਰੀ ਹਿੱਕ ਨਾਲ ਲਾਉਂਦੇ ਹਨ, ਪਿਆਰ ਦਿੰਦੇ ਹਨ ਤੇ ਮਾਮਾ ਜਾਂ ਭਰਾ ਉਹਨੂੰ ਡੋਲੀ ਵਿੱਚ ਬਿਠਾ ਦਿੰਦਾ ਹੈ,ਮਾਂ ਅੰਦਰ ਬੈਠੀ ਧੀ ਦੀ ਝੋਲੀ ਵਿੱਚ ਲੱਡੂ ਪਾਉਂਦੀ ਹੈ। ਇਸਦਾ ਲੁਕਵਾਂ ਮਕਸਦ ਸਫਰ ਵਿੱਚ ਕੁਝ ਖਾਣ ਲਈ ਦੇਣ ਵਾਸਤੇ ਹੈ। ਜਲੇਬਾਂ ਦੀ ਪਰਾਂਤ ਜਾਂ ਮੱਠਰੀਆਂ,ਲੱਡੂਆਂ ਦੀ ਟੋਕਰੀ ਵੀ ਡੋਲੀ ਵਿੱਚ ਰੱਖੀ ਜਾਂਦੀ ਹੈ। ਇਸ ਵੇਲੇ ਸਾਰੀਆਂ ਅੱਖਾਂ ਵਿਚੋਂ ਕਿਰਦੇ ਵਿਛੋੜੇ ਦੇ ਹੰਝੂ ਵਾਤਾਵਰਨ ਨੂੰ ਸਿੱਲ੍ਹਾ ਕਰ ਦਿੰਦੇ ਹਨ।

ਹਿੰਦੂ-ਵਿਆਹ ਆਮ ਤੌਰ 'ਤੇ ਰਾਤ ਨੂੰ ਹੀ ਹੁੰਦੇ ਹਨ ਤੇ ਡੋਲੀ ਤਾਰਿਆਂ ਦੀ ਛਾਵੇਂ ਤੋਰੀ ਜਾਂਦੀ ਹੈ,ਪਰ ਕਿਧਰੇ ਕਿਧਰੇ ਜੇ ਵਿਆਹ ਦਿਨੇ ਹੋਵੇ ਤਾਂ ਡੋਲੀ ਸ਼ਾਮ ਨੂੰ ਤੋਰੀ ਜਾਦੀ ਹੈ।

ਸਿੱਖ-ਵਿਆਹਾਂ ਵਿੱਚ ਡੋਲੀ ਸ਼ਾਮ ਨੂੰ ਤੋਰੀ ਜਾਂਦੀ ਹੈ। ਡੋਲੀ ਤੁਰਨ ਵੇਲੇ ਭਰਾ ਉਹਨੂੰ ਧੱਕਾ ਲਾਉਂਦੇ ਹਨ।

ਕਈ ਥਾਵਾਂ 'ਤੇ ਕੁੜੀ ਨੂੰ ਪਾਲਕੀ ਜਾਂ ਰਥ ਦੀ ਡੋਲੀ ਵਿੱਚ ਬਿਠਾਇਆ ਜਾਂਦਾ ਹੈ,ਫਿਰ ਕੁਝ ਦੂਰ ਅੱਗੇ ਜਾ ਕੇ ਕਾਰ ਵਿੱਚ ਬਿਠਾ ਦਿੰਦੇ ਹਨ। ਅਕਸਰ ਇਕ ਜਾਂ ਦੋ ਭਰਾ ਡੋਲੀ ਦੇ ਨਾਲ ਜਾਂਦੇ ਹਨ,ਇਸ ਦਾ ਅੰਦਰੂਨੀ ਭਾਵ ਪਹਿਲੀ ਵਾਰ ਸਹੁਰੇ ਘਰ ਵਿਚਰਦੀ ਮੁਟਿਆਰ ਨੂੰ ਸਹਾਰੇ ਦਾ ਅਹਿਸਾਸ ਦੇਣਾ ਹੈ। ਪਹਿਲਾਂ

ਰਾਹ ਵਿੱਚ ਹੁੰਦੀਆਂ ਲੁੱਟਾਂ-ਖੋਹਾਂ ਕਰਕੇ ਮੱਦਦ ਲਈ ਵੀ ਭਰਾਵਾਂ ਨੂੰ ਭੇਜਿਆ ਜਾਂਦਾ ਸੀ। ਨੈਣ ਹੁਣ ਹਰ ਸ਼ਾਦੀ ਵਿੱਚ ਨਹੀਂ,ਕਿਤੇ ਕਿਤੇ ਹੀ ਡੋਲੀ ਦੇ ਨਾਲ ਜਾਂਦੀ ਹੈ।

**ਸੋਟ:** ਲਾੜੇ ਦਾ ਬਾਪ ਸਰਕ ਰਹੀ ਡੋਲੀ ਦੇ ਉੱਤੋਂ ਭਾਨ ਦੀ ਸੋਟ ਸੁੱਟਦਾ ਹੈ, ਕੁਝ ਵਿਆਹਾਂ ਵਿੱਚ ਇਹ ਸੋਟ ਲਾੜੀ ਦੀ ਮਾਂ ਵੱਲੋਂ ਵੀ ਸੁੱਟੀ ਜਾਂਦੀ ਹੈ। ਇਹਨਾਂ ਪੈਸਿਆਂ ਨੂੰ ਗਰੀਬ-ਗੁਰਬੇ ਚੁੱਕਦੇ ਹਨ। ਇਸ ਪਿੱਛੇ ਇਹੀ ਚਾਹਨਾ ਹੁੰਦੀ ਹੈ ਕਿ ਉਹਨਾਂ ਦੀਆਂ ਅਸੀਸਾਂ ਨਾਲ ਵਿਆਹੁਤਾ ਜੋੜੀ ਸੁਖੀ ਰਹੇ ਤੇ ਵਧੇ-ਫੁੱਲੇ। ਕਿਤੇ ਕਿਤੇ ਇਸ ਦਾ ਮਤਲਬ ਸਹੁਰੇ ਪਰਿਵਾਰ ਦਾ ਵਹੁਟੀ ਉੱਤੋਂ ਵਾਰੇ-ਵਾਰੇ ਜਾਣਾ ਤੇ ਉਹਦੇ ਸਾਹਮਣੇ ਧਨ ਨੂੰ ਨਖਿੱਧ ਸਮਝਣਾ ਵੀ ਮੰਨਿਆ ਜਾਂਦਾ ਹੈ। ਕਾਸ਼! ਇੰਜ ਸੱਚਮੁਚ ਹੀ ਹੋ ਸਕੇ ਕਿ ਸਹੁਰੇ ਨੂੰਹ ਦੇ ਸਾਹਮਣੇ ਧਨ ਨੂੰ ਨਖਿੱਧ ਸਮਝਣ ਤੇ ਉਹਨੂੰ ਪੂਰਾ ਇੱਜ਼ਤ-ਮਾਣ ਤੇ ਪਿਆਰ ਦੇਣ!

**ਡੋਲੀ ਸਹੁਰੇ ਘਰ ਪਹੁੰਚਣ ਦੀਆਂ ਰਸਮਾਂ:** ਡੋਲੀ ਦੇ ਸਹੁਰਾ-ਘਰ ਪਹੁੰਚਦਿਆਂ ਸੱਸ ਡੋਲੀ ਵਿੱਚ ਹੀ ਵਹੁਟੀ ਨੂੰ ਮਿਠਾਈ/ਦੁੱਧ ਜਾਂ ਸ਼ਰਬਤ ਆਦਿ ਦਿੰਦੀ ਹੈ। ਇਸ ਵੇਲੇ ਮੇਲਣਾਂ ਸਵਾਗਤੀ ਗੀਤ ਗਾਉਂਦੀਆਂ ਰਹਿੰਦੀਆਂ ਹਨ। ਇਹ ਇਕ ਚੰਗਾ ਰਿਵਾਜ਼ ਹੈ,ਜਿਸ ਨਾਲ ਸਫਰ ਦੀ ਭੁੱਖੀ-ਤਿਹਾਈ ਤੇ ਮਾਪਿਆਂ ਦੀ ਜੁਦਾਈ ਤੋਂ ਉਦਾਸ ਕੁੜੀ ਨੂੰ ਧਰਵਾਸ ਮਿਲਦਾ ਹੈ ਤੇ ਉਹ ਬਾਕੀ ਰਸਮਾਂ ਲਈ ਤਰੋ-ਤਾਜ਼ਾ ਹੋ ਜਾਂਦੀ ਹੈ। ਫਿਰ ਵਹੁਟੀ ਦੀ ਦਰਾਣੀ/ਜਠਾਣੀ ਜਾਂ ਨਣਦ ਉਹਨੂੰ ਡੋਲੀ ਤੋਂ ਉਤਾਰ ਕੇ ਬੂਹੇ ਤੱਕ ਲਿਆਉਂਦੀ ਹੈ, ਸਰਦਲ ਟੱਪਣ ਤੋਂ ਪਹਿਲਾਂ ਤੇਲ ਚੋਇਆ ਜਾਂਦਾ ਹੈ।

**ਪਾਣੀ ਵਾਰਨਾ:** ਬੂਹੇ ਤੋਂ ਅੰਦਰ ਵੜਦਿਆਂ ਹੀ ਇਕ ਚੌਂਕੀ ਜਾਂ ਪਟੜਾ ਰੱਖਿਆ ਹੁੰਦਾ ਹੈ ਤੇ ਉਹਦੇ ਅੱਗੇ ਸੱਸ ਸ਼ਗਨਾਂ ਦਾ ਥਾਲ ਲੈ ਕੇ ਖੜ੍ਹੀ ਹੁੰਦੀ ਹੈ। ਇਸ ਥਾਲ ਵਿੱਚ ਖੰਮ੍ਹਣੀ ਵਾਲੀ ਗੜਵੀ ਹੁੰਦੀ ਹੈ,ਜਿਸ ਵਿੱਚ ਪਾਣੀ ਅੰਦਰ ਥੋੜ੍ਹਾ ਜਿਹਾ ਦੁੱਧ ਰਲਾ ਕੇ ਪਾਇਆ ਹੁੰਦਾ ਹੈ। ਪੰਜ ਲੱਡੂ ਤੇ ਘਾਹ ਦੀਆਂ ਕੁਝ ਸਾਵੀਆਂ ਤਿੜਾਂ ਵੀ ਰੱਖੀਆਂ ਹੁੰਦੀਆਂ ਹਨ। ਵਹੁਟੀ ਗੱਭਰੂ ਨੂੰ ਪਟੜੇ ਉੱਤੇ ਖੜ੍ਹਾਇਆ ਜਾਂਦਾ ਹੈ ਤੇ ਮਾਂ ਦੋਵਾਂ ਦੇ ਸਿਰ ਤੋਂ ਸੱਤ ਵਾਰ ਗੜਵੀ ਵਾਰ ਕੇ ਪਾਣੀ ਪੀਂਦੀ ਹੈ, ਕੁਝ ਘਰਾਂ ਵਿੱਚ ਮਾਂ ਤੋਂ ਬਾਅਦ ਚਾਚੀਆਂ-ਤਾਈਆਂ, ਦਰਾਣੀਆਂ-ਜਠਾਣੀਆਂ, ਨਣਦਾਂ ਵੀ ਪਾਣੀ ਵਾਰ ਕੇ ਪੀਂਦੀਆਂ ਹਨ। ਕਿਤੇ



ਕਿਤੇ ਜੇ ਸੱਸ ਸੁਹਾਗਣ ਨਾ ਹੋਵੇ,ਤਾਂ ਉਹਨੂੰ ਪਾਣੀ ਨਹੀਂ ਵਾਰਨ ਦਿੱਤਾ ਜਾਂਦਾ, ਕੋਈ ਸੁਹਾਗਣ ਤਾਈ ਚਾਚੀ ਹੀ ਇਹ ਰਸਮ ਕਰਦੀ ਹੈ। ਫਿਰ ਜੋੜੀ ਦਾ ਮੂੰਹ ਮਿੱਠਾ ਕਰਾ ਕੇ ਪਟੜੇ ਤੋਂ ਉਤਾਰ ਲਿਆ ਜਾਂਦਾ ਹੈ।

ਸੋਚਿਆ ਜਾਂਦਾ ਹੈ ਕਿ ਜਿਹੜਾ ਪਹਿਲਾਂ ਉੱਤਰੇਗਾ, ਉਹਦਾ ਬਾਕੀ ਜ਼ਿੰਦਗੀ ਦੂਜੇ ਉੱਤੇ ਰੋਹਬ ਰਹੇਗਾ। ਇਸ ਲਈ ਵਹੁਟੀ ਦੀਆਂ ਦਰਾਣੀਆਂ-ਜਠਾਣੀਆਂ ਉਹਨੂੰ ਪਹਿਲਾਂ ਲਾਹੁਣ ਦੀ ਤੇ ਗੱਭਰੂ ਦੀਆਂ ਭੈਣਾਂ ਗੱਭਰੂ ਨੂੰ ਪਹਿਲਾਂ ਲਾਹੁਣ ਦੀ ਕੋਸ਼ਿਸ਼ ਕਰਦੀਆਂ ਹਨ।

ਸਿਰ ਤੋਂ ਪਾਣੀ ਵਾਰ ਕੇ ਪੀਣ ਦੀ ਰੀਤ ਮਾਂ ਵੱਲੋਂ ਨੂੰਹ ਪੁੱਤ ਦੀਆਂ ਸਾਰੀਆਂ ਬਲਾਅਵਾਂ ਪੀ ਲੈਣ ਦੀ ਪ੍ਰਤੀਕ ਹੈ। ਇਸ ਲਈ ਪਾਣੀ ਪੀਂਦੀ ਮਾਂ ਨੂੰ ਪੁੱਤਰ ਹਰ ਵਾਰ ਰੋਕਦਾ ਰਹਿੰਦਾ ਹੈ, ਤਾਂ ਕਿ ਉਹਦੇ ਹਿੱਸੇ ਦੇ ਸਾਰੇ ਦੁੱਖ-ਤਕਲੀਫਾਂ ਉਹਦੀ ਮਾਂ ਨਾ ਸਹੇ। ਇਹ ਮਾਂ-ਪੁੱਤ ਦੇ ਪਿਆਰ ਦੀ ਬਹੁਤ ਹੀ ਅਨੋਖੀ ਤੇ ਬਲਿਹਾਰੀ ਜਾਣ ਵਾਲੀ ਰਸਮ ਹੈ।

ਇਸ ਪਿੱਛੋਂ ਭੈਣਾਂ ਵੀਰੇ-ਭਾਬੀ ਦਾ ਰਾਹ ਰੋਕ ਕੇ ਸ਼ਗਨ ਲੈਂਦੀਆਂ ਹਨ।

**ਆਰਤੀ:** ਕੁਝ ਹਿੰਦੂ ਪਰਿਵਾਰਾਂ ਵਿੱਚ ਇਹ ਰਵਾਇਤ ਵੀ ਪ੍ਰਚੱਲਿਤ ਹੈ। ਅੰਦਰ ਦਾਖਿਲ ਹੋਣ ਤੋਂ ਪਹਿਲਾਂ ਦੁਲਹਨ ਦੀ ਆਰਤੀ ਉਤਾਰੀ ਜਾਂਦੀ ਹੈ,ਫਿਰ ਉਹ ਸਾਹਮਣੇ ਰੱਖੇ ਚੌਲਾਂ ਦੇ ਭਾਂਡੇ ਨੂੰ ਸੱਜੇ ਪੈਰ ਨਾਲ ਇੰਜ ਠੋਕਰ ਮਾਰਦੀ ਹੈ ਕਿ ਚੌਲ ਸਾਰੇ ਪਾਸੇ ਖਿੰਡ ਜਾਂਦੇ ਹਨ। ਇਹ ਸਹੁਰੇ ਘਰ ਦੇ ਅਨਾਜ ਨਾਲ ਭਰੇ ਰਹਿਣ ਦੀ ਇੱਛਾ ਦਾ ਪ੍ਰਗਟਾਵਾ ਤੇ ਦੁਆ ਹੈ।

**ਪੈਰ-ਪੈੜਾਂ:** ਕੁਝ ਪਰਿਵਾਰਾਂ ਵਿੱਚ ਦੁਲਹਨ,ਖੁੱਲ੍ਹੇ ਭਾਂਡੇ ਅੰਦਰ ਪਾਏ ਲਾਲ ਪਾਣੀ,ਜੋ ਸੰਧੂਰ ਜਾਂ ਰੋਲੀ ਨੂੰ ਘੋਲ ਕੇ ਬਣਾਇਆ ਹੁੰਦਾ ਹੈ,ਵਿੱਚ ਪੈਰ ਡੁਬੋ ਕੇ ਸੁਰਖ-ਪੈੜਾਂ ਪਾਉਂਦੀ ਹੋਈ ਅੱਗੇ ਵਧਦੀ ਹੈ। ਇਹ ਵੀ ਸਹੁਰੇ ਘਰ ਦੇ ਰੰਗਾਂ-ਰੌਣਕਾਂ ਨਾਲ ਭਰੇ ਰਹਿਣ ਦੀ ਚਾਹਤ ਨੂੰ ਦਰਸਾਉਂਦਾ ਹੈ।

**ਮੂੰਹ-ਦਿਖਾਈ:** ਬੰਨੇ-ਬੰਨੀ ਨੂੰ ਅੰਦਰ ਲਿਆ ਕੇ ਸੋਫੇ ਜਾਂ ਸੋਹਣੇ ਵਿਛੌਣੇ 'ਤੇ ਬਿਠਾਇਆ ਜਾਂਦਾ ਹੈ,ਸੱਸ ਨੂੰਹ ਨੂੰ ਮਿੱਠੀ ਚੂਰੀ ਜਾਂ ਖੰਡ-ਘਿਓ ਦੀਆਂ ਸੱਤ ਬੁਰਕੀਆਂ ਜਾਂ ਦਹੀਂ ਸ਼ੱਕਰ ਖੁਆਉਂਦੀ ਹੈ ਤੇ ਮੂੰਹ-ਦਿਖਾਈ ਵਜੋਂ ਕੋਈ ਤੋਹਫਾ ਜਾਂ ਗਹਿਣਾ ਦਿੰਦੀ ਹੈ। ਫਿਰ ਸਾਰੀਆਂ ਮੇਲਣਾਂ ਮੂੰਹ-ਦਿਖਾਈ ਵਜੋਂ ਰੁਪਏ ਜਾਂ ਕੋਈ ਤੋਹਫ਼ਾ ਦਿੰਦੀਆਂ ਹਨ। ਪੁਰਾਣੇ ਜ਼ਮਾਨੇ ਵਿੱਚ ਵਹੁਟੀ ਨੇ ਘੁੰਡ

ਕੱਢਿਆ ਹੁੰਦਾ ਸੀ, ਤੇ ਹਰ ਸੁਆਣੀ ਘੁੰਡ ਦੇ ਵਿੱਚ ਦੀ ਮੂੰਹ ਦੇਖਦੀ ਸੀ ਜਾਂ ਘੁੰਡ ਚੁੱਕ ਕੇ ਮੂੰਹ ਦੇਖ ਕੇ ਫਿਰ ਉਹਦਾ ਘੁੰਡ ਕੱਢ ਦਿੰਦੀ ਸੀ,ਆਮ ਤੌਰ 'ਤੇ ਹੁਣ ਘੁੰਡ ਦਾ ਰਿਵਾਜ਼ ਨਹੀਂ ਰਿਹਾ,ਪਰ ਇਹ ਅਜੇ ਵੀ ਕਿਤੇ ਕਿਤੇ ਪਛੜੇ ਇਲਾਕਿਆਂ ਵਿੱਚ ਪ੍ਰਚੱਲਿਤ ਹੈ।

ਹਿੰਦੂ-ਪਰਿਵਾਰਾਂ ਵਿੱਚ ਜੋੜੀ ਨੂੰ ਘਰ ਵਿੱਚ ਲੱਗੇ 'ਥਾਪੇ' ਕੋਲ ਬਿਠਾ ਕੇ ਉਪ੍ਰੋਕਤ ਰਸਮਾਂ ਕੀਤੀਆਂ ਜਾਂਦੀਆਂ ਹਨ।

**ਕੰਗਣਾ-ਖੇਡਣਾ:** ਇਹ ਆਮ ਤੌਰ 'ਤੇ ਵਿਆਹ ਤੋਂ ਅਗਲੇ ਦਿਨ ਸਵੇਰੇ ਹੁੰਦਾ ਹੈ,ਪਰ ਕਾਹਲੇ ਵਕਤਾਂ ਵਿੱਚ ਉਸੇ ਸ਼ਾਮ ਵੀ 'ਮੂੰਹ-ਦਿਖਾਈ' ਤੋਂ ਬਾਅਦ ਕਰ ਲਿਆ ਜਾਂਦਾ ਹੈ। ਇਕ ਪਰਾਂਤ ਜਾਂ ਖੁੱਲ੍ਹੇ ਭਾਂਡੇ ਵਿੱਚ ਕੱਚੀ ਲੱਸੀ (ਥੋੜ੍ਹਾ ਦੁੱਧ ਅਤੇ ਬਹੁਤਾ ਪਾਣੀ) ਪਾ ਕੇ ਉੱਤੇ ਫੁੱਲ-ਪੱਤੀਆਂ ਛਿੜਕੀਆਂ ਜਾਂਦੀਆਂ ਹਨ। ਲਾੜੇ ਦੀ ਭਾਬੀ ਜਾਂ ਕੋਈ ਹੋਰ ਸੁਆਣੀ ਉਸ ਵਿੱਚ ਮੁੰਦਰੀ ਜਾਂ ਕੰਗਣ ਸੁੱਟ ਦਿੰਦੀ ਹੈ। ਵਹੁਟੀ-ਗੱਭਰੂ ਦੋਵੇਂ ਇਕ ਦੂਜੇ ਤੋਂ ਪਹਿਲਾਂ ਉਹਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਇਹ ਜਿਸਦੇ ਵੀ ਹੱਥ ਆਉਂਦੀ ਹੈ,ਉਹਨੂੰ ਸ਼ਾਬਾਸ਼ ਦਿੰਦਿਆਂ ਤਾੜੀਆਂ ਮਾਰੀਆਂ ਜਾਂਦੀਆਂ ਹਨ। ਇੰਜ ਤਿੰਨ ਜਾਂ ਸੱਤ ਵਾਰ ਕੀਤਾ ਜਾਂਦਾ ਹੈ। ਇਸ ਪਿਰਤ ਨਾਲ ਵਹੁਟੀ ਦੇ ਅੰਦਰੋਂ ਓਪਰਾਪਨ ਖਤਮ ਹੁੰਦਾ ਹੈ ਤੇ ਉਹ ਥੋੜ੍ਹੀ ਸਹਿਜ ਹੋ ਜਾਂਦੀ ਹੈ।

**ਛਿਟੀਆਂ ਖੇਡਣਾ:** ਵਹੁਟੀ ਗੱਭਰੂ ਸਾਰਿਆਂ ਦੇ ਹਾਸੇ-ਮਜ਼ਾਕ ਦੌਰਾਨ ਇਕ ਦੂਜੇ ਦੇ ਸੱਤ ਵਾਰ ਪਤਲੀਆਂ ਪਤਲੀਆਂ ਛਮਕਾਂ/ਛਿਟੀਆਂ ਮਾਰਦੇ ਹਨ,ਸਮਝਿਆ ਜਾਂਦਾ ਹੈ ਕਿ ਇੰਜ ਉਹਨਾਂ ਦੇ ਅੰਦਰੋਂ ਇਕ ਦੂਜੇ ਲਈ ਝਿਜਕ, ਬੇਗਾਨਗੀ, ਨਿੱਕੇ ਨਿੱਕੇ ਡਰ ਦੀ ਭਾਵਨਾ ਖਤਮ ਹੋ ਜਾਂਦੀ ਹੈ ਤੇ ਉਹ ਰਵਾਂ-ਰਵੀਂ ਗ੍ਰਹਿਸਤ ਜੀਵਨ ਵਿੱਚ ਪਰਵੇਸ਼ ਕਰ ਜਾਂਦੇ ਹਨ।

**ਗੋਤ-ਕਨਾਲਾ:**ਇਹ ਪਰੰਪਰਾ ਕਿਤੇ ਕਿਤੇ ਪਿੰਡਾਂ ਵਿੱਚ ਹੈ,ਲਾੜੇ ਦੇ ਗੋਤ ਦੀਆਂ ਸਭ ਔਰਤਾਂ ਉਹਦੇ ਘਰ ਆਉਂਦੀਆਂ ਹਨ ਤੇ ਇਕੱਠੀਆਂ ਬਹਿ ਕੇ ਨਵੀਂ ਬਹੂ ਨਾਲ ਇਕੋ ਬਰਤਨ ਵਿੱਚੋਂ ਮਿੱਠੇ ਚੌਲ/ਹਲਵਾ ਜਾਂ ਕੋਈ ਹੋਰ ਪਕਵਾਨ ਖਾਂਦੀਆਂ ਹਨ। ਉਹ ਬਹੂ ਦੇ ਮੂੰਹ ਵਿੱਚ ਤੇ ਬਹੂ ਉਹਨਾਂ ਦੇ ਮੂੰਹ ਵਿੱਚ ਬੁਰਕੀਆਂ ਪਾਉਂਦੀ ਹੈ। ਇਸ ਦਾ ਮਨੋਰਥ ਹੋਰ ਗੋਤ ਦੀ ਧੀ ਨੂੰ ਆਪਣੇ ਗੋਤ ਵਿੱਚ ਰਲਾਉਣਾ ਅਤੇ ਰੋਟੀ ਦੀ ਸਾਂਝ ਪੈਦਾ ਕਰਕੇ ਅਪਣੱਤ ਕਾਇਮ ਕਰਨਾ ਹੁੰਦਾ ਹੈ।



**ਨੋਟ:** ਜਿੱਥੇ ਹਿੰਦੂ-ਸਿੱਖ ਵਿਆਹਾਂ ਵਿੱਚ ਹੁੰਦੀਆਂ ਅਲੱਗ ਅਲੱਗ ਰਸਮਾਂ ਦਾ ਜ਼ਿਕਰ ਹੈ, ਉਹ ਆਮ ਕਰਕੇ ਇਸ ਤਰ੍ਹਾਂ ਹੁੰਦਾ ਹੈ,ਪਰ ਕਈ ਥਾਈਂ ਸਾਰੇ ਰਿਵਾਜ਼ ਹੀ ਰਲਗੱਡ ਹਨ ਤੇ ਵੱਖ-ਵੱਖ ਪਰਿਵਾਰਾਂ ਵੱਲੋਂ ਆਪਣੀ ਮਰਜ਼ੀ ਅਨੁਸਾਰ ਮਨਾਏ ਜਾਂਦੇ ਹਨ। ਇਥੋਂ ਤੱਕ ਕਿ ਕਈ ਹਿੰਦੂ-ਘਰਾਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾ ਕੇ ਵਿਆਹ ਅਰੰਭ ਕੀਤਾ ਜਾਂਦਾ ਹੈ,ਅਨੰਦ-ਕਾਰਜ ਆਦਿ ਕਰਵਾਏ ਜਾਂਦੇ ਹਨ ਤੇ ਕਈ ਸਿੱਖ-ਪਰਿਵਾਰਾਂ ਵਿੱਚ ਵੀ ਜੈ-ਮਾਲਾ ਤੇ ਤਿਲਕ ਦੀ ਰਸਮ ਹੁੰਦੀ ਹੈ।

**ਵੰਗਾਂ-ਚੜ੍ਹਾਈ (Bangle Ceremony)**: ਇਹ ਦੱਖਣੀ ਭਾਰਤ ਦੀ ਰੀਤ ਹੈ,ਜਿਹੜੀ ਪੰਜਾਬਣ ਮੁਟਿਆਰਾਂ ਵਿੱਚ ਦਿਨੋ-ਦਿਨ ਹਰਮਨ-ਪਿਆਰੀ ਹੋ ਰਹੀ ਹੈ। ਵਿਆਹ ਤੋਂ ਪਹਿਲਾਂ ਇੱਕ ਮੁਕੱਰਰ ਦਿਨ ਸਖੀਆਂ ਲਾਲ ਤੇ ਹਰੀਆਂ ਵੰਗਾਂ ਲੈ ਕੇ ਆਉਂਦੀਆਂ ਹਨ, ਪਹਿਲੀ ਵੰਗ ਕੁੜੀ ਦਾ ਭਰਾ ਚੜ੍ਹਾਉਂਦਾ ਹੈ, ਬਾਕੀ ਵੰਗਾਂ ਭੈਣਾਂ ਤੇ ਸਖੀਆਂ ਚੜ੍ਹਾਉਂਦੀਆਂ ਹਨ ਤੇ ਨੱਚਦੀਆਂ ਗਾਉਂਦੀਆਂ ਰੰਗ-ਤਮਾਸ਼ੇ ਕਰਦੀਆਂ ਹਨ।

**ਬਰਾਈਡਲ ਸ਼ਾਵਰ (Bridal Shower)**: ਇਹ ਪੱਛਮੀ ਦੇਸ਼ਾਂ ਤੋਂ ਆਇਆ ਰਿਵਾਜ਼ ਹੈ ਤੇ ਬੜੀ ਤੇਜ਼ੀ ਨਾਲ ਸਾਡੇ ਵਿਆਹਾਂ ਵਿੱਚ ਸ਼ਾਮਿਲ ਹੋ ਰਿਹਾ ਹੈ। ਇਹ ਵੀ ਸਖੀਆਂ-ਸਹੇਲੀਆਂ, ਭੈਣਾਂ ਦਾ ਉਤਸਵ ਹੈ,ਜਿਹੜਾ ਸ਼ਾਦੀ ਤੋਂ ਪਹਿਲਾਂ ਮਨਾਇਆ ਜਾਂਦਾ ਹੈ। ਲੜਕੀ ਦੇ ਗਲ ਵਿੱਚ ਸੈਸ਼ੇ (Sash), ਇਕ ਪਟਾ ਜਿਹਾ ਪਾਇਆ ਜਾਂਦਾ ਹੈ,ਜਿਸ ਉੱਤੇ BRIDE TO BE ਲਿਖਿਆ ਹੁੰਦਾ ਹੈ, ਇਹੋ ਜਿਹੀ ਲਿਖਤ ਵਾਲਾ ਇਕ ਮੁਕਟ ਉਹਦੇ ਮੱਥੇ ਉੱਤੇ ਸਜਾਇਆ ਜਾਂਦਾ ਹੈ, ਕਈ ਵਾਰ ਸਖੀਆਂ ਵੀ ਨਿੱਕੇ ਨਿੱਕੇ ਮੁਕਟ ਪਹਿਨ ਲੈਂਦੀਆਂ ਹਨ, ਇਹਨਾਂ ਸਾਰੀਆਂ ਵਿੱਚ ਵਿਆਹੁਲੀ ਕੁੜੀ ਕੋਈ ਸ਼ਹਿਜ਼ਾਦੀ ਲੱਗਦੀ ਹੈ। ਕੇਕ ਕੱਟਿਆ ਜਾਂਦਾ ਹੈ, ਗਾਣਾ-ਵਜਾਣਾ ਹੁੰਦਾ ਹੈ। ਤੋਹਫੇ ਦਿੱਤੇ ਜਾਂਦੇ ਹਨ।

ਮੈਂ ਆਪਣੀ ਰਿਸ਼ਤੇਦਾਰੀ ਵਿੱਚ ਇਕੋ ਦਿਨ ਵੜੀਆਂ ਟੁੱਕਣ, ਵੰਗਾਂ ਚੜ੍ਹਾਉਣ ਤੇ ਬਰਾਈਡਲ ਸ਼ਾਵਰ ਦੀਆਂ ਰਸਮਾਂ ਦੇਖੀਆਂ ਹਨ, ਇਹ ਵਿਸ਼ਵੀਕਰਨ ਦੇ ਪੰਜਾਬੀ ਵਿਆਹਾਂ ਵਿੱਚ ਦਾਖਿਲ ਹੋਣ ਤੇ ਵੱਖ-ਵੱਖ ਸੱਭਿਆਚਾਰਾਂ ਦੇ ਆਪਸ ਵਿੱਚ ਰਲ ਜਾਣ ਵੱਲ ਇਸ਼ਾਰਾ ਹੈ।

**ਸਵਾਗਤੀ-ਸਮਾਰੋਹ (Reception):** ਇਹ ਰਿਵਾਜ਼ ਵੀ ਕੁਝ ਚਿਰ ਪਹਿਲਾਂ ਹੀ ਸਾਡੇ ਸੱਭਿਆਚਾਰ ਦਾ ਹਿੱਸਾ ਬਣਿਆ ਹੈ। ਇਹ ਸਮਾਰੋਹ ਮੁੰਡੇ ਵਾਲਿਆਂ ਵੱਲੋਂ ਹੁੰਦਾ ਹੈ,ਜਿਸ ਵਿੱਚ ਨਵੀਂ ਬਹੂ ਦਾ ਸਵਾਗਤ ਕੀਤਾ ਜਾਂਦਾ ਹੈ। ਨਵ-ਵਿਆਹੀ ਜੋੜੀ ਨੂੰ ਫੁੱਲਾਂ-ਸਜੀ ਸਟੇਜ ਉੱਤੇ ਬਿਠਾ ਕੇ ਸਭ ਦੇ ਰੂਬਰੂ ਕੀਤਾ ਜਾਂਦਾ ਹੈ। ਮਹਿਮਾਨ ਉਹਨਾਂ ਦੇ ਕੋਲ ਆਕੇ ਸ਼ਗਨ ਤੇ ਅਸੀਸਾਂ ਦਿੰਦੇ ਹਨ ਤੇ ਸਾਰਿਆਂ ਨਾਲ ਤਸਵੀਰਾਂ ਖਿੱਚੀਆਂ ਜਾਂਦੀਆਂ ਹਨ।

ਕੇਕ ਕੱਟਣ ਦੀ ਰੀਤ ਇਸ ਸਮਾਗਮ ਦਾ ਅਹਿਮ ਭਾਗ ਹੈ,ਜਿਹੜੀ ਕਿ ਇਸ ਲਈ ਵੀ ਜ਼ਰੂਰੀ ਹੋ ਗਈ ਹੈ ਕਿ ਇਹ ਵੀਡੀਓ ਤੇ ਤਸਵੀਰਾਂ ਵਿਦੇਸ਼ ਜਾਣ ਲਈ ਪੇਸ਼ ਕਰਨੀਆਂ ਪੈਂਦੀਆਂ ਹਨ। ਪਰਵਾਸ ਦੀ ਆਗਿਆ ਦੇਣ ਵਾਲੇ (ਇਮੀਗਰੇਸ਼ਨ) ਅਧਿਕਾਰੀਆਂ ਨੂੰ ਉਹਨਾਂ ਦੇ ਆਪਣੇ ਸੱਭਿਆਚਾਰ ਦੀ ਇਹ ਰਸਮ ਦੇਖ ਕੇ ਹੀ ਵਿਆਹ ਦੇ ਅਸਲੀ ਤੇ ਪੱਕਾ ਹੋਣ ਬਾਰੇ ਯਕੀਨ ਆਉਂਦਾ ਹੈ ਤੇ ਇਸੇ ਮਕਸਦ ਕਰਕੇ ਹੀ ਮੁੰਦਰੀਆਂ ਪਾਉਣ ਦੀ ਰਸਮ ਵੀ ਲਾਜ਼ਮੀ ਹੋ ਗਈ ਹੈ।

ਜੇ ਮੁੰਡੇ ਵਾਲਿਆਂ ਨੇ ਸਵਾਗਤੀ ਸਮਾਰੋਹ ਨਾ ਕਰਨਾ ਹੋਵੇ ਤਾਂ ਕੇਕ ਕੱਟਣ ਦੀ ਰਸਮ ਵਿਆਹ ਵਾਲੇ ਦਿਨ ਹੀ ਕਰ ਲਈ ਜਾਂਦੀ ਹੈ। ਲਾੜੇ-ਲਾੜੀ ਦੇ ਕੇਕ ਕੱਟਦਿਆਂ ਹੀ ਹਾਲ ਤਾੜੀਆਂ ਨਾਲ ਗੂੰਜ ਉੱਠਦਾ ਹੈ,ਵਧਾਈਆਂ ਦੀ ਛਹਿਬਰ ਲੱਗਦੀ ਹੈ ਤੇ ਜੋੜੀ ਉੱਤੇ ਫੁੱਲ-ਪੱਤੀਆਂ ਦੀ ਵਰਖਾ ਕੀਤੀ ਜਾਂਦੀ ਹੈ। ਦੋਵੇਂ ਇਕ ਦੂਜੇ ਨੂੰ,ਅਤੇ ਫਿਰ ਬਾਕੀ ਮਹਿਮਾਨ ਉਹਨਾਂ ਨੂੰ ਕੇਕ ਖੁਆਉਂਦੇ ਹਨ। ਇਸ ਵੇਲੇ ਸ਼ੈਂਪੇਨ ਖੋਲ੍ਹਣ ਦਾ ਰਿਵਾਜ਼ ਵੀ ਚੱਲ ਪਿਆ ਹੈ ਤੇ ਸਾਰਿਆਂ ਦੇ ਘੁੱਟ-ਘੁੱਟ ਪੀਣ ਦਾ ਵੀ, ਜਿਹੜਾ ਪੰਜਾਬੀ ਸੱਭਿਆਚਾਰ ਦੇ ਬਿਲਕੁਲ ਉਲਟ ਹੈ। ਸਵਾਗਤੀ ਸਮਾਰੋਹ ਦੀ ਇਕ ਵਧੀਆ ਗੱਲ ਇਹ ਹੁੰਦੀ ਹੈ ਕਿ ਜੰਨ ਵਿੱਚ ਗਿਣੇ-ਚੁਣੇ ਲੋਕ ਹੀ ਜਾਂਦੇ ਹਨ ਤੇ ਲੜਕੀ ਵਾਲਿਆਂ ਉੱਤੇ ਜ਼ਿਆਦਾ ਵਜ਼ਨ ਨਹੀਂ ਪੈਂਦਾ। ਹੋਰ ਜਿਸ ਕਿਸੇ ਨਾਲ ਵੀ ਵਿਆਹ ਦੀ ਖੁਸ਼ੀ ਸਾਂਝੀ ਕਰਨੀ ਹੋਵੇ,ਉਹਨੂੰ ਇਸ ਵੇਲੇ ਸ਼ਾਮਿਲ ਹੋਣ ਦਾ ਸੱਦਾ ਦੇ ਦਿੱਤਾ ਜਾਂਦਾ ਹੈ। ਪਰ ਇਸ ਸਮੇਂ ਵੀ ਵਹੁਟੀ ਦੇ ਪੇਕਿਆਂ ਵੱਲੋਂ ਆਉਣ ਵਾਲੇ ਤੋਹਫ਼ਿਆਂ ਦਾ ਲੋਭ ਦਿਲਾਂ ਵਿੱਚ ਕੁੜੱਤਣਾਂ ਬੀਜਦਾ ਹੈ।



**ਵਿਆਹ ਦੀ ਭਾਜੀ:** ਆਏ ਮੇਲ਼ ਨੂੰ ਭਾਜੀ ਦੇ ਡੱਬੇ ਦੇ ਕੇ ਤੋਰਿਆ ਜਾਂਦਾ ਹੈ,ਇਹਨਾਂ ਡੱਬਿਆਂ ਵਿੱਚ ਵਿੱਚ ਲੱਡੂ, ਸ਼ੀਰਨੀ, ਸ਼ੱਕਰਪਾਰੇ, ਪਕੌੜੇ, ਮੱਠੀਆਂ, ਜਲੇਬੀਆਂ ਆਦਿ ਹੁੰਦੇ ਹਨ,ਜਿਹੜੇ ਕਿ ਵਿਆਹ ਤੋਂ ਕਿੰਨਾ ਚਿਰ ਪਿੱਛੋਂ ਤੱਕ ਤਨ-ਮਨ ਨੂੰ ਸੁਆਦ ਸੁਆਦ ਕਰੀ ਰੱਖਦੇ ਹਨ।

✶✶✶

**ਨੋਟ:** ਜੇ ਇਸ ਕਿਤਾਬ ਨੂੰ ਪੜ੍ਹ ਕੇ ਕਿਸੇ ਸੋਹਣੇ ਮਨ ਵਿੱਚ ਘੋੜੀਆਂ, ਸੁਹਾਗਾਂ, ਬੋਲੀਆਂ, ਦੋਹੇ, ਛੰਦਾਂ, ਟੱਪਿਆਂ, ਸਿੱਠਣੀਆਂ ਆਦਿ ਨਾਲ ਕਿਸੇ ਵਿਆਹ ਜਾਂ ਹੋਰ ਸਮਾਗਮ ਵਿੱਚ ਆਪਣੇ ਹੁਨਰ ਦਾ ਸਿੱਕਾ ਮਨਵਾਉਣ ਦੀ ਰੀਝ ਜਾਗੇ ਤਾਂ ਇਹਨਾਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਸੁਲੱਭ ਹਨ, ਜੋ ਕਿਸੇ ਵੀ ਮਿਆਰੀ ਲਾਇਬ੍ਰੇਰੀ ਨਾਲ ਸੰਪਰਕ ਕਰਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਤੇ ਇੰਟਰਨੈੱਟ ਉੱਤੇ ਖੋਜ ਕਰਕੇ ਵੀ ਬਹੁਤ ਕੁਝ ਲੱਭਿਆ ਜਾ ਸਕਦਾ ਹੈ।

# ਕਿਤਾਬ ਵਿੱਚ ਵਰਤੇ ਗਏ ਨਵੀਂ ਪੀੜ੍ਹੀ ਲਈ ਓਪਰੇ ਸ਼ਬਦਾਂ ਦੀ ਜਾਣ-ਪਛਾਣ:

ਇਹਨਾਂ ਸ਼ਬਦਾਂ ਵਿਚੋਂ ਕਈਆਂ ਦੇ ਹੋਰ ਬਹੁਤ ਸਾਰੇ ਅਰਥ ਵੀ ਹਨ,ਪਰ ਏਥੇ ਉਹੀ ਅਰਥ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ,ਜਿਸ ਨੂੰ ਮੁੱਖ ਰੱਖ ਕੇ ਉਹ ਸ਼ਬਦ ਕਿਤਾਬ ਵਿੱਚ ਵਰਤਿਆ ਗਿਆ ਹੈ।

### ੳ

**ਉਤਸਵ:**ਖ਼ੁਸ਼ੀ ਅਨੰਦ ਦੇਣ ਵਾਲਾ ਸਮਾਰੋਹ,ਜਸ਼ਨ,ਤਿਉਹਾਰ

**ਉਮਾਹ:**ਉਤਸ਼ਾਹ,ਉਮੰਗ, ਚਾਅ

### ਅ

**ਅਸ਼ਰਫੀ:**ਮੋਹਰ,ਸੋਨੇ ਦਾ ਸਿੱਕਾ

**ਆਂਗਣ:**ਵਿਹੜਾ

**ਆਬਸ਼ਾਰ:**ਝਰਨਾ,ਪਹਾੜਾਂ ਵਿੱਚ ਉਚਾਈ ਤੋਂ ਲਗਾਤਾਰ ਡਿੱਗਦਾ ਪਾਣੀ

**ਆਰਸੀ:**ਉਹ ਅੰਗੂਠੀ,ਮੁੰਦਰੀ,ਜਿਸ ਵਿੱਚ ਸ਼ੀਸ਼ਾ ਜੜਿਆ ਹੁੰਦਾ ਹੈ।

**ਅਬਰਕ:**ਇਕ ਖਣਿਜ ਪਦਾਰਥ,ਜਿਸਦੇ ਨਿੱਕੇ ਨਿੱਕੇ ਹਰੇ,ਪੀਲੇ,ਲਾਲ, ਜਾਮਨੀ,ਭੂਰੇ ਚਮਕੀਲੇ ਕਿਣਕੇ ਬਜ਼ਾਰ ਵਿੱਚ ਮਿਲਦੇ ਹਨ।

**ਅੱਟਣ:**ਕਹੀ ਜਾਂ ਹੱਥ-ਚੱਕੀ ਚਲਾਉਣ ਵਾਲੇ ਜਾਂ ਹੋਰ ਇਹੋ ਜਿਹਾ ਸਖਤ ਕੰਮ ਕਰਨ ਵਾਲੇ ਲੋਕਾਂ ਦੇ ਹੱਥਾਂ ਉੱਤੇ ਰਗੜ ਜਾਂ ਦਬਾਓ ਨਾਲ ਸਖ਼ਤ ਹੋ ਗਈ ਚਮੜੀ ਦੀਆਂ ਬਣੀਆਂ ਨਿੱਕੀਆਂ ਨਿੱਕੀਆਂ ਰਸੌਲੀਆਂ,ਜੋ ਕਦੀ ਕਦੀ ਬਹੁਤ ਪੀੜ ਕਰਦੀਆਂ ਹਨ।

### ੲ

**ਇਕਤਾਰਾ:**ਇਕ ਤਾਰ ਵਾਲਾ ਸਾਜ਼,ਜਿਹੜਾ ਮੜ੍ਹੇ ਹੋਏ ਤੂੰਬੇ ਨਾਲ ਬਾਂਸ ਦੀ ਡੰਡੀ ਲਾ ਕੇ ਬਣਾਇਆ ਹੁੰਦਾ ਹੈ।ਕਈ ਗਾਇਕ ਇਸਨੂੰ ਵਜਾਉਂਦੇ ਹਨ ਤੇ ਇਸ ਦੀ ਧੁਨ ਬਹੁਤ ਦਿਲਖਿਚਵੀਂ ਹੁੰਦੀ ਹੈ।

**ਇਤਰ/ਅਤਰ:**ਕੱਪੜਿਆਂ 'ਤੇ ਛਿੜਕਣ ਵਾਲਾ ਬੇਹੱਦ ਖੁਸ਼ਬੂਦਾਰ ਤਰਲ, ਜਿਹੜਾ ਗੁਲਾਬ,ਬੇਲੇ, ਜੂਹੀ,ਚੰਬੇਲੀ,ਮੋਤੀਏ ਤੇ ਹੋਰ ਅਨੇਕਾਂ ਫੁੱਲਾਂ ਤੋਂ ਤਿਆਰ ਕੀਤਾ ਜਾਂਦਾ ਹੈ,ਇਸ ਵਿੱਚ ਸੰਦਲ ਦਾ ਤੇਲ ਵੀ ਵਰਤਿਆ ਜਾਂਦਾ ਹੈ।



### ਸ

**ਸਾਂਈ ਦੀਆਂ ਰੱਖਾਂ:**ਉਹ ਅਸੀਸ,ਜੋ ਬੁਰੇ ਸਮਿਆਂ ਤੋਂ ਬਚਾਉਂਦੀ ਹੈ।

**ਸੁਹਾਗ:**ਕੁੜੀ ਦੇ ਵਿਆਹ ਵਿੱਚ ਗਾਏ ਜਾਂਦੇ ਗੀਤ,ਜਿਸ ਵਿੱਚ ਉਹਦੀਆਂ ਰੀਝਾਂ-ਸੁਪਨਿਆਂ ਦਾ ਜ਼ਿਕਰ ਹੁੰਦਾ ਹੈ,ਵਰ-ਘਰ ਕਿਹੋ ਜਿਹਾ ਹੋਵੇ ਉਸ ਲਈ ਫ਼ਰਿਆਦ ਵੀ ਤੇ ਮਾਪਿਆਂ ਵੱਲੋਂ ਵਿਛੜ ਜਾਣ ਦੀ ਵੇਦਨਾ ਵੀ।

'ਸੁਹਾਗ' ਪਤੀ ਨੂੰ ਵੀ ਕਹਿੰਦੇ ਹਨ।

**ਸੁਹਾਗਣ:**ਜਿਸ ਦਾ ਪਤੀ ਜਿਉਂਦਾ ਹੋਵੇ।

**ਸਿਹਰਾ/ਸੇਹਰਾ:**ਇਹ ਲਾੜੇ ਦੇ ਸਿਰ 'ਤੇ ਜੰਨ ਚੜ੍ਹਨ ਤੋਂ ਪਹਿਲਾਂ ਸਜਾਇਆ ਜਾਂਦਾ ਹੈ।ਕੁਝ ਸਿਹਰੇ ਮੁਕਟ ਵਰਗੇ ਹੁੰਦੇ ਹਨ,ਤੇ ਕਈਆਂ ਦੇ ਅੱਗੇ ਸੁਨਹਿਰੀ ਧਾਗਿਆਂ ਦੀ ਝਾਲਰ ਹੁੰਦੀ ਹੈ ਜਿਸ ਤੋਂ ਮੋਤੀਆਂ,ਜ਼ਰੀ ਦੀਆਂ ਤਾਰਾਂ, ਫੁੱਲ-ਕਲੀਆਂ ਦੀਆਂ ਲੜੀਆਂ ਲਟਕਦੀਆਂ ਹੁੰਦੀਆਂ ਹਨ।ਸਿੱਖਾਂ ਦੇ ਸਿਹਰੇ ਆਮ ਕਰਕੇ ਝਾਲਰ ਵਰਗੇ ਹੁੰਦੇ ਹਨ, ਕਿਉਂਕਿ ਪਗੜੀ ਉੱਤੇ ਕਲਗੀ ਦੇ ਨਾਲ ਇਹ ਵਧੇਰੇ ਸਜਦੇ ਹਨ।ਹਿੰਦੂਆਂ ਦੇ ਸਿਹਰੇ ਮੁਕਟ ਦੀ ਸ਼ਕਲ ਦੇ ਹੁੰਦੇ ਹਨ।ਇਸ ਨਾਲ ਲਾੜੇ ਦਾ ਚਿਹਰਾ ਲੁਕ ਜਾਂਦਾ ਹੈ,ਇਉਂ ਉਹਨੂੰ ਦੇਖਣ ਦੀ ਉਤਸੁਕਤਾ ਵੀ ਬਣੀ ਰਹਿੰਦੀ ਹੈ ਅਤੇ ਧੂੜ-ਮਿੱਟੀ,ਧੁੱਪ ਤੋਂ ਵੀ ਬਚਾਅ ਕਰਦਾ ਹੈ।

**'ਸਿਹਰਾ'** ਉਸ ਕਵਿਤਾ ਨੂੰ ਵੀ ਕਹਿੰਦੇ ਹਨ ਜਿਸ ਵਿੱਚ ਲਾੜੇ ਤੇ ਉਹਦੇ ਸਾਕ- ਸਬੰਧੀਆਂ ਦੀ ਤਾਰੀਫ਼,ਸ਼ਾਨ,ਰੀਝਾਂ ਤੇ ਵਿਆਹ ਦੀ ਖੁਸ਼ੀ ਦਾ ਵਰਣਨ ਹੁੰਦਾ ਹੈ।

**ਸਿਹਰਾ-ਬੰਦੀ:**ਲਾੜੇ ਦੇ ਸਿਰ ਉੱਤੇ ਸਿਹਰਾ ਬੰਨ੍ਹਣ ਦੀ ਰਸਮ,ਜਿਹੜੀ ਆਮ ਕਰਕੇ ਭੈਣਾਂ ਅਤੇ ਕਿਤੇ ਕਿਤੇ ਉਹਨਾਂ ਦੇ ਨਾਲ ਜੀਜਿਆਂ ਵੱਲੋਂ ਵੀ ਕੀਤੀ ਜਾਂਦੀ ਹੈ।ਇਸ ਵਕਤ ਸਿਹਰੇ ਦੇ ਗੀਤ ਗਾਏ ਜਾਂਦੇ ਹਨ ਤੇ ਸ਼ਗਨ ਦਿੱਤੇ ਜਾਂਦੇ ਹਨ।

**ਸੁਹੰਢਣਾ:**ਹੰਢਣਸਾਰ, ਜਿਹੜਾ ਜਦੋਂ ਹੰਢਾਇਆ ਜਾਵੇ ਤਾਂ ਸੁੱਖ-ਅਨੰਦ ਦੇਵੇ।

**ਸੁਹੇਲੜਾ/ਸੁਹੇਲਾ:**ਅਸਾਨ,ਸੌਖਾ

**ਸੁਹਾਵਣਾ/ਸੁਹਾਵਾ/ਸੁਹਾਵੜਾ:**ਸੁੰਦਰ,ਸ਼ੋਭਾ ਵਾਲਾ,

**ਸੁਹਾਵਣੀ/ਸੁਹਾਵੀ:**ਸੁੰਦਰ,ਸ਼ੋਭਾ ਵਾਲੀ

**ਸਕੇ ਸੋਧਰੇ:**ਸਾਕ-ਸਕੀਰੀ,ਖ਼ੂਨ ਦੀ ਸਾਂਝ ਵਾਲੇ ਰਿਸ਼ਤੇਦਾਰ

**ਸਕੀਰੇਦਾਰੀ:**ਰਿਸ਼ਤੇਦਾਰੀ,ਨਾਤੇਦਾਰੀ

**ਸ਼ੱਕਰਪਾਰੇ:**ਮੈਦੇ ਦੀਆਂ ਛੋਟੀਆਂ ਛੋਟੀਆਂ ਚੌਰਸ ਡਲੀਆਂ ਨੂੰ ਤਲ ਕੇ ਤੇ ਖੰਡ ਰਲਾ ਕੇ ਬਣਾਏ ਜਾਂਦੇ ਮਿੱਠੇ ਮਿੱਠੇ ਟੁਕੜੇ,ਜਿਹਨਾਂ ਨੂੰ ਖੁਰਮੇ ਵੀ ਕਹਿੰਦੇ ਹਨ।ਇਹ ਵਿਆਹ ਦੀ ਭਾਜੀ ਵਿੱਚ ਸ਼ਾਮਿਲ ਕੀਤੇ ਜਾਂਦੇ ਹਨ।

**ਸੱਗੀਫੁੱਲ:**'ਸੱਗੀ' ਸੋਨੇ ਦੀ ਉਹ ਟੂੰਮ ਹੁੰਦੀ ਹੈ,ਜਿਹੜੀ ਉਲਟੀ ਕਟੋਰੀ ਵਾਂਗ ਹੁੰਦੀ ਹੈ ਤੇ ਉੱਤੇ ਮੋਤੀ,ਨਗ ਜੜੇ ਹੁੰਦੇ ਹਨ ਜਾਂ ਕੋਈ ਨਮੂਨਾ ਬਣਿਆ ਹੁੰਦਾ ਹੈ,ਇਹਨੂੰ ਸਿਰ ਦੇ ਸਿਖਰ 'ਤੇ ਵਾਲਾਂ ਵਿੱਚ ਗੁੰਦਿਆ ਜਾਂਦਾ ਹੈ, ਨਾਲ ਦੋਵਾਂ ਪਾਸਿਆਂ 'ਤੇ ਇਹੋ ਜਿਹੀਆਂ ਪਰ ਨਿੱਕੀਆਂ ਉਲਟੀਆਂ ਕਟੋਰੀਆਂ ਵਰਗੇ ਦੋ ਗਹਿਣੇ ਗੁੰਦੇ ਜਾਂਦੇ ਹਨ, ਜਿਹਨਾਂ ਨੂੰ 'ਫੁੱਲ' ਕਹਿੰਦੇ ਹਨ।ਇਹ ਪੁਰਾਣੇ ਜ਼ਮਾਨੇ ਵਿੱਚ ਅਕਸਰ ਹਰ ਵਿਆਹੁਲੀ ਦੇ ਗੁੰਦੇ ਜਾਂਦੇ ਸਨ,ਅੱਜ ਕੱਲ੍ਹ ਗਿੱਧੇ ਵਾਲੀਆਂ ਮੁਟਿਆਰਾਂ ਜਾਂ ਫੈਸ਼ਨ-ਸ਼ੋਅ ਵਿੱਚ ਪੰਜਾਬਣਾਂ ਇਹਨੂੰ ਪਾਉਂਦੀਆਂ ਹਨ।

**ਸਗਮਾ:**ਸਾਰੇ ਦਾ ਸਾਰਾ,ਸਬੂਤਾ

**ਸੋਟ:**ਕਿਸੇ ਦੇ ਉਤੋਂ ਰੁਪਏ ਵਾਰ ਕੇ ਸੁੱਟਣਾ,ਇਹ ਲਾਲ ਰੰਗ ਦੀ ਗੁਥਲੀ ਵਿੱਚ ਭਰੇ ਹੋਏ ਰੁਪੈ-ਦੋ ਰੁਪੈ ਦੇ ਬਹੁਤ ਸਾਰੇ ਸਿੱਕੇ ਹੁੰਦੇ ਹਨ,ਜਿਹੜੇ ਡੋਲੀ ਉੱਤੋਂ ਸੁੱਟੇ ਜਾਂਦੇ ਹਨ।

**ਸਿੱਠਣੀਆਂ:**ਹਾਸ-ਬਿਲਾਸ,ਵਿਅੰਗ,ਟਿੱਚਰਾਂ ਵਾਲੇ ਗੀਤ,ਜਿਹੜੇ ਨਾਨਕੀਆਂ,ਦਾਦਕੀਆਂ ਵੱਲੋਂ ਇਕ ਦੂਜੀ ਨੂੰ ਛੇੜਦੇ ਹੋਏ ਗਾਏ ਜਾਂਦੇ ਹਨ,ਇਹ ਸਿੱਠਣੀਆਂ ਸਾਲੀਆਂ ਵੱਲੋਂ ਜੀਜਿਆਂ ਨੂੰ,ਵਿਚੋਲਿਆਂ ਨੂੰ,ਕੁੜਮਾਂ ਨੂੰ ਅਤੇ ਜਾਂਞੀਆਂ ਨੂੰ ਵੀ ਦਿੱਤੀਆਂ ਜਾਂਦੀਆਂ ਹਨ।

**ਸਤਵਰਗ:**ਸੱਤ ਰੰਗਾਂ ਵਾਲੇ ਫੁੱਲ

**ਸੰਦਲੀ:**ਸੰਦਲ-ਰੰਗਾ,ਚੰਦਨ ਵਰਗੀ ਮਹਿਕ ਦੇਣ ਵਾਲਾ,ਸੰਧੂਰੀ,ਸੁਗੰਧਿਤ

**ਸੰਧਾਰਾ:**ਕੁੜੀਆਂ ਦੇ ਸਹੁਰੇ ਭੇਜੀ ਜਾਂਦੀ ਸੁਗਾਤ, ਜਿਸ ਵਿਚ ਪੰਜੀਰੀ,ਖੋਏ ਦੀਆਂ ਪਿੰਨੀਆਂ,ਬਿਸਕੁਟਾਂ ਦਾ ਪੀਪਾ ਆਦਿ ਹੁੰਦੇ ਹਨ,ਕਈ ਵਾਰ ਨਾਲ ਕੱਪੜੇ-ਲੱਤੇ, ਵੰਗਾਂ,ਗਹਿਣੇ ਜਾਂ ਕੋਈ ਹੋਰ ਤੋਹਫ਼ਾ ਵੀ ਹੁੰਦੈ।ਇਹ ਤੀਆਂ ਵੇਲੇ ਜ਼ਰੂਰ ਭੇਜਿਆ ਜਾਂਦੈ ਤੇ ਅਕਸਰ ਭਰਾ ਇਹਨੂੰ ਲੈ ਕੇ ਜਾਂਦੇ ਹਨ।



**ਸਬਜ਼:**ਹਰੇ ਰੰਗ ਦਾ

**ਸੁੱਭਰ/ਸੁੱਭ੍ਰਰ:**ਇਹ ਨਾਨਕਿਆਂ ਵੱਲੋਂ ਲਿਆਂਦੀ ਜਾਂਦੀ ਲਾਲ ਜਾਂ ਮਜੀਠ ਰੰਗ ਦੀ ਫੁਲਕਾਰੀ ਹੁੰਦੀ ਹੈ,ਜਿਸਨੂੰ ਵਟਣੇ,ਨ੍ਹਾਈ-ਧੋਈ ਤੇ ਸਾਂਤ ਦੀ ਰੀਤ ਸਮੇਂ ਲੜਕੀ ਦੇ ਉੱਤੇ ਦੇ ਕੇ ਮਾਮਾ ਚੌਂਕੀ/ਖਾਰੇ ਤੋਂ ਉਤਾਰਦਾ ਹੈ।ਇਹਦੇ ਚਾਰ ਕੋਨਿਆਂ ਉੱਤੇ ਕੱਢੇ ਕਮਲ ਦੇ ਫੁੱਲ ਚਾਰੇ ਦਿਸ਼ਾਵਾਂ ਦੇ ਤੇ ਵਿਚਕਾਰਲਾ ਛੇ ਕਲੀਆਂ ਵਾਲਾ ਕਮਲ ਆਕਾਸ਼-ਪਤਾਲ ਦਾ ਪ੍ਰਤੀਕ ਹੁੰਦਾ ਹੈ।ਕਮਲ ਖ਼ੂਬਸੂਰਤੀ ਅਤੇ ਇਸਤਰੀ-ਮਰਦ ਦੇ ਮੇਲ ਨੂੰ ਦਰਸਾਉਂਦਾ ਹੈ।ਇਸ ਨੂੰ ਸਿਰ ਉੱਤੇ ਲੈ ਕੇ ਕੁੜੀ ਲਾਵਾਂ/ਫੇਰਿਆਂ ਤੇ ਬੈਠਦੀ ਹੈ ਤੇ ਉਹਨੂੰ ਸਾਰੀਆਂ ਦਿਸ਼ਾਵਾਂ, ਆਕਾਸ਼-ਪਤਾਲ ਦਾ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ।ਕੁਝ ਵਿਦਵਾਨਾਂ ਅਨੁਸਾਰ ਇਸ ਦੀਆਂ ਦੋਵਾਂ ਗੁੱਠਾਂ 'ਤੇ ਫੁੱਲ ਅਤੇ ਵਿਚਕਾਰ ਪੰਜ ਬੂਟੀਆਂ ਕੱਢੀਆਂ ਜਾਂਦੀਆਂ ਹਨ।ਸ਼ਾਇਦ ਦੋਵੇਂ ਤਰ੍ਹਾਂ ਦੇ ਸੁੱਭਰ ਪ੍ਰਚੱਲਿਤ ਹੁੰਦੇ ਹੋਣਗੇ।ਹੁਣ ਤਾਂ ਇਸ ਦਾ ਰਿਵਾਜ਼ ਨਹੀਂ ਰਿਹਾ,ਨਾਨਕੇ ਕੋਈ ਵੀ ਫੁਲਕਾਰੀ ਲਿਆ ਕੇ ਸ਼ਗਨ ਕਰ ਲੈਂਦੇ ਹਨ।

**ਸਰਦਲ:**ਮੁਹਾਠ,ਦਹਿਲੀਜ਼,ਦੇਹਲੀ

**ਸਾਰ:**ਕਿਸੇ ਦਾ ਹਾਲ-ਚਾਲ ਪੁੱਛਣਾ,ਉਹਦੀ ਖਬਰ ਲੈਣੀ,ਸੰਭਾਲ ਕਰਨੀ, ਕਦਰ ਕਰਨੀ

**ਸਰ੍ਹਵਾਲਾ:**ਇਹ ਲਾੜੇ ਦਾ ਸਕਾ ਜਾਂ ਰਿਸ਼ਤੇ ਵਿਚੋਂ ਨਿੱਕਾ ਭਰਾ/ਭਤੀਜਾ ਜਾਂ ਭਾਣਜਾ ਹੁੰਦਾ ਹੈ, ਜਿਸ ਨੂੰ ਲਾੜੇ ਵਰਗੀ ਹੀ ਪੁਸ਼ਾਕ ਪਵਾਈ ਜਾਂਦੀ ਹੈ, ਸ਼ਗਨ ਦਿੱਤੇ ਜਾਂਦੇ ਹਨ ਤੇ ਉਹ ਹਰ ਰਸਮ ਵੇਲੇ ਲਾੜੇ ਦੇ ਅੰਗ-ਸੰਗ ਰਹਿੰਦਾ ਹੈ। ਹਿੰਦੂ-ਵਿਆਹਾਂ ਵਿੱਚ ਉਹ ਘੋੜੀ ਉੱਤੇ ਲਾੜੇ ਦੇ ਅੱਗੇ ਜਾਂ ਪਿੱਛੇ ਬੈਠਦਾ ਹੈ।

**ਸ਼ਰੀਕਾ/ਸਰੀਕਾ:**ਬਰਾਦਰੀ,ਭਾਈਚਾਰਾ

**ਸ਼ੀਰੀਂ:**ਮਿੱਠਾ,ਪਿਆਰਾ

**ਸ਼ੀਰਨੀ:**ਵਿਆਹ ਦੀ ਭਾਜੀ ਵਿੱਚ ਬਣਾਈ ਜਾਂਦੀ ਸੁੱਕੀ ਮਠਿਆਈ,ਜਿਹੜੀ ਸੁੱਕੀਆਂ ਤੇ ਮਿੱਠੀਆਂ ਸੇਵੀਂਆਂ ਦੇ ਮੋਟੇ ਮੋਟੇ ਟੁਕੜਿਆਂ ਦੀ ਸ਼ਕਲ ਵਰਗੀ ਹੁੰਦੀ ਹੈ।

**ਸਰਬ-ਸੁਹਾਗਣ:**ਜਿਹੜੀ ਜੀਵਨ ਭਰ ਸੁਹਾਗ-ਸੁੱਖ ਭੋਗੇ,ਜੋ ਕਦੇ ਵਿਧਵਾ ਨਹੀਂ ਹੁੰਦੀ

**ਸੁਲੱਖਣੀ:**ਸ਼ੁਭ ਲੱਛਣਾਂ ਵਾਲੀ,ਚੰਗੇ ਚਿੰਨ੍ਹਾਂ ਵਾਲੀ,ਉੱਤਮ ਨਿਸ਼ਾਨੀਆਂ ਵਾਲੀ

**ਸਿੱਲ੍ਹਤ:**ਚਮੜੀ ਵਿੱਚ ਚੁਭ ਜਾਣ ਵਾਲਾ ਕੋਈ ਤੀਲ੍ਹਾ,ਚਿੱਪਰ ਆਦਿ ਜੋ ਬਹੁਤ ਚੋਭ ਅਤੇ ਤਕਲੀਫ ਦਿੰਦੀ ਹੈ

**ਸਾਲੂ:**ਲਾਲ ਜਾਂ ਸੂਹੇ ਲਾਲ ਰੰਗ ਦੇ ਕੱਪੜੇ ਉੱਤੇ ਉੱਤੇ ਪੱਟ ਦੇ ਧਾਗਿਆਂ ਨਾਲ ਕੱਢੀ ਫੁਲਕਾਰੀ, ਜਿਹੜੀ ਕੁੜੀਆਂ ਲਾਵਾਂ-ਫੇਰਿਆਂ ਵੇਲੇ ਲੈਂਦੀਆਂ ਸਨ,ਇਹ ਸੁਹਾਗ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ।ਵਿਆਹ ਪਿੱਛੋਂ ਵੀ ਵਹੁਟੀ ਦੇ ਸਿਰ 'ਤੇ ਸੋਂਹਦਾ ਰਹਿੰਦਾ ਹੈ।

**ਸੁਲਤਾਨ:**ਬਾਦਸ਼ਾਹ

**ਸਾਵੇ ਸ਼ਰੀਂਹਾਂ ਦੇ ਵੰਦਨਬਾਰ:**ਸ਼ਰੀਂਹ ਦੇ ਹਰੇ ਪੱਤੇ ਦਰਵਾਜ਼ੇ 'ਤੇ ਟੰਗਣੇ ਸ਼ੁੱਭ ਮੰਨੇ ਜਾਂਦੇ ਹਨ, ਇਹ ਘਰ ਵਿੱਚ ਆਈ ਖਾਸ ਖ਼ੁਸ਼ੀ ਦੀ ਨਿਸ਼ਾਨੀ ਹੁੰਦੇ ਹਨ ਤੇ ਮੁੰਡਾ ਜੰਮਣ ਵੇਲੇ  ਜ਼ਰੂਰ ਬੰਨ੍ਹੇ ਜਾਂਦੇ ਹਨ।ਸ਼ਰੀਂਹ ਹਰੀਆਂ ਪੱਤੇਦਾਰ ਟਾਹਣੀਆਂ ਵਾਲੇ ਇਕ ਬਿਰਖ ਨੂੰ ਕਹਿੰਦੇ ਹਨ।

**ਸੁਵੰਨੜੀ:**ਸੋਹਣੀ,ਹੁਸੀਨ,ਸੁੰਦਰ ਰੰਗ ਵਾਲੀ

**ਸਾਵਾ:ਹਰਾ**

**ਸਵਾਗਤੀ ਸਮਾਰੋਹ:**ਕਿਸੇ ਨੂੰ ਜੀ ਆਇਆਂ ਕਹਿਣ ਲਈ ਕੀਤਾ ਜਾਂਦਾ ਸਮਾਗਮ,ਸ਼ਾਦੀ ਸਮੇਂ ਨਵੀਂ ਵਹੁਟੀ ਨੂੰ ਜੀ ਆਇਆਂ ਕਹਿਣ ਲਈ ਕੀਤਾ ਜਾਂਦਾ ਸਮਾਗਮ

**ਸੁਵੇਲਾ:**ਸ਼ੁਭ ਵੇਲਾ,ਚੰਗਾ ਵੇਲਾ,ਠੀਕ ਸਮਾਂ

**ਸਵਾਂਗ:**ਆਪਣੇ ਜਿਸਮ ਉੱਤੇ ਕਿਸੇ ਹੋਰ ਦਾ ਧਾਰਨ ਕੀਤਾ ਲਿਬਾਸ ਅਤੇ ਉਹੋ ਜਿਹੀ ਅਦਾਕਾਰੀ

**ਸਵਾਂਤ-ਬੂੰਦ:**ਉਹ ਬੂੰਦ,ਜਿਹੜੀ ਸਿੱਪੀ ਵਿੱਚ ਪੈ ਜਾਵੇ ਤਾਂ ਮੋਤੀ ਬਣਦੀ ਹੈ,ਕੇਲੇ ਵਿੱਚ ਪੈ ਜਾਵੇ ਤਾਂ ਕਪੂਰ ਬਣਦੀ ਹੈ।

## ਹ

**ਹੰਸ:**ਇਕ ਬਹੁਤ ਉੱਤਮ ਕਿਹਾ ਜਾਂਦਾ ਬੱਤਖ ਵਰਗਾ,ਪਰ ਉੱਚਾ ਉੱਡਣ ਵਾਲਾ ਪੰਛੀ,ਜਿਸਦੇ ਖੰਭ ਚਿੱਟੇ ਤੇ ਚੁੰਝ ਲਾਲ ਹੁੰਦੀ ਹੈ,ਜਿਸ ਬਾਰੇ ਧਾਰਨਾ ਹੈ ਕਿ ਇਹ ਸੁੱਚੇ ਮੋਤੀ ਖਾਂਦਾ ਹੈ,ਦੁੱਧ ਅਤੇ ਪਾਣੀ ਨਿਖੇੜ ਸਕਦਾ ਹੈ ਅਤੇ ਇਸ ਦਾ ਟਿਕਾਣਾ ਮਾਨਸਰੋਵਰ ਹੈ।



**ਹਾਕ:**ਆਵਾਜ਼,ਪੁਕਾਰ

**ਹੱਥੀ:**ਚਰਖੇ ਦਾ ਉਹ ਹਿੱਸਾ ਜਿਸ ਨੂੰ ਫੜ ਕੇ ਚਰਖਾ ਚਲਾਇਆ ਜਾਂਦਾ ਹੈ

**ਹਾਰਾ:**ਇਹ ਪਿੰਡਾਂ ਵਿੱਚ ਵਰਤਿਆ ਜਾਂਦਾ ਮਿੱਟੀ ਦਾ ਬਣਿਆ ਤੰਦੂਰ ਦੀ ਸ਼ਕਲ ਵਰਗਾ ਪਰ ਆਕਾਰ ਵਿੱਚ ਨਿੱਕਾ ਹੁੰਦਾ ਹੈ,ਇਸ ਵਿੱਚ ਪਾਥੀਆਂ ਮਘਾ ਕੇ ਦਾਲ,ਸਾਗ ਆਦਿ ਬਣਾਇਆ ਜਾਂਦਾ ਹੈ।

**ਹਲਟ/ਹਰਟ:**ਇਹ ਖੇਤਾਂ ਦੀ ਸਿੰਜਾਈ ਲਈ ਖੂਹ ਵਿਚੋਂ ਪਾਣੀ ਕੱਢਣ ਦਾ ਸਾਧਨ ਸੀ,ਇਸ ਅੱਗੇ ਬੋਤਾ ਜਾਂ ਬਲਦ ਲਾ ਕੇ ਹੱਕਿਆ ਜਾਂਦਾ ਸੀ,ਇਹ ਗੋਲ ਚੱਕਰ ਵਿੱਚ ਘੁੰਮਦਾ ਸੀ ਤੇ ਖੂਹ ਵਿਚੋਂ ਪਾਣੀ ਵਗਣ ਲੱਗ ਪੈਂਦਾ ਸੀ।

## ਕ

**ਕਸਤੂਰੀ:**ਬਹੁਤ ਤਿੱਖੀ ਤੇ ਸਥਾਈ ਖੁਸ਼ਬੂ ਵਾਲਾ ਪਦਾਰਥ ਜੋ ਕਸਤੂਰੀ ਹਿਰਨ ਦੀ ਨਾਭੀ ਤੋਂ ਮਿਲਦਾ ਹੈ।

**ਕੇਸਰ:**ਕਸ਼ਮੀਰ ਵਿੱਚ ਮਿਲਦਾ ਇੱਕ ਫੁੱਲ,ਜਿਸ ਤੋਂ ਧੂੜੇ ਵਰਗਾ ਪਦਾਰਥ ਕੇਸਰ ਮਿਲਦਾ ਹੈ,ਇਸ ਨੂੰ ਸ਼ੁਭ ਮੰਨਿਆ ਜਾਂਦਾ ਹੈ,ਇਹਦੀ ਤਾਸੀਰ ਗਰਮ ਹੁੰਦੀ ਹੈ ਅਤੇ ਕਈ ਵਸਤਾਂ ਵਿੱਚ ਵਰਤਿਆ ਜਾਂਦਾ ਹੈ।

**ਕਸੁੰਭੜਾ/ਕਸੁੰਭਾ:**ਇਕ ਫੁੱਲ ਜਿਸਦਾ ਰੰਗ ਅੱਗ ਦੀਆਂ ਲਾਟਾਂ ਵਰਗਾ ਲਾਲ-ਪੀਲਾ,ਸ਼ੋਖ ਤੇ ਭੜਕੀਲਾ ਹੁੰਦਾ ਹੈ।ਇਸ ਫੁੱਲ ਨੂੰ ਬੜਾ ਪਵਿੱਤਰ ਸਮਝਿਆ ਜਾਂਦਾ ਹੈ।

**ਕੱਕਰ:**ਬਹੁਤ ਹੀ ਘੱਟ ਤਾਪਮਾਨ ਵਾਲਾ ਮੌਸਮ ਜਦੋਂ ਧਰਤੀ ਉੱਤੇ ਜੰਮੇ ਹੋਏ ਪਾਣੀ ਦੀ ਚਿੱਟੀ ਚਾਦਰ ਜਿਹੀ ਵਿਛ ਜਾਂਦੀ ਹੈ।

**ਕਿੰਗਰੇ:**ਕਿਸੇ ਚੀਜ਼ ਦੀ ਬਾਹਰਲੀ ਵੱਟ ਜਾਂ ਕਿਨਾਰੇ

**ਕੱਚੇ ਦੁੱਧ ਦੀ ਤਿਉੜ:**ਇਹ ਦਹੀਂ ਜਾਂ ਲੱਸੀ ਵਿੱਚ ਕੱਚੇ ਦੁੱਧ ਦੀਆਂ ਧਾਰਾਂ ਮਾਰ ਕੇ  ਬਣਾਈ ਜਾਂਦੀ ਹੈ ਤੇ ਪੁਰਾਣੇ ਜ਼ਮਾਨੇ ਵਿੱਚ ਪੰਜਾਬੀਆਂ ਦਾ ਮਨ-ਭਾਉਂਦਾ ਪੀਣ ਵਾਲਾ ਪਦਾਰਥ ਸੀ।

**ਕੱਚੀ ਗਰੀ:**ਕੱਚੇ ਨਾਰੀਅਲ ਦੀ ਫਾੜੀ

**ਕੱਤਣੀ:**ਕਾਨਿਆਂ,ਮੁੰਜ ਜਾਂ ਸੂਤ ਆਦਿ ਦਾ ਬਣਿਆ ਛਿੱਕੂ ਜਾਂ ਟੋਕਰੀ,ਜਿਸ ਵਿੱਚ ਕੁੜੀਆਂ ਪੂਣੀਆਂ ਅਤੇ ਗਲੋਟੇ ਰੱਖਦੀਆਂ ਸਨ।

**ਕੈਂਠਾ/ਕੰਠਾ:**ਸੋਨੇ ਦੇ ਮੋਟੇ ਮਣਕਿਆਂ ਵਾਲਾ ਹਾਰ,ਜੋ ਪਹਿਲਾਂ ਲਾੜੇ ਦੇ ਪਾਇਆ ਹੁੰਦਾ ਸੀ, ਅੱਜਕੱਲ੍ਹ ਭੰਗੜਾ ਪਾਉਣ ਵਾਲੇ ਗੱਭਰੂ ਜਾਂ ਕੁਝ ਗਾਇਕ ਪਹਿਨਦੇ ਹਨ।

**ਕਲ੍ਹੀਰੇ:**ਚਾਂਦੀ ਦੇ ਜਾਂ ਇਹੋ ਜਿਹੀ ਹੀ ਭਾਅ ਮਾਰਦੇ ਮੋਤੀਆਂ-ਜੰਜ਼ੀਰੀਆਂ ਆਦਿ ਨਾਲ ਸਜੇ ਨਿੱਕੇ ਨਿੱਕੇ ਪੁੱਠੇ ਕੌਲਾਂ ਵਰਗੇ ਹਲਕੇ ਹਲਕੇ ਜ਼ੇਵਰ ਹੁੰਦੇ ਹਨ,ਜਿਹੜੇ ਕਿ ਅੱਜ ਕੱਲ੍ਹ ਸੋਨਮਈ ਰੰਗਾਂ ਵਿੱਚ ਵੀ ਉਪਲਬਧ ਹਨ।

**ਕਲੀਚੜੀਆਂ:**ਇਹ ਚਾਂਦੀ ਦੇ ਨਿੱਕੇ-ਨਿੱਕੇ ਛਾਪਾਂ-ਛੱਲੇ ਹੁੰਦੇ ਹਨ।ਬਹੁਤੇ ਸਰਦੇ-ਬਣਦੇ ਪਰਿਵਾਰਾਂ ਵਿੱਚ ਸਕੀ ਜਾਂ ਕਿਸੇ ਵਿਸ਼ੇਸ਼ ਸਾਲੀ ਨੂੰ ਸੋਨੇ ਦੀ ਕਲੀਚੜੀ ਵੀ ਪਾਈ ਜਾਂਦੀ ਹੈ।

**ਕੁੜਮਾਈ:**ਰੋਪਨਾ,ਮੰਗਣਾ,ਸਗਾਈ

**ਕੁੜਮ:**ਪਤੀ ਦੇ ਮਾਤਾ-ਪਿਤਾ ਤੇ ਹੋਰ ਰਿਸ਼ਤੇਦਾਰ ਅਤੇ ਪਤਨੀ ਦੇ ਮਾਤਾ-ਪਿਤਾ ਤੇ ਹੋਰ ਰਿਸ਼ਤੇਦਾਰ ਇਕ ਦੂਜੇ ਦੇ ਕੁੜਮ ਹੁੰਦੇ ਹਨ।

**ਕੁੜਮਾਂਚਾਰੀ:**ਕੁੜਮਾਂ ਦਾ ਆਪਸ ਵਿੱਚ ਵਰਤਣਾ,ਖੁਸ਼ੀਆਂ ਗਮੀਆਂ ਵਿੱਚ ਸਾਥ ਦੇਣਾ

### ਖ

**ਖੱਟ/ਵਰੀ:**ਲਾੜੇ ਦੀ ਤਰਫੋਂ ਲਾੜੀ ਲਈ ਲਿਆਂਦੇ ਗਏ ਕੱਪੜੇ,ਗਹਿਣੇ,ਸ਼ਿੰਗਾਰ ਦਾ ਸਮਾਨ ਆਦਿ

**ਖੰਮ੍ਹਣੀ/ਮੌਲੀ:** ਲਾਲ-ਸੰਤਰੀ ਸੂਤਲੀ ਦੀਆਂ ਕਈ ਤੰਦਾਂ ਨੂੰ ਵੱਟ ਕੇ ਬਣਾਇਆ ਜਾਂਦਕ ਮੋਟਾ ਧਾਗਾ

**ਖਿੱਲਾਂ:**ਭੁੱਜ ਕੇ ਖਿੜੇ ਹੋਏ ਦਾਣੇ,ਵਿਆਹ ਸਮੇਂ ਆਮ ਤੌਰ 'ਤੇ ਵਿਦਾਈ ਵੇਲੇ ਲਾੜੀ ਚੌਲਾਂ ਦੀਆਂ ਖਿੱਲਾਂ ਪਿੱਛੇ ਨੂੰ ਸੁੱਟਦੀ ਹੈ।

### ਗ

**ਗਾਗਰ:**ਧਾਤ (ਪਿੱਤਲ,ਸਟੀਲ ਆਦਿ) ਜਾਂ ਮਿੱਟੀ ਦਾ ਛੋਟਾ ਘੜਾ

**ਗੁਲਾਨਾਰੀ:**ਅਨਾਰ ਦੇ ਫੁੱਲ ਵਰਗਾ ਰੰਗ,ਸੁਰਖ

**ਗਲੋਟੇ:** ਚਰਖੇ ਉੱਤੇ ਕੱਤਿਆ ਸੂਤ ਦਾ ਪਿੰਨਾ ਜੋ ਆਂਡੇ ਦੀ ਸ਼ਕਲ ਵਰਗਾ ਹੁੰਦਾ ਹੈ।

**ਗੁਲਾਲ:**ਗੁਲਾਬੀ, ਲਾਲ ਰੰਗ ਜੋ ਹੋਲੀ ਸਮੇਂ ਜਾਂ ਰੰਗੋਲੀ ਬਣਾਣ ਲਈ ਵਰਤੀਦਾ ਹੈ।



### ਘ

**ਘੋੜੀਆਂ:**ਮੁੰਡੇ ਦੇ ਵਿਆਹ ਵਿੱਚ ਗਾਏ ਜਾਂਦੇ ਗੀਤ

**ਘੜੋਲੀ:**ਛੋਟਾ ਘੜਾ,ਗਾਗਰ,ਜਿਸ ਵਿੱਚ ਲਾੜੇ-ਲਾੜੀ ਦੀ ਨ੍ਹਾਈ-ਧੋਈ ਲਈ ਗੁਰਦਵਾਰੇ ਮੰਦਿਰ ਜਾਂ ਕਿਸੇ ਵਿਸ਼ੇਸ਼ ਖੂਹ ਜਾਂ ਬਾਉਲੀ ਤੋਂ ਪਾਣੀ ਲਿਆਂਦਾ ਜਾਂਦਾ ਹੈ।

### ਚ

**ਚਾਸ਼ਨੀ:**ਪਕਾ ਕੇ ਗਾੜ੍ਹਾ ਕੀਤਾ ਖੰਡ ਤੇ ਪਾਣੀ ਦਾ ਘੋਲ,ਜਿਸ ਵਿੱਚ ਜਲੇਬੀ ਡੁਬੋਈ ਜਾਂਦੀ ਹੈ ਜਾਂ ਹੋਰ ਮਠਿਆਈ,ਹਲਵਾ ਆਦਿ ਬਣਾਇਆ ਜਾਂਦਾ ਹੈ।

**ਚਿੱਕੜ:**ਗਾਰਾ,ਕੱਚੇ ਰਾਹ ਵਿੱਚ ਜਾਂ ਪੱਕੇ ਰਾਹ ਉਤਲੀ ਮਿੱਟੀ ਵਿੱਚ ਪਾਣੀ ਡੁੱਲ੍ਹੇ ਤਾਂ ਚਿੱਕੜ ਹੋ ਜਾਂਦਾ ਹੈ।

**ਚੀਕਣੀ ਮਿੱਟੀ:**ਜਿਹੜੀ ਮਿੱਟੀ ਬਹੁਤ ਦੇਰ ਪਾਣੀ ਵਿੱਚ ਡੁੱਬ ਕੇ ਚਿਪਕਣ ਵਾਲੀ ਹੋ ਜਾਵੇ, ਇਹ ਕੱਚੀਆਂ ਕੰਧਾਂ, ਤਰੇੜਾਂ ਲਿੱਪਣ ਦੇ ਕੰਮ ਆਉਂਦੀ ਹੈ।

**ਚੁਬਾਰਾ:**ਛੱਤ ਉੱਤੇ ਬਣਾਇਆ ਕਮਰਾ,ਉਪਰਲੀ ਮੰਜ਼ਿਲ ਦਾ ਕਮਰਾ

**ਚੇਤਰ:**ਬਹਾਰ ਦਾ ਮਹੀਨਾ,ਜਦੋਂ ਫੁੱਲ ਖਿੜਦੇ ਹਨ ਤੇ ਹਰ ਤਰਫ ਖ਼ੁਸ਼ਬੂਆਂ ਹੁੰਦੀਆਂ ਹਨ,ਪਰ ਕੁਝ ਵਿਦਵਾਨਾਂ ਅਨੁਸਾਰ ਇਹ ਮਹੀਨਾ ਵਿਆਹ ਤੇ ਕੁੜਮਾਈ ਲਈ ਸ਼ੁਭ ਨਹੀਂ ਮੰਨਿਆ ਜਾਂਦਾ।

**ਚੰਦੋਆ:**ਸਿਰ ਉੱਪਰ ਤਾਣਿਆ ਜਾਣ ਵਾਲਾ ਵਧੀਆ ਮਜ਼ਬੂਤ ਕੱਪੜਾ,ਇਹ ਧਾਤ ਦਾ ਬਣਿਆ ਵੀ ਹੋ ਸਕਦਾ ਹੈ, ਇਹ ਇਕ ਤਰ੍ਹਾਂ ਛਤਰ ਵਾਂਗ ਹੀ ਹੁੰਦਾ ਹੈ।

**ਚੰਨਣ/ਚੰਦਨ:**ਇਕ ਸੁਗੰਧ ਵਾਲਾ ਬਿਰਖ,ਜਿਸ ਦਾ ਤੇਲ ਇਤਰ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ ਅਤੇ ਲੱਕੜੀ ਤੋਂ ਕੀਮਤੀ ਫਰਨੀਚਰ,ਕਲਮਦਾਨ,ਡੱਬੇ ਆਦਿ ਬਣਾਏ ਜਾਂਦੇ ਹਨ।

**ਚੱਪਣੀ:**ਜਿਸ ਨਾਲ ਘੜੇ ਦਾ ਮੂੰਹ ਢਕਿਆ ਜਾਂਦਾ ਹੈ,ਜਿਹੜੀਆਂ ਚੱਪਣੀਆਂ ਨ੍ਹਾਈ-ਧੋਈ ਵੇਲੇ ਭੰਨੀਆਂ ਜਾਂਦੀਆਂ ਹਨ,ਉਹ ਘੜੇ ਦੀ ਚੱਪਣੀ ਵਰਗੀਆਂ ਹੀ ਹੁੰਦੀਆਂ ਹਨ, ਪਰ ਛੋਟੀਆਂ ਹੁੰਦੀਆਂ ਹਨ ਤੇ ਉਹਨਾਂ ਦੇ ਡੂਡਣੇ ਨਹੀਂ ਹੁੰਦੇ।

**ਚੰਬਾ:**ਇਕ ਬੂਟਾ,ਜਿਸ ਨੂੰ ਲੱਗਦੀਆਂ ਚਿੱਟੇ ਜਾਂ ਹਲਕੇ ਪੀਲੇ ਰੰਗ ਦੀਆਂ ਕਲੀਆਂ ਬਹੁਤ ਮਹਿਕਦਾਰ ਹੁੰਦੀਆਂ ਹਨ।ਇਹਨਾਂ ਨੂੰ ਪਵਿਤੱਰ ਮੰਨ ਕੇ ਦੇਵੀ ਦੇਵਤਿਆਂ ਨੂੰ ਚੜ੍ਹਾਇਆ ਜਾਂਦਾ ਹੈ ਅਤੇ ਇਹ ਸੁਹਾਗਣ ਇਸਤਰੀ ਦੀਆਂ ਪ੍ਰਤੀਕ ਵੀ ਮੰਨੀਆਂ ਜਾਂਦੀਆਂ ਹਨ।

**ਚੌਮੁਖੀਆ:**ਜਿਸਦਾ ਮੂੰਹ ਚਾਰੇ ਦਿਸ਼ਾਵਾਂ ਵੱਲ ਹੋਵੇ,ਜੋ ਆਲੇ-ਦਵਾਲੇ ਦੇ ਸਭ ਕੁਝ ਨੂੰ ਕਲਾਵੇ ਵਿੱਚ ਲੈ ਲਵੇ।

**ਚੂਰੀ:**ਨਿੱਕਾ ਨਿੱਕਾ ਭੋਰਕੇ ਤੇ ਖੰਡ ਘਿਓ ਰਲਾ ਕੇ ਕੁੱਟੀ ਹੋਈ ਰੋਟੀ।

**ਚੂੜਾ:**ਦੰਦ-ਖੰਡ ਜਾਂ ਇਹੋ ਜਿਹੀ ਕਿਸੇ ਹੋਰ ਵਸਤ ਦੀਆਂ ਲਾਲ-ਚਿੱਟੀਆਂ ਬੇਹੱਦ ਖੂਬਸੂਰਤ ਨਮੂਨੇਦਾਰ ਚੂੜੀਆਂ ਜਾਂ ਕੰਗਣ ਹੁੰਦੇ ਹਨ,ਜਿਹੜੇ ਗਿਣਤੀ ਵਿੱਚ ਚੌਵੀ ਹੁੰਦੇ ਹਨ,ਪਰ ਹੁਣ ਇਹ ਗਿਣਤੀ ਵੀ ਬਦਲਣ ਲੱਗ ਪਈ ਹੈ।

## ਛ

**ਛੂਹਣ-ਛੁਹਾਈਆਂ:**ਇਕ ਬਾਲ-ਖੇਡ,ਇਕ ਬੱਚੇ ਦੇ ਸਿਰ ਮੀਟੀ ਹੁੰਦੀ ਹੈ,ਸਾਰੇ ਬੱਚੇ ਭੱਜਦੇ ਹਨ ਤੇ ਮੀਟੀ ਵਾਲਾ ਬੱਚਾ ਭੱਜ ਕੇ ਉਹਨਾਂ ਨੂੰ ਛੂਹਣ ਦੀ ਕੋਸ਼ਿਸ਼ ਕਰਦੈ,ਫਿਰ ਜਿਸ ਨੂੰ ਵੀ ਛੋਹ ਲੈਂਦੈ,ਉਸ ਦੇ ਸਿਰ ਮੀਟੀ ਆ ਜਾਂਦੀ ਹੈ।

**ਛੁਹਾਰਾ:**ਖਜੂਰ ਦਾ ਸੁੱਕਾ ਫਲ,ਜੋ ਕੁੜਮਾਈ ਤੇ ਸ਼ਾਦੀ ਦੀਆਂ ਹੋਰ ਰਸਮਾਂ ਵਿੱਚ ਵਰਤਿਆਂ ਜਾਂਦਾ ਹੈ।

**ਛੱਜ:**ਇਹ ਤੀਲ੍ਹਿਆਂ ਦਾ ਬਣਿਆ ਹੁੰਦਾ ਹੈ,ਅਗਲੇ ਪਾਸੇ ਜ਼ਿਆਦਾ ਚੌੜਾ ਹੁੰਦਾ ਹੈ,ਇਸ ਵਿੱਚ ਦਾਣੇ ਛੱਟੇ ਜਾਂਦੇ ਹਨ।

**ਛਤਰ:**ਇਹ ਗੁੰਬਦ ਜਾਂ ਰਥ ਦੀ ਛੱਤ ਦੇ ਆਕਾਰ ਦਾ ਬਹਤ ਮਜ਼ਬੂਤ ਵਧੀਆ ਕੱਪੜੇ ਜਾਂ ਧਾਤ ਆਦਿ ਦਾ ਬਣਿਆ ਹੁੰਦਾ ਹੈ,ਇਹ ਰਾਜਿਆਂ-ਮਹਾਰਾਜਿਆਂ ਦੇ ਸਿਰਾਂ 'ਤੇ ਝੁਲਾਇਆ ਜਾਂਦੈ ਤੇ ਹਿੰਦੂ ਵਿਆਹਾਂ ਵਿੱਚ ਲਾੜੇ ਦੇ ਸਿਰ ਉੱਤੇ ਵੀ ਝੁਲਾਇਆ ਜਾਂਦੈ।ਇਹ ਛਤਰੀ ਵਰਗਾ ਹੀ ਹੁੰਦਾ ਹੈ,ਪਰ ਉਸ ਤੋਂ ਬਹੁਤ ਵੱਡਾ ਤੇ ਹੇਠਾਂ ਤਾਰਾਂ ਨਹੀਂ ਹੁੰਦੀਆਂ।ਆਕਾਸ਼ ਨੂੰ ਵੀ ਨੀਲੀ ਛਤਰੀ ਜਾਂ ਨੀਲਾ ਛਤਰ ਕਿਹਾ ਜਾਂਦੈ।

**ਛਾਪ:**ਉਂਗਲੀ ਵਿੱਚ ਪਾਉਣ ਵਾਲੀ ਉਹ ਮੁੰਦਰੀ,ਜਿਸ ਦੇ ਥੇਵੇ 'ਤੇ ਕੋਈ ਮੂਰਤੀ,ਚਿੰਨ,ਅੱਖਰ ਜਾਂ ਨਾਂ ਆਦਿ ਛਪਿਆ ਹੋਵੇ,ਜਿਵੇਂ ੧ਓ, ਓਮ ਆਦਿ ਉਕਰਿਆ ਹੋਵੇ

## ਜ

**ਜਾਗੋ:**ਪਿੱਤਲ ਦੀ ਵਲਟੋਹੀ ਜਾਂ ਗਾਗਰ ਉੱਤੇ ਸਖਤ ਗੁੰਨ੍ਹੇ ਆਟੇ ਨਾਲ ਵੱਟਾਂ ਬਣਾ ਕੇ ਉੱਪਰ ਆਟੇ ਦੇ ਦੀਵੇ ਰੱਖੇ ਜਾਂਦੇ ਹਨ ਤੇ ਸਰ੍ਹੋਂ ਦਾ ਤੇਲ ਪਾ ਕੇ ਜਗਾਏ ਜਾਂਦੇ ਹਨ।ਪਰ ਅੱਜਕੱਲ੍ਹ ਬਜ਼ਾਰ ਵਿਚੋਂ ਹੀ ਕਿਰਾਏ ਦੀ ਬਿਜਲਈ 'ਜਾਗੋ' ਮਿਲ ਜਾਂਦੀ ਹੈ,ਜਿਸ ਉੱਤੇ ਸੈਲਾਂ ਜਾਂ ਬੈਟਰੀ ਨਾਲ ਦੀਵੇ ਜਗਦੇ ਹਨ।ਹੁਣ ਤਾਂ ਦੁਮੰਜ਼ਲੀ ਜਾਗੋ ਵੀ ਮਿਲਣ ਲੱਗ ਪਈ ਹੈ



**ਜੰਨ/ਜੰਞ/ਜਨੇਤ:**ਲਾੜੇ ਨੂੰ ਵਿਆਹੁਣ ਚੱਲਿਆ ਦੋਸਤਾਂ-ਰਿਸ਼ਤੇਦਾਰਾਂ ਦਾ ਇਕੱਠ

**ਜੰਨ ਦਾ ਚੜ੍ਹਾਅ/ਜੰਨ ਦੀ ਚੜ੍ਹਾਈ:**ਜਦੋਂ ਜੰਨ ਲਾੜੇ ਦੇ ਘਰੋਂ ਤੁਰਦੀ ਹੈ

**ਜੰਨ ਦਾ ਢੁਕਾਅ:**ਜਦੋਂ ਜੰਨ ਲਾੜੀ ਦੇ ਘਰ ਜਾਂ ਮੈਰਿਜ-ਪੈਲੇਸ ਪਹੁੰਚਦੀ ਹੈ ।

**ਜਾਨੀ/ਜਾਂਞੀ/ਬਰਾਤੀ:**ਜੰਨ ਵਿੱਚ ਸ਼ਾਮਿਲ ਸਾਰੇ ਮਿੱਤਰ-ਸਬੰਧੀ

**ਜ਼ੇਵਰ:**ਸੋਨੇ ਜਾਂ ਚਾਂਦੀ ਦਾ ਗਹਿਣਾ

**ਜ਼ਖੀਰਾ:**ਖਜ਼ਾਨਾ,ਅੰਬਾਰ,ਢੇਰ

## ਝ

**ਝਿਊਰ:**ਪਿੰਡਾਂ ਵਿੱਚ ਕੰਮ ਕਰਨ ਵਾਲੇ ਲਾਗੀ,ਜਿਹੜੇ ਖੂਹ ਤੋਂ ਜਾਂ ਕਿਸੇ ਮੋਟਰ,ਨਲਕੇ ਆਦਿ ਤੋਂ ਪਾਣੀ ਭਰ ਕੇ ਘਰਾਂ ਵਿੱਚ ਉਪੜਦਾ ਕਰਦੇ ਹਨ,ਭੱਠੀ 'ਤੇ ਦਾਣੇ ਭੁੰਨਦੇ ਹਨ ਤੇ ਵਿਆਹ ਵਾਲੇ ਘਰ ਦੇ ਕੰਮ ਸੁਆਰਦੇ ਹਨ।

**ਝੁਮਕੇ:**ਕੰਨਾਂ ਵਿੱਚ ਪਾਏ ਜਾਣ ਵਾਲੇ ਕਾਂਟੇ,ਜਿਹਨਾਂ ਹੇਠਾਂ ਨਿੱਕੇ ਨਿੱਕੇ ਮੋਤੀ ਲਟਕਦੇ ਹਨ।

## ਟ

**ਟਕੋਰ:**ਸੱਟ ਜਾਂ ਸੋਜ ਦੀ ਥਾਂ 'ਤੇ ਗਰਮ ਲੋਗੜ ਜਾਂ ਇੱਟ ਦਾ ਸੇਕ ਦੇ ਕੇ ਪੀੜ ਕਰਦੇ ਅੰਗ ਨੂੰ ਆਰਾਮ ਦੇਣਾ

**ਟੱਲੀ:**ਜਿਵੇਂ ਮੰਦਿਰ ਵਿਚ ਵੱਡਾ ਟੱਲ ਹੁੰਦਾ ਹੈ, ਟੱਲੀ ਉਸ ਦਾ ਹੀ ਬਹੁਤ ਨਿੱਕਾ ਜਿਹਾ ਰੂਪ ਹੁੰਦਾ ਹੈ ਤੇ ਇਸਦੀ ਟੁਣਕਾਰ ਬਹੁਤ ਮਿੱਠੀ ਤੇ ਸੋਜ਼ਭਰੀ ਹੁੰਦੀ ਹੈ, ਛੋਟੀ ਘੰਟੀ

**ਟੂੰਮ:**ਗਹਿਣਾ,ਜ਼ੇਵਰ

## ਠ

**ਠੱਕਾ:**ਠੰਢੀ ਹਵਾ ,ਜਿਹੜੀ ਹੱਡਾਂ ਨੂੰ ਚੀਰਦੀ ਹੋਈ ਲੰਘਦੀ ਹੈ

**ਠੂਠੀ:**ਘੁਮਿਆਰ ਦੀ ਪਕਾਈ ਮਿੱਟੀ ਦੀ ਛੋਟੀ ਕਟੋਰੀ,ਲਾੜੇ ਲਾੜੀ ਵੱਲੋਂ ਖਾਰੇ ਤੋਂ ਉਤਰਨ ਵੇਲੇ ਠੂਠੀਆਂ ਪੈਰਾਂ ਨਾਲ ਭੰਨੀਆਂ ਜਾਂਦੀਆਂ ਹਨ।

## ਡ

**ਡੋਲੀ:**ਇਹ ਆਮ ਤੌਰ 'ਤੇ ਫੁੱਲਾਂ ਜਾਂ ਸੁਨਹਿਰੀ-ਜਾਲ ਸਜੀ ਕਾਰ ਹੁੰਦੀ ਹੈ,ਕਿਤੇ ਕਿਤੇ ਪਾਲਕੀ ਜਾਂ ਰਥ ਦੀ ਸਜੀਲੀ ਡੋਲੀ ਵੀ ਵਰਤੀ ਜਾਂਦੀ ਹੈ ਤੇ

ਆਪਣੇ ਵਿਆਹ ਨੂੰ ਵਿਲੱਖਣ ਰੰਗ ਦੇਣ ਵਾਲੇ ਕਈ ਲਾੜੇ ਮੋਟਰਸਾਈਕਲ,ਸਕੂਟਰ ਤੇ ਰਿਕਸ਼ੇ ਆਦਿ ਨੂੰ ਸਜਾ ਕੇ ਵੀ ਡੋਲੀ ਦਾ ਰੂਪ ਦੇ ਦਿੰਦੇ ਨੇ,ਹੱਦੋਂ ਵੱਧ ਅਮੀਰ ਹੈਲੀਕਪਟਰ ਨੂੰ ਹੀ ਡੋਲੀ ਬਣਾ ਲੈਂਦੇ ਹਨ। ਪਹਿਲੇ ਜ਼ਮਾਨਿਆਂ ਵਿਚ ਡੋਲੀ ਰਥ ਵਿੱਚ ਜਾਂਦੀ ਸੀ,ਜਾਂ ਚਾਰ ਮਜ਼ਦੂਰ ਜਾਂ ਲਾਗੀ ਜਿਹਨਾਂ ਨੂੰ 'ਕੁਹਾਰ'ਕਹਿੰਦੇ ਸਨ, ਡੋਲੀ ਨੂੰ ਚੁੱਕਿਆ ਕਰਦੇ ਸਨ।

**ਡੋਰੀਆ:**ਬਰੀਕ ਧਾਰੀਦਾਰ ਦੁਪੱਟਾ

### ਢ

**ਢਾਰਸ:**ਧੀਰਜ,ਦਿਲਾਸਾ,ਹੌਸਲਾ

**ਢੋਲਕੀ:**ਛੋਟਾ ਢੋਲ

### ਤ

**ਤਿਉਹ:**ਮੋਹ,ਪਿਆਰ

**ਤਿਉਰ:**ਵਿਆਹ ਵਿੱਚ ਦਿੱਤੇ ਜਾਂਦੇ ਸੋਹਣੇ-ਸਜੀਲੇ ਜਨਾਨਾ/ਮਰਦਾਨਾ ਸੂਟ ਜਿਹਨਾਂ ਨੂੰ ਖੰਮਣੀ ਬੰਨ੍ਹੀ ਹੁੰਦੀ ਹੈ। ਅੱਜ ਕੱਲ੍ਹ ਇਹਨਾਂ ਨੂੰ ਪੈਕ ਕਰਨ ਵਾਲਿਆਂ ਵੱਲੋਂ ਫੁੱਲ ਅਤੇ ਗੋਟੇ ਆਦਿ ਨਾਲ ਸਜਾ ਕੇ ਬੇਹੱਦ ਖੂਬਸੂਰਤ ਰੂਪ ਦੇ ਦਿੱਤਾ ਜਾਂਦਾ ਹੈ।

**ਤੀਆਂ:**ਸਾਵਣ ਦੇ ਮਹੀਨੇ ਔਰਤਾਂ ਵੱਲੋਂ ਮਨਾਇਆ ਜਾਂਦਾ ਤਿਉਹਾਰ, ਜਦੋਂ ਉਹ ਪਿੰਡੋਂ ਬਾਹਰ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ,ਪੀਂਘਾਂ ਝੂਟਦੀਆਂ ਹਨ,ਹੁਣ ਇਸ ਨੇ ਨਵਾਂ ਰੂਪ ਲੈ ਲਿਆ ਹੈ। ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ ਪੰਜਾਬਣਾਂ ਇਕ ਛੁੱਟੀ ਵਾਲਾ ਦਿਨ, ਸਮਾਂ ਨਿਸਚਤ ਕਰਕੇ ਕਿਸੇ ਖਾਸ ਥਾਂ ਤੀਆਂ ਦਾ ਮੇਲਾ ਲਗਾਉਂਦੀਆਂ ਹਨ।

**ਤੱਕਲਾ:**ਚਰਖੇ ਦੀ ਤਿੱਖੀ ਸਲਾਈ,ਜਿਸ ਉੱਤੇ ਸੂਤ ਕੱਤਿਆ ਜਾਂਦਾ ਹੈ ਤੇ ਇਹ ਸੂਤ ਤੱਕਲੇ ਦਵਾਲੇ ਵਲਿਆ ਜਾਣ 'ਤੇ ਗਲੋਟਾ ਬਣਾ ਦਿੰਦਾ ਹੈ।

**ਤ੍ਰਿੰਜਣ/ਤ੍ਰਿੰਞਣ:**ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਇਕੱਠ,ਕਿਸੇ ਇਕ ਦੇ ਘਰ ਜਾਂ ਕਿਸੇ ਸਾਂਝੀ ਥਾਂ 'ਤੇ ਕੁੜੀਆਂ ਤੇ ਵਡੇਰੀਆਂ ਔਰਤਾਂ ਚਰਖੇ ਡਾਹ ਕੇ ਬਹਿ ਜਾਂਦੀਆਂ ਸਨ ਤੇ ਗੀਤ ਗਾਉਂਦੀਆਂ ਹਾਸੇ-ਠੱਠੇ ਕਰਦੀਆਂ ਰਾਤ ਦੇਰ ਤੱਕ ਕੱਤਦੀਆਂ ਰਹਿੰਦੀਆਂ ਸਨ।

**ਤਰਾਟ:**ਚੀਸ,ਪੀੜ



### ਥ

**ਥੇਹ:**ਉੱਜੜੇ ਹੋਏ ਪਿੰਡ/ਨਗਰ ਦੀ ਥਾਂ,ਉੱਥੇ ਢੱਠੀਆਂ,ਟੁੱਟੀਆਂ ਚੀਜ਼ਾਂ-ਵਸਤਾਂ ਲੱਭਦੀਆਂ ਹਨ।

**ਥੇਵਾ:**ਛਾਪ ਵਿੱਚ ਜੜਿਆ ਨਗੀਨਾ

### ਦ

**ਦੋਸੜਾ:**ਚੁੰਨੀ ਦੇ ਉੱਤੇ ਲਈ ਇਕ ਹੋਰ ਚੁੰਨੀ ਜਾਂ ਚਾਦਰ,ਸ਼ਾਲ ਆਦਿ

**ਦਾਜ/ਦਹੇਜ:**ਲਾੜੀ ਦੇ ਮਾਪਿਆਂ ਵੱਲੋਂ ਉਹਨੂੰ ਦਿੱਤੇ ਗਏ ਕੱਪੜੇ,ਜ਼ੇਵਰ,ਭਾਂਡੇ, ਬਿਸਤਰੇ,ਫਰਨੀਚਰ ਅਤੇ ਹੋਰ ਤੋਹਫ਼ੇ

**ਦਾਦਕੇ:**ਪਿਤਾ ਵਾਲੇ ਪਾਸੇ ਦੇ ਰਿਸ਼ਤੇਦਾਰ,ਦਾਦਾ-ਦਾਦੀ ਤੇ ਹੋਰ ਸਬੰਧੀ

**ਦਰੇਗ:** ਕਮੀ,ਘਾਟਾ,ਕਿਸੇ ਦੀ ਕਮੀ ਕਰਕੇ ਛਾ ਜਾਣ ਵਾਲੀ ਉਦਾਸੀ

**ਦਰਵੇਸ਼ਣੀਆਂ:**ਭੋਲੀਆਂ,ਮਾਸੂਮ,ਨਿਰਦੋਸ਼,ਸਾਧੂ ਬਿਰਤੀ ਵਾਲੀਆਂ

**ਦਿਲਕਸ਼:**ਦਿਲ ਨੂੰ ਖਿੱਚਣ ਵਾਲਾ,ਮਨ ਮੋਹਣ ਵਾਲਾ

### ਧ

**ਧੌਲਰ:**ਮਹਿਲ,ਬਹੁਤ ਵੱਡੀ ਇਮਾਰਤ,ਚਿੱਟਾ ਆਲੀਸ਼ਾਨ ਮਕਾਨ

**ਧਮਕ:**ਕਿਸੇ ਭਾਰੀ ਚੀਜ਼ ਦੇ ਧਰਤੀ ਉੱਤੇ ਵੱਜਣ ਨਾਲ ਪੈਦਾ ਹੋਈ ਧੁਨ,ਗਿੱਧੇ ਵਿੱਚ ਮੁਟਿਆਰਾਂ ਦੇ ਨੱਚਣ ਨਾਲ ਪੈਦਾ ਹੋਈ ਆਵਾਜ਼

### ਨ

**ਨਾਈ:**ਪਿੰਡ ਵਿੱਚ ਕੰਮ ਕਰਦਾ ਲਾਗੀ,ਜਿਹੜਾ ਵਿਆਹ ਦੇ ਬਹੁਤ ਸਾਰੇ ਸ਼ੁਭ ਕਾਰਜਾਂ ਵਿੱਚ ਹਿੱਸਾ ਲੈਂਦਾ ਹੈ,ਰਿਸ਼ਤੇਦਾਰੀਆਂ ਵਿੱਚ ਸੁਨੇਹੇ ਲੈ ਕੇ ਜਾਂਦਾ ਹੈ।

**ਨ੍ਹਾਈ-ਧੋਈ:**ਲਾੜੇ-ਲਾੜੀ ਦਾ ਲਾਵਾਂ-ਫੇਰਿਆਂ ਤੋਂ ਪਹਿਲਾਂ ਸ਼ਗਨਾਂ ਨਾਲ ਕਰਵਾਇਆ ਗਿਆ ਇਸ਼ਨਾਨ

**ਨਿਹਮਤ/ਨੇਹਮਤ/ਨਿਆਮਤ:**ਵਿਸ਼ੇਸ਼ ਸੁੱਖ ਆਰਾਮ ਦੀ ਵਸਤ,ਖਾਸ ਸੁਗਾਤ, ਬਖ਼ਸ਼ਿਸ਼

**ਨਖ਼ਲਿਸਤਾਨ:**ਰੇਗਿਸਤਾਨ ਵਿੱਚ ਪਾਣੀ ਤੇ ਹਰਿਆਵਲ ਵਾਲੀ ਥਾਂ

**ਨਛੱਤਰ:**ਨਸੀਬ,ਲੇਖ,ਆਕਾਸ਼ ਵਿਚਲੇ ਗ੍ਰਹਿ

**ਨੈਣ**:ਨਾਈ ਦੀ ਘਰ ਵਾਲੀ,ਲਾਗਣ,ਜਿਹੜੀ ਵਿਆਹ ਦੇ ਬਹੁਤ ਸਾਰੇ ਕਾਰਜਾਂ ਵਿੱਚ ਲੋੜੀਂਦੀ ਹੁੰਦੀ ਹੈ,ਪੁਰਾਣੇ ਜ਼ਮਾਨੇ ਵਿੱਚ ਡੋਲੀ ਦੇ ਨਾਲ ਵਿਆਹੁਲੀ ਕੁੜੀ ਦੀ ਮੱਦਦ ਲਈ ਵੀ ਜਾਂਦੀ ਸੀ।

**ਨੇਤਰ:**ਅੱਖਾਂ,ਨੈਣ

**ਨੱਥ/ਨੱਥੜੀ:**ਸੋਨੇ ਦੀ ਪਤਲੀ ਤਾਰ ਦਾ ਗੋਲ ਚੱਕਰ ਵਰਗਾ ਨੱਕ ਵਿੱਚ ਪਾਉਣ ਵਾਲਾ ਜ਼ੇਵਰ,ਜਿਸ ਦੀ ਤਾਰ ਵਿੱਚ ਮੋਤੀ ਜਾਂ ਮੂੰਗੇ ਪਏ ਹੁੰਦੇ ਹਨ।

**ਨਾਨਕੇ:**ਮਾਂ ਦੇ ਪੇਕਿਆਂ ਵਾਲੇ ਪਾਸੇ ਦੇ ਰਿਸ਼ਤੇਦਾਰ, ਨਾਨਾ-ਨਾਨੀ ਤੇ ਹੋਰ ਸਬੰਧੀ

**ਨਾਨਕੀ ਛੱਕ:**ਨਾਨਕਿਆਂ ਵੱਲੋਂ ਵਿਆਂਹਦੜ ਲਈ ਲਿਆਂਦੇ ਗਏ ਕੱਪੜੇ,ਜ਼ੇਵਰ, ਭਾਂਡੇ ਜਾਂ ਹੋਰ ਤੋਹਫ਼ੇ

**ਨਾਨਕਾ-ਮੇਲ਼:**ਨਾਨਕਿਆਂ ਵੱਲੋਂ ਵਿਆਹ ਵਿੱਚ ਆਏ ਸਾਰੇ ਸਾਕ-ਸਬੰਧੀ

**ਨਰੇਲ:**ਨਾਰੀਅਲ ਦਾ ਜੁੱਟ,ਜਿਸ ਉੱਤੇ ਅਜੇ ਰੇਸ਼ੇ ਵੀ ਲੱਗੇ ਹੁੰਦੇ ਹਨ।

**ਨੌਲੱਖਾ ਹਾਰ:**ਇਕ ਵਡਮੁੱਲਾ ਹਾਰ,ਜਿਸਦਾ ਮੁੱਲ ਨੌ ਲੱਖ ਰੁਪਏ ਮੰਨਿਆ ਜਾਂਦਾ ਹੈ।

## ਪ

**ਪ੍ਰਾਹੁਣਾ:**ਪਤੀ,ਮਹਿਮਾਨ,ਅਤਿਥੀ

**ਪੰਜੇਬ:**ਮੁਟਿਆਰਾਂ ਦੇ ਪੈਰਾਂ ਵਿੱਚ ਪਾਉਣ ਵਾਲੀ ਝਾਂਜਰਾਂ ਵਰਗੀ ਟੂੰਮ, ਜਿਹੜੀ ਅਕਸਰ ਚਾਂਦੀ ਦੀ ਹੁੰਦੀ ਹੈ ਪਰ ਅੱਜ ਕੱਲ੍ਹ ਸੋਨੇ ਦੀ ਵੀ ਪਾਉਣ ਲੱਗ ਪਏ ਹਨ।

**ਪੱਟ:**ਬੇਸ਼ਕੀਮਤੀ ਰੇਸ਼ਮ,ਵਿਸ਼ੇਸ਼ ਕਿਸਮ ਦੇ ਰੇਸ਼ਮੀ ਧਾਗੇ

**ਪੱਤਣ:**ਨਦੀ ਦਾ ਕੰਢਾ ਜਿੱਥੇ ਖੜ੍ਹਨ ਲਈ ਕਾਫੀ ਥਾਂ ਹੋਵੇ,ਜਿੱਥੇ ਕਿਸ਼ਤੀਆਂ ਚੱਲਦੀਆਂ ਹੋਣ,ਜਿੱਥੇ ਨਦੀ ਵਿਚੋਂ ਪੈਦਲ ਵੀ ਲੰਘਿਆ ਜਾ ਸਕਦਾ ਹੋਵੇ

**ਪਤਾਸਾ:**ਇਹ ਖੰਡ ਦਾ ਬਣਿਆ,ਚਿੱਟਾ ਗੋਲ ਗੋਲ ਹੁੰਦਾ ਹੈ ਤੇ ਅੰਦਰ ਹਵਾ ਹੁੰਦੀ ਹੈ। ਲਾੜੇ ਲਾੜੀ ਦੇ ਪੱਲੇ ਵਿੱਚ ਸ਼ਗਨਾਂ ਦੇ ਪਤਾਸੇ ਪਾਏ ਜਾਂਦੇ ਹਨ।

**ਪਰਾਤ/ਪਰਾਂਤ:**ਆਟਾ ਗੁੰਨ੍ਹਣ ਵਾਲਾ ਵੱਡੀ ਥਾਲੀ ਵਰਗਾ ਵੱਡਾ ਭਾਂਡਾ,ਜਿਸਦੇ ਆਸੇ-ਪਾਸੇ ਵਾਹਵਾ ਉੱਚੇ ਕਿਨਾਰੇ ਹੁੰਦੇ ਹਨ,ਪਹਿਲਾਂ ਇਹ ਪਿੱਤਲ ਦੀ ਹੋਇਆ ਕਰਦੀ ਸੀ,ਪਰ ਹੁਣ ਸਟੀਲ ਦੀ ਹੋ ਗਈ ਹੈ।

**ਪਰੀਬੰਦ:**ਮੁਟਿਆਰਾਂ ਦੇ ਪਾਉਣ ਵਾਲਾ ਨਿੱਕੇ ਨਿੱਕੇ ਘੁੰਗਰੂਆਂ ਵਾਲਾ ਕੜਾ

**ਪੀਲ੍ਹਾਂ:**ਪਿੰਡਾਂ ਵਿੱਚ ਵਣਾਂ/ਝਾੜੀਆਂ ਨੂੰ ਲੱਗਦੇ ਨਿੱਕੇ ਨਿੱਕੇ ਮਿੱਠੇ ਫਲ

**ਪ਼ਲੀ:**ਤੇਲ ਜਾਂ ਕੋਈ ਹੋਰ ਤਰਲ ਕੱਢਣ ਵਾਲੀ ਕੜਛੀ,ਜਿਸਦੀ ਡੰਡੀ ਉੱਪਰ ਵੱਲ ਹੁੰਦੀ ਹੈ।

**ਪਲੰਘ ਪੋਸ਼:**ਪਲੰਘ ਉੱਤੇ ਵਿਛੀ ਚਾਦਰ,ਵਿਛੌਣਾ



## ਫ

**ਫੁਲਕਾਰੀ:**ਲਾਲ ਉਨ੍ਹਾਬੀ ਖੱਦਰ ਉੱਤੇ ਕੱਢੇ ਗਏ ਪੱਟ ਦੇ ਫੁੱਲ,ਇਹ ਥੋੜ੍ਹੇ ਵਿਰਲੇ ਹੁੰਦੇ ਹਨ ਤੇ ਵਿਚੋਂ ਕੱਪੜਾ ਦਿਸਦਾ ਹੈ,ਅੱਜ ਕੱਲ੍ਹ ਹਰ ਰੰਗ ਦੇ ਕਪੜੇ ਅਤੇ ਚੁੰਨੀਆਂ ਉੱਤੇ ਫੁਲਕਾਰੀ ਦੀ ਕਢਾਈ ਕੱਢੀ ਜਾਂਦੀ ਹੈ।

**ਫੁਲੇਲ:**ਫੁੱਲਾਂ ਦਾ ਖੁਸ਼ਬੂਦਾਰ ਤੇਲ ਜਿਹੜਾ ਤਿਲਾਂ ਦਾ ਤੇਲ ਵਰਤ ਕੇ ਬਣਾਇਆ ਜਾਂਦਾ ਹੈ।

**ਫੁੰਮਣ:**ਫੁੱਲਾਂ ਦੀ ਸ਼ਕਲ ਦੇ ਗੁੱਛੇ,ਜਿਹੜੇ ਰੇਸ਼ਮ,ਸੂਤ,ਲੋਗੜੀ ਜਾਂ ਉੱਨ ਦੇ ਧਾਗਿਆਂ ਦੇ ਬਣੇ ਹੁੰਦੇ ਹਨ।

## ਬ

**ਬਿਆਈ:**ਬਹੁਤ ਠੰਢੇ ਮੌਸਮਾਂ ਵਿੱਚ ਮਿਹਨਤ ਕਰਨ ਵਾਲਿਆਂ ਦੇ ਪੈਰਾਂ ਦੀ ਖਲੜੀ ਉੱਤੇ ਸਰਦੀ ਅਤੇ ਖੁਸ਼ਕੀ ਨਾਲ ਪਈਆਂ ਤ੍ਰੇੜਾਂ,ਜਿਹਨਾਂ ਵਿਚੋਂ ਲਹੂ ਤੱਕ ਸਿੰਮਣ ਲੱਗ ਜਾਂਦਾ ਹੈ ਤੇ ਅੰਤਾਂ ਦੀ ਤ੍ਰਾਟ ਪੈਣ ਕਰਕੇ ਤੁਰਨਾ ਵੀ ਔਖਾ ਹੋ ਜਾਂਦਾ ਹੈ।

**ਬੋਹਲ:**ਅਨਾਜ ਦੇ ਢੇਰ

**ਬਾਗ:**ਲਾਲ ਜਾਂ ਉਨਾਬੀ ਖੱਦਰ ਉੱਤੇ ਪੱਟ ਨਾਲ ਕੀਤੀ ਗਈ ਐਨੀ ਸੰਘਣੀ ਕਢਾਈ,ਜਿਸ ਵਿਚੋਂ ਕੱਪੜੇ ਦਾ ਰੰਗ ਵੀ ਨਹੀਂ ਦਿਸਦਾ,ਇਹਨਾਂ ਵਿੱਚ ਫੁੱਲ,ਤੋਤੇ,ਮੋਰ ਆਦਿ ਵੀ ਕੱਢੇ ਜਾਂਦੇ ਸਨ।ਇਹ ਲਾੜੇ-ਲਾੜੀ ਦੇ ਸਿਰ ਉੱਪਰ ਤਾਣ ਕੇ ਬਹੁਤ ਸਾਰੇ ਸ਼ਗਨ ਕੀਤੇ ਜਾਂਦੇ ਹਨ।ਸਜਵਿਆਹੀਆਂ ਵਹੁਟੀਆਂ ਦੇ ਸਿਰ ਦੀ ਸ਼ਾਨ ਹੁੰਦੇ ਸਨ।

**ਬੰਨਾ:**ਜਿਸ ਮੁੰਡੇ ਦਾ ਵਿਆਹ ਹੋਵੇ,ਲਾੜਾ,ਦੂਲਾ,ਵਰ

**ਬੰਨੋ:**ਵਹੁਟੀ,ਬਹੂ,ਦੁਲਹਨ

**ਬੇਨਜ਼ੀਰ:**ਜਿਸ ਦੀ ਮਿਸਾਲ ਨਾ ਹੋਵੇ

**ਬੰਬੀਹਾ:**ਸ਼ਨੀਲ/ਸਾਟਣ ਆਦਿ ਵਿੱਚ ਲਪੇਟੀ ਲੰਬੀ ਸੋਟੀ ਜਾਂ ਡੰਡਾ,ਜਿਸਨੂੰ ਗੋਟੇ/ਤਿੱਲੇ ਨਾਲ ਸਜਾ ਕੇ ਉੱਤੇ ਘੁੰਗਰੂ ਬੰਨ੍ਹੇ ਹੁੰਦੇ ਹਨ।ਇਸ ਬੰਬੀਹੇ ਨੂੰ ਨਾਨਕੀਆਂ ਵੱਲੋਂ ਖੜਕਾ ਕੇ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ,ਗਿੱਧੇ ਵਿੱਚ ਨੱਚਿਆ ਜਾਂਦਾ ਹੈ ਤੇ ਹੋਰ ਰੰਗ-ਤਮਾਸ਼ੇ ਕੀਤੇ ਜਾਂਦੇ ਹਨ।

**ਬੰਬੀਹਾ ਬੁਲਾਉਣਾ:**ਬੰਬੀਹਾ ਖੜਕਾ ਕੇ ਗਾਏ ਜਾਂਦੇ ਟਿੱਚਰਾਂ-ਮਖੌਲਾਂ ਵਾਲੇ ਗੀਤ,'ਬੋਲੇ ਨੀ ਬੰਬੀਹਾ ਬੋਲੇ.........'

**ਬਾਬਲ:**ਪਿਤਾ,ਬਾਪ

**ਬਰੂਹਾਂ:**ਬੂਹਾ,ਸਰਦਲ,ਦਰਵਾਜ਼ੇ ਦੀ ਚੁਗਾਠ

**ਬੀੜੇ:**ਬਟਨ

**ਭ**

**ਭਸਮ:**ਸੁਆਹ,ਰਾਖ

**ਭੱਖੜਾ:**ਪੀਲੇ ਫੁੱਲਾਂ ਵਾਲਾ ਕੰਡੇਦਾਰ ਘਾਹ ਜੋ ਪੈਰਾਂ ਵਿਚ ਬਹੁਤ ਚੁਭਦਾ ਹੈ।

**ਮ**

**ਮਾਊ:**ਮਾਂ,ਅੰਮੀ,ਮਾਤਾ

**ਮਸ਼ਾਲ:**ਚਾਨਣ ਕਰਨ ਵਾਲਾ,ਸੋਟੀ ਦੇ ਸਿਰੇ 'ਤੇ ਬੰਨ੍ਹਿਆ ਤੇਲ ਵਿੱਚ ਭਿੱਜਾ ਲਟ ਲਟ ਬਲ ਰਿਹਾ ਕਪੜਾ ਜੋ ਹਨ੍ਹੇਰਿਆਂ ਵਿੱਚ ਚਾਨਣ ਕਰਦਾ ਹੈ।

**ਮਾਹਲ:**ਚਰਖੇ ਉਪਰਲਾ ਸੂਤ ਦਾ ਮੋਟਾ ਧਾਗਾ,ਜਿਹੜਾ ਚਰਖੇ ਦੇ ਨਾਲ ਘੁੰਮਦਾ ਹੈ ਤੇ ਜੇ ਇਹ ਟੁੱਟ ਜਾਵੇ ਤਾਂ ਸੂਤ ਨਹੀਂ ਕੱਤਿਆ ਜਾ ਸਕਦਾ।

**ਮਖਾਣੇ:**ਇਹ ਖੰਡ ਵਿੱਚ ਪਕਾਏ ਚਿੱਟੇ ਦਾਣਿਆਂ ਦੇ ਨਿੱਕੇ ਨਿੱਕੇ ਸਮੂਹ ਵਰਗੇ ਹੁੰਦੇ ਹਨ,ਵਿਆਹ ਦੇ ਸ਼ਗਨਾਂ ਵਿੱਚ ਵਰਤੇ ਜਾਂਦੇ ਹਨ,ਮੰਦਿਰਾਂ ਗੁਰਦੁਆਰਿਆਂ ਵਿੱਚ ਪ੍ਰਸ਼ਾਦਿ ਦੇ ਤੌਰ 'ਤੇ ਵੀ ਮਿਲਦੇ ਹਨ।

**ਮੰਗੇਤਰ:**ਜਿਸ ਨਾਲ ਮੰਗਣਾ/ਕੁੜਮਾਈ ਹੋ ਚੁੱਕੀ ਹੋਵੇ

**ਮੁਟਿਆਰ:**ਜਵਾਨ ਕੁੜੀ,ਜੋਬਨਮੱਤੀ ਲੜਕੀ

**ਮੋਤੀਆਬਿੰਦ:**ਅੱਖਾਂ ਵਿਚਲੇ ਸ਼ੀਸ਼ੇ(ਲੈਨਜ਼) ਦਾ ਬੁਢਾਪੇ ਜਾਂ ਕਿਸੇ ਬੀਮਾਰੀ ਨਾਲ ਸਖਤ ਤੇ ਧੁੰਧਲਾ ਹੋ ਕੇ ਨਜ਼ਰ ਕਮਜ਼ੋਰ ਜਾਂ ਖਤਮ ਹੋ ਜਾਣੀ(Cataract)

**ਮਮਟੀ:**ਗੁਮਟੀ,ਮਕਾਨ ਦੇ ਸਿਖਰ ਉੱਤੇ ਬਣਾਈ ਗਈ ਬੁਰਜੀ,

**ਮੁਰੈਲ੍ਹਣ:**ਜਿਹੜੀ ਅੱਗੇ ਹੋ ਕੇ ਹਰ ਕਾਰਜ ਵਿੱਚ ਹਿੱਸਾ ਲੈਂਦੀ ਹੋਵੇ

**ਮਰੂਆ:**ਤੁਲਸੀ ਦੀ ਜਾਤੀ ਦਾ ਪੌਦਾ,ਜਿਹੜਾ ਖ਼ੁਸ਼ਬੋਦਾਰ ਹੁੰਦਾ ਹੈ ਅਤੇ ਜਿਸ ਤੋਂ ਬਣੀਆਂ ਦਵਾਈਆਂ ਬਹੁਤ ਸਾਰੇ ਰੋਗ ਦੂਰ ਕਰਦੀਆਂ ਹਨ।

**ਮੇਲ਼:**ਵਿਆਹ ਵਿੱਚ ਆਏ ਮਹਿਮਾਨਾਂ ਦਾ ਇਕੱਠ

**ਮੇਲੀ:**ਵਿਆਹ ਵਿੱਚ ਆਇਆ ਮਰਦ

**ਮੇਲਣ:**ਵਿਆਹ ਵਿੱਚ ਆਈ ਔਰਤ



**ਮੁਲਾਹਜ਼ੇਦਾਰ:**ਜਿਸ ਨਾਲ ਮੋਹ-ਮੁਹੱਬਤ ਹੋਵੇ,ਦੋਸਤੀ ਹੋਵੇ

**ਮੌਲਸਰੀ:**ਇਕ ਬੂਟਾ/ਵੇਲ ਜਿਸ ਨੂੰ ਬਹੁਤ ਸੁਗੰਧ ਦੇਣ ਵਾਲੇ ਫੁੱਲ ਲੱਗਦੇ ਹਨ,ਇਹਨਾਂ ਫੁੱਲਾਂ ਤੋਂ ਖ਼ੁਸ਼ਬੂਦਾਰ ਤੇਲ ਤੇ ਇਤਰ ਵੀ ਬਣਦਾ ਹੈ

**ਮੌਣ:**ਖੂਹ ਦੇ ਦਵਾਲੇ ਇੱਟਾਂ ਦੀ ਬਣੀ ਛੋਟੀ ਜਿਹੀ ਕੁਝ ਚੌੜੀ ਗੋਲ-ਕੰਧ

**ਰ**

**ਰਕਾਨ:**ਸੁਘੜ,ਬਾਂਕੀ,ਸ਼ੁਕੀਨਣ,ਸਿਆਣੀ,ਛੈਲ-ਛਬੀਲੀ

**ਰਜ਼ਾਈਆਂ ਨਗੰਦਣਾ:**ਰਜ਼ਾਈਆਂ ਵਿੱਚ ਭਰੀ ਰੂੰ ਨੂੰ ਵੱਡੇ ਵੱਡੇ ਟਾਂਕੇ ਲਗਾਉਣੇ

**ਰੋਪਨਾ:**ਮੰਗਣਾ,ਕੁੜਮਾਈ

**ਰੋਲੀ:**ਲਾਲ ਰੰਗ ਦਾ ਧੂੜਾ(ਪਾਊਡਰ)

**ਲ**

**ਲਿਉੜ:**ਕੱਚੀ ਕੰਧ ਤੋਂ ਲਹਿੰਦੀਆਂ ਚਿੱਪਰਾਂ

**ਲਿਹਾਜ਼ੀ:**ਜਿਹਨਾਂ ਨਾਲ ਮੋਹ-ਪਿਆਰ ਦਾ ਰਿਸ਼ਤਾ ਹੋਵੇ,ਦੋਸਤ,ਮਿੱਤਰ

**ਲਾਸ:**ਚਾਬਕ ਜਾਂ ਸੋਟੀ ਆਦਿ ਨਾਲ ਕੁੱਟਣ 'ਤੇ ਚਮੜੀ ਉੱਤੇ ਪਿਆ ਨਿਸ਼ਾਨ

**ਲਾਗੀ:**ਵਿਆਹ-ਸ਼ਾਦੀ ਤੇ ਹੋਰ ਖੁਸ਼ੀ ਦੇ ਉਤਸਵਾਂ ਵਿੱਚ ਕੰਮ ਕਰਨ ਵਾਲੇ ਕੰਮੀ, ਨਾਈ,ਝਿਉਰ,ਮਹਿਰੇ,ਮਰਾਸੀ ਆਦਿ

**ਲਾਗਣ:**ਲਾਗੀ ਦੀ ਘਰਵਾਲੀ ਜਾਂ ਵਿਆਹ-ਸ਼ਾਦੀ ਤੇ ਹੋਰ ਖੁਸ਼ੀ ਦੇ ਉਤਸਵਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ, ਨੈਣ, ਮਰਾਸਣ, ਝਿਊਰੀ, ਮਹਿਰੀ ਆਦਿ

**ਲਾਗ:**ਲਾਗੀ/ਲਾਗਣ ਦਾ ਹੱਕ, ਲਾਗੀ ਨੂੰ ਉਹਦੀ ਮਿਹਨਤ ਦੇ ਇਵਜ਼ ਵੱਲੋਂ ਦਿੱਤੀ ਗਈ ਰਕਮ,ਸੂਟ ਆਦਿ

**ਲੋਗੜ:**ਪੁਰਾਣੀ ਰੂੰ ਜਿਹੜੀ ਰਜ਼ਾਈ,ਗਦੈਲੇ,ਜਾਂ ਸਿਰਹਾਣੇ ਵਿਚੋਂ ਨਿੱਕਲਦੀ ਹੈ

**ਲੌਂਗ:**ਨੱਕ ਵਿੱਚ ਪਾਉਣ ਵਾਲਾ ਕੋਕੇ ਵਰਗਾ ਨਿੱਕਾ ਜਿਹਾ ਗਹਿਣਾ,ਜੋ ਲੌਂਗ ਦੀ ਸ਼ਕਲ ਦਾ ਹੁੰਦਾ ਹੈ,ਪਹਿਲਾਂ ਇਸ ਵਿੱਚ ਆਮ ਨਗ ਹੁੰਦੇ ਸਨ,ਪਰ ਅੱਜਕੱਲ੍ਹ ਇਸ ਵਿੱਚ ਹੀਰੇ ਵੀ ਜੜੇ ਜਾਂਦੇ ਹਨ।

**ਲਿੱਪਣਾ:**ਲੇਪ ਲਗਾਉਣਾ,ਪੋਚਾ ਫੇਰਨਾ

**ਲਲਾਰੀ:**ਕੱਪੜੇ ਰੰਗਣ ਵਾਲਾ

**ਲੀੜੇ-ਲੱਤੇ:**ਕੱਪੜੇ,ਬਸਤਰ,ਪੁਸ਼ਾਕ

## ਵ

**ਵਿਆਂਹਦੜ:** ਜਿਸ ਮੁੰਡੇ ਜਾਂ ਕੁੜੀ ਦਾ ਵਿਆਹ ਹੋਵੇ

**ਵਿਆਹੁਲੀ:**ਵਿਆਹ ਵਾਲੀ ਕੁੜੀ,ਲਾੜੀ

**ਵਿਆਹੁਲਾ:**ਵਿਆਹ ਵਾਲਾ ਮੁੰਡਾ,ਲਾੜਾ,ਬੰਨਾ,ਦੂਲਾ

**ਵਿਖਾਲਾ:**ਚੀਜ਼ਾਂ ਵਸਤਾਂ ਦਿਖਾਉਣੀਆਂ,ਨੁਮਾਇਸ਼

**ਵਾਗਾਂ ਫੜਨਾ/ਵਾਗਾਂ ਬੰਨ੍ਹਣਾ:**ਹਿੰਦੂ ਵਿਆਹਾਂ ਵਿੱਚ ਜਦੋਂ ਲਾੜਾ ਘੋੜੀ ਚੜ੍ਹ ਕੇ ਜਾਣ ਲੱਗਦਾ ਹੈ ਤਾਂ ਭੈਣਾਂ ਘੋੜੀ ਦੀਆਂ ਵਾਗਾਂ ਫੜ ਲੈਂਦੀਆਂ ਹਨ ਤੇ ਸ਼ਗਨ ਵਜੋਂ ਰੁਪਏ ਲੈ ਕੇ ਹੀ ਛੱਡਦੀਆਂ ਹਨ। ਸਿੱਖ ਵਿਆਹਾਂ ਵਿੱਚ ਇਸ ਰਸਮ ਨੇ ਨਵਾਂ ਰੂਪ ਲੈ ਲਿਆ ਹੈ। ਬਜ਼ਾਰ ਵਿਚੋਂ ਵਾਗਾਂ ਖਰੀਦ ਕੇ ਭੈਣਾਂ ਡੋਲੀ ਵਾਲੀ ਕਾਰ ਦੇ ਅੱਗੇ/ਪਿੱਛੇ ਬੰਨ੍ਹ ਦਿੰਦੀਆਂ ਹਨ।

ਇਹ ਵਾਗਾਂ ਛੋਟੀਆਂ-ਛੋਟੀਆਂ ਰੇਸ਼ਮੀ ਡੋਰਾਂ ਹੁੰਦੀਆਂ ਹਨ,ਜਿਹਨਾਂ ਨੂੰ ਗੋਟੇ-ਕਿਨਾਰੀ,ਮੋਤੀਆਂ ਨਾਲ ਸਜਾਇਆ ਹੁੰਦਾ ਹੈ।

**ਵਗੋਚਾ:**ਥੁੜ,ਕਮੀ

**ਵੰਝਲੀ:**ਪੰਜਾਬੀਆਂ ਦਾ ਪਿਆਰਾ ਇਹ ਸਾਜ਼ ਜਿਹੜਾ ਵਾਂਸ/ਬਾਂਸ ਦੀ ਪੋਰੀ ਤੋਂ ਬਣਦਾ ਹੈ,ਇਸ ਨੂੰ ਰਾਂਝਾ ਵਜਾਉਂਦਾ ਸੀ ਤੇ ਚਮਤਕਾਰੀ ਸੁਰਾਂ ਕੱਢ ਕੇ ਹੀਰ ਨੂੰ ਮੋਹਿਤ ਕਰਦਾ ਸੀ,ਇਥੋਂ ਤੱਕ ਕਿ ਪਸ਼ੂ ਵੀ ਮਸਤ ਹੋ ਜਾਇਆ ਕਰਦੇ ਸਨ ਤੇ ਉਹਨੂੰ ਘੇਰਾ ਪਾ ਕੇ ਬੈਠ ਜਾਇਆ ਕਰਦੇ ਸਨ।

**ਵਟਣਾ:**ਇਹ ਜੌਂ ਦੇ ਆਟੇ,ਸਰ੍ਹੋਂ ਦੇ ਤੇਲ ਤੇ ਹਲਦੀ ਦਾ ਮਿਸ਼ਰਣ ਹੁੰਦਾ ਹੈ, ਪਹਿਲਾਂ ਇਸ ਵਿੱਚ ਚੰਦਨ,ਤਿਲ,ਚੁਰੌਂਜੀ ਆਦਿ ਵੀ ਪਾਏ ਜਾਂਦੇ ਸਨ,ਪਰ ਅੱਜ ਕੱਲ੍ਹ ਇਸਦੇ ਬਣੇ ਬਣਾਏ ਪੈਕਟ ਮਿਲਣ ਲੱਗ ਪਏ ਹਨ। ਇਸ ਨੂੰ ਮਲ ਕੇ ਜਿਸਮ ਕੂਲਾ,ਲਿਸ਼ਕਵਾਂ ਤੇ ਸੁਗੰਧਿਤ ਹੋ ਜਾਂਦਾ ਹੈ।

**ਵਣਜਾਰਾ:**ਗਲੀ ਗਲੀ ਵਿੱਚ ਵੰਗਾਂ,ਕੰਘੀਆਂ,ਸ਼ੀਸ਼ੇ,ਸੁਰਮਾ ਤੇ ਹੋਰ ਸ਼ਿੰਗਾਰ ਦੀਆਂ ਚੀਜ਼ਾਂ ਵੇਚਣ ਵਾਲਾ

**ਵਰ੍ਹੇਗੰਢ:**ਜਨਮ-ਦਿਵਸ ਜਾਂ ਵਿਆਹ-ਦਿਵਸ 'ਤੇ ਹਰ ਸਾਲ ਮਨਾਇਆ ਜਾਣ ਵਾਲਾ ਜਸ਼ਨ, ਪੁਰਾਣੇ ਜ਼ਮਾਨੇ ਵਿੱਚ ਘਰ ਦੇ ਹਰ ਜੀਅ ਲਈ ਕਿਸੇ ਕਿੱਲੇ ਨਾਲ ਰੱਸੀ ਲਟਕਾ ਦਿੱਤੀ ਜਾਂਦੀ ਸੀ,ਜਦੋਂ ਉਹਦਾ ਜਨਮ-ਦਿਨ ਆਉਂਦਾ ਤਾਂ ਗੰਢ ਮਾਰ ਦਿੱਤੀ ਜਾਂਦੀ। ਇਹਨਾਂ ਗੰਢਾਂ ਦੀ ਗਿਣਤੀ ਤੋਂ ਹੀ ਉਸ ਦੀ ਉਮਰ ਦਾ ਪਤਾ ਲੱਗਦਾ ਸੀ। ਕੁੜੀ ਦੇ ਸਹੁਰੇ ਜਾਣ ਵੇਲੇ ਇਹ ਗੰਢਾਂ ਵਾਲੀ ਰੱਸੀ ਦਾਜ ਵਿੱਚ ਜਾਇਆ ਕਰਦੀ ਸੀ। ਹੁਣ ਗੰਢਾਂ ਦੇਣ ਦੀ ਤਾਂ ਲੋੜ ਨਹੀਂ ਰਹੀ,ਪਰ ਇਸ ਸ਼ਬਦ ਦੀ ਵਰਤੋਂ ਪੱਕੀ ਹੋ ਗਈ ਹੈ।



**ਵਰ੍ਹੀਣਾ:**ਇਹ ਕਾਰਜ ਕਿਸੇ ਵਿਅਕਤੀ ਦੀ ਮੌਤ ਦੇ ਸਾਲ ਬਾਅਦ ਕੀਤਾ ਜਾਂਦਾ ਹੈ। ਸਿੱਖਾਂ ਵਿੱਚ ਪਾਠ ਦਾ ਭੋਗ,ਕੀਰਤਨ,ਅਰਦਾਸ ਤੋਂ ਬਾਅਦ ਲੰਗਰ ਛਕਾਇਆ ਜਾਂਦਾ ਹੈ।

ਹਿੰਦੂਆਂ ਵਿੱਚ ਬ੍ਰਾਹਮਣਾਂ ਨੂੰ ਦਾਨ ਦਿੱਤਾ ਜਾਂਦਾ ਹੈ ਤੇ ਕਥਾ/ਜਾਪ ਆਦਿ ਕਰਾਇਆ ਜਾਂਦਾ ਹੈ। ਇਹ ਵਿਛੜੇ ਪ੍ਰਾਣੀ ਦੀ ਸ਼ਾਂਤੀ ਲਈ ਕੀਤਾ ਜਾਂਦਾ ਹੈ। ਪਰ ਅੱਜਕੱਲ੍ਹ ਦੇ ਕਾਹਲੇ ਸਮਿਆਂ ਵਿੱਚ ਸਾਲ ਦੇ ਅੰਦਰ ਅੰਦਰ ਹੀ ਤੇ ਕਈ ਵਾਰ ਮਹੀਨੇ ਬਾਅਦ ਹੀ ਇਹ ਰਸਮ ਕਰ ਲੈਂਦੇ ਹਨ ਤੇ ਉਸ ਤੋਂ ਬਾਅਦ ਪਰਿਵਾਰ ਵਿੱਚ ਖ਼ੁਸ਼ੀ ਦੇ ਉਤਸਵ ਮਨਾਉਣੇ ਸ਼ੁਰੂ ਹੋ ਜਾਂਦੇ ਹਨ।

**ਵਲਗਣ:**ਕਿਸੇ ਜਗਾਹ ਦੇ ਆਲੇ-ਦਵਾਲੇ ਬਣਾਈ ਹੋਈ ਕੰਧ,ਵਾੜ, ਕੰਡਿਆਲੀ ਤਾਰ ਆਦਿ

**ਵਲਟੋਹੀ:**ਪਿੱਤਲ ਦਾ ਗਾਗਰ ਦੀ ਸ਼ਕਲ ਦਾ ਭਾਂਡਾ

**ਵਾਵਰੋਲਾ:**ਇਕ ਖਾਸ ਕਿਸਮ ਦਾ ਤੇਜ਼ ਹਨ੍ਹੇਰੀ-ਝੱਖੜ ਹੁੰਦਾ ਹੈ,ਜਿਹੜਾ ਚੱਕਰ ਵਿੱਚ ਚੱਲਦਾ ਹੈ,ਜੋ ਇਸ ਵਿਚ ਘਿਰ ਜਾਵੇ ਉਹਨੂੰ ਬਹੁਤ ਸਰੀਰਕ ਤੇ ਮਾਨਸਿਕ ਤਕਲੀਫ ਹੁੰਦੀ ਹੈ।

**ਵਾੜ:**ਕਿਸੇ ਸਥਾਨ ਦੇ ਦਵਾਲੇ ਕੀਤੀ ਗਈ ਬੂਟਿਆਂ,ਕੰਡਿਆਂ ਦੀ ਵਲਗਣ

## ਸਹਾਇਕ ਪੁਸਤਕਾਂ:

ਮਹਾਨ ਕੋਸ਼-ਭਾਈ ਕਾਹਨ ਸਿੰਘ ਨਾਭਾ

ਪੰਜਾਬੀ ਲੋਕਧਾਰਾ ਵਿਸ਼ਵਕੋਸ਼-ਵਣਜਾਰਾ ਬੇਦੀ

ਪੰਜਾਬੀ ਵਿਸ਼ਵਕੋਸ਼-ਭਾਸ਼ਾ ਵਿਭਾਗ,ਪੰਜਾਬ

ਨਮੂਨੇ ਫੁਲਕਾਰੀਆਂ ਦੇ-ਐਸ.ਐਸ.ਹਿਤਕਾਰੀ